ਰੋਜ਼ਾਨਾ

# ਨਵਾਂ ਜ਼ਮਾਨਾ

ਮੰਗਲਵਾਰ, 11 ਨਵੰਬਰ, 2025

26 ਕੱਤਕ { ਨਾਨਕਸ਼ਾਹੀ 557, ਬਿਕਰਮੀ 2082 }

ਜਿਲਦ/VOL. : 74

ਅੰਕ/NO. : 161

DAILY NAWAN ZAMANA • TUESDAY, 11 NOVEMBER, 2025 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12


## ਲਾਲ ਕਿਲ੍ਹੇ ਨੇੜੇ ਕਾਰ 'ਚ ਧਮਾਕਾ, 11 ਮੌਤਾਂ, ਕਈ ਜ਼ਖਮੀ



**ਨਵੀਂ ਦਿੱਲੀ :** ਦਿੱਲੀ ਦੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਹੋਏ ਵੱਡੇ ਧਮਾਕੇ 'ਚ ਹੁਣ ਤੱਕ 11 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ, ਜਦੋਂ ਕਿ ਕਈ ਜ਼ਖਮੀਆਂ ਨੂੰ ਐੱਲ ਐੱਨ ਜੇ ਪੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।ਧਮਾਕਾ ਲਾਲ ਕਿਲ੍ਹੇ ਦੇ ਗੇਟ ਨੰਬਰ 1 ਨੇੜੇ ਹੋਇਆ।ਇਹ ਖੇਤਰ ਚਾਂਦਨੀ ਚੌਕ ਲਈ ਪੈਦਲ ਜਾਣ ਵਾਲੇ ਯਾਤਰੀਆਂ ਦੇ ਰਾਹ 'ਤੇ ਸਥਿਤ ਹੈ।ਮੁੱਢਲੀ ਜਾਂਚ ਦੇ ਅਨੁਸਾਰ ਧਮਾਕਾ ਇੱਕ ਈਕੋ ਵੈਨ 'ਚ ਹੋਇਆ, ਜਿਸ ਨਾਲ ਨੇੜਲੇ ਤਿੰਨ ਵਾਹਨਾਂ ਨੂੰ ਅੱਗ ਲੱਗ ਗਈ ਅਤੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ।ਇਸ ਤੋਂ ਬਾਅਦ ਦਿੱਲੀ ਵਿੱਚ ਹਾਈ ਅਲਰਟ ਕਰਦਿਆਂ ਸਾਇਰਨ ਵਜਾਇਆ ਗਿਆ ਤੇ ਪੁਲਸ ਤੇ ਕੇਂਦਰੀ ਜਾਂਚ ਏਜੰਸੀਆਂ ਘਟਨਾ ਸਥਾਨ 'ਤੇ ਪੁੱਜ ਗਈਆਂ ਹਨ।ਅਧਿਕਾਰੀਆਂ ਨੇ ਦੱਸਿਆ ਕਿ ਇਸ ਧਮਾਕੇ ਕਾਰਨ ਕਈ ਜ਼ਖਮੀ ਹੋ ਗਏ ਹਨ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਧਮਾਕੇ ਵਿਚ ਅੱਠ ਵਿਅਕਤੀਆਂ ਦੇ ਮਰਨ ਦੀ ਜਾਣਕਾਰੀ ਹੈ।ਦਿੱਲੀ ਦੇ ਲਾਲ ਕਿਲ੍ਹੇ ਨੇੜੇ ਕਾਰ ਵਿਚ ਧਮਾਕੇ ਤੋਂ ਬਾਅਦ ਪੁਲਸ ਨੇ ਕੌਮੀ ਰਾਜਧਾਨੀ ਤੇ ਮੁੰਬਈ ਵਿੱਚ ਵੀ ਸੁਰੱਖਿਆ ਵਧਾ ਦਿੱਤੀ ਹੈ।ਪੁਲਸ ਨੇ ਦਿੱਲੀ ਨੂੰ ਹਰਿਆਣਾ ਅਤੇ ਉਤਰ ਪ੍ਰਦੇਸ਼ ਨਾਲ ਜੋੜਨ ਵਾਲੇ ਸਾਰੇ ਸਰਹੱਦੀ ਸਥਾਨਾਂ 'ਤੇ ਨਿਗਰਾਨੀ ਵਧਾ ਦਿੱਤੀ ਹੈ।ਰੇਲਵੇ ਸਟੇਸ਼ਨਾਂ ਅਤੇ ਮੈਟਰੋ ਅਹਾਤਿਆਂ ਵਰਗੇ ਸੰਵੇਦਨਸ਼ੀਲ ਖੇਤਰਾਂ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ।ਅਧਿਕਾਰੀ ਨੇ ਕਿਹਾ ਕਿ ਸਪੈਸ਼ਲ ਸੈੱਲ ਅਤੇ ਕ੍ਰਾਈਮ ਬ੍ਰਾਂਚ ਸਮੇਤ ਸਾਰੀਆਂ ਜ਼ਿਲ੍ਹਾ ਇਕਾਈਆਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ।

# ਖਿੜਿਆ ਫੁੱਲ ਗੁਲਾਬ ਦਾ, ਪੀ ਯੂ 'ਤੇ ਹੱਕ ਪੰਜਾਬ ਦਾ

## ਸੈਨੇਟ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਕਰਾਉਣ ਲਈ ਪੰਜਾਬ ਭਰ ਤੋਂ ਲੋਕ ਚੰਡੀਗੜ੍ਹ ਉਮੜੇ

**ਚੰਡੀਗੜ੍ਹ :** ਪੰਜਾਬ ਯੂਨੀਵਰਸਿਟੀ ਵਿੱਚ ਸੋਮਵਾਰ ਮਾਹੌਲ ਤਣਾਅਪੂਰਨ ਹੋ ਗਿਆ, ਜਦੋਂ ਸੈਨੇਟ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਦਿੱਤੇ ਗਏ 'ਪੀ ਯੂ ਬੰਦ' ਦੇ ਸੱਦੇ ਦੌਰਾਨ ਕੈਂਪਸ ਨੂੰ ਪੁਲਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ। ਹਜੂਮ ਨੂੰ ਕਾਬੂ ਕਰਨ ਲਈ ਵਾਧੂ ਪੁਲਸ ਬਲ ਸੱਦ ਲਏ ਗਏ। ਵਿਦਿਆਰਥੀਆਂ ਦੀ ਹਮਾਇਤ ਵਿੱਚ ਪੰਜਾਬ ਭਰ ਤੋਂ ਲੋਕ ਚੰਡੀਗੜ੍ਹ ਪੁੱਜੇ। ਵੱਡੀ ਗਿਣਤੀ ਕਿਸਾਨ ਪੰਜਾਬ ਯੂਨੀਵਰਸਿਟੀ ਵਿੱਚ ਦਾਖਲ ਹੋ ਗਏ। ਇਸ ਦੌਰਾਨ ਕਿਸਾਨ ਆਗੂਆਂ ਨੇ ਫੈਸਲਾ ਕੀਤਾ ਕਿ 50 ਤੋਂ 70 ਕਿਸਾਨਾਂ ਦਾ ਜਥਾ ਪੰਜਾਬ ਯੂਨੀਵਰਸਿਟੀ ਵਿੱਚ ਧਰਨਾ ਦੇਵੇਗਾ ਤੇ ਇਹ ਧਰਨਾ ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਦਾ ਐਲਾਨ ਹੋਣ ਤੱਕ ਜਾਰੀ ਰਹੇਗਾ ਅਤੇ ਬਾਕੀ ਕਿਸਾਨ ਰਾਤ ਨੂੰ ਵਾਪਸ ਚਲੇ ਜਾਣਗੇ।

ਪੀ ਯੂ ਸੀ ਐੱਸ ਸੀ ਦੇ ਉਪ-ਪ੍ਰਧਾਨ ਅਸ਼ਮੀਤ ਸਿੰਘ ਨੇ ਦੋਸ਼ ਲਗਾਇਆ ਕਿ ਬਹੁਤ ਸਾਰੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿੱਚ ਦਾਖਲ



ਹੋਣ ਤੋਂ ਰੋਕਿਆ ਗਿਆ। ਇੱਕ ਹੋਰ ਵਿਦਿਆਰਥੀ ਆਗੂ ਅਭਿਸ਼ੇਕ ਡਾਗਰ ਨੇ ਕਿਹਾ ਕਿ ਸਰਕਾਰ ਵੱਲੋਂ ਚੋਣ ਪ੍ਰੋਗਰਾਮ ਦਾ ਐਲਾਨ ਕੀਤੇ ਜਾਣ ਤੱਕ ਅੰਦੋਲਨ ਜਾਰੀ ਰਹੇਗਾ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਨਾਲ ਜੁੜੇ ਕਿਸਾਨਾਂ ਨੇ ਚੰਡੀਗੜ੍ਹ ਵਿੱਚ ਦਾਖਲ ਹੋਣੋਂ ਰੋਕਣ ਦੇ ਬਾਅਦ ਮੁਹਾਲੀ ਦੇ ਫੇਜ਼-6 ਦੇ ਨੇੜੇ ਵਿਰੋਧ ਪ੍ਰਦਰਸ਼ਨ ਕੀਤਾ। ਇਹ ਕਿਸਾਨ ਬਾਅਦ ਵਿੱਚ ਯੂਨੀਵਰਸਿਟੀ ਕੈਂਪਸ ਪਹੁੰਚੇ। ਇਸ ਦੌਰਾਨ ਵੱਡੀ ਗਿਣਤੀ ਲੋਕ ਤੇ ਹੋਰ ਜਥੇਬੰਦੀਆਂ ਵਿਦਿਆਰਥੀਆਂ ਨਾਲ ਇਕਜੁੱਟਤਾ ਦਿਖਾਉਣ ਲਈ ਯੂਨੀਵਰਸਿਟੀ ਪੁੱਜੀਆਂ। ਸੰਘਰਸ਼ ਦੀ ਹਮਾਇਤ ਵਿੱਚ ਚੰਡੀਗੜ੍ਹ ਆ ਰਹੇ ਕਿਸਾਨਾਂ ਨੂੰ ਪੁਲਸ ਨੇ ਮੁਹਾਲੀ ਦੇ ਫੇਜ਼ ਛੇ ਦੇ ਨਜ਼ਦੀਕ ਰੋਕ ਲਿਆ ਸੀ। ਇਸ ਦੌਰਾਨ ਪੁਲਸ ਅਤੇ ਕਿਸਾਨਾਂ ਵਿਚਾਲੇ ਭਾਰੀ ਖਿੱਚ-ਧੂਹ ਹੋਈ ਅਤੇ ਕਿਸਾਨ ਬੈਰੀਕੇਡ ਤੋੜ ਕੇ ਚੰਡੀਗੜ੍ਹ ਵਿੱਚ ਦਾਖਲ ਹੋ ਗਏ ਅਤੇ ਪੈਦਲ ਹੀ ਯੂਨੀਵਰਸਿਟੀ ਵੱਲ ਤੁਰ ਪਏ ।

## ਥਾਰ ਤੇ ਬੁਲਟ ਦੇ ਮਾਲਕ ਬਦਮਾਸ਼ੀ ਮਾਨਸਿਕਤਾ ਵਾਲੇ ਕਰਾਰ



**ਚੰਡੀਗੜ੍ਹ :** ਹਰਿਆਣਾ ਦੇ ਡੀ ਜੀ ਪੀ ਓ ਪੀ ਸਿੰਘ ਨੇ ਗੁੜਗਾਓਂ ਵਿੱਚ ਨਸ਼ੇ ਵਿੱਚ ਡਰਾਈਵਿੰਗ ਤੇ ਸੜਕ ਹਾਦਸਿਆਂ ਬਾਰੇ ਗੱਲ ਕਰਦਿਆਂ ਥਾਰ ਅਤੇ ਬੁਲਟ ਮੋਟਰਸਾਈਕਲਾਂ ਦੇ ਮਾਲਕਾਂ ਨੂੰ ਬਦਮਾਸ਼ ਦੱਸ ਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਗੁੜਗਾਓਂ ਦੀ ਚਮਕਦਾਰ ਨਾਈਟ ਲਾਈਫ ਅਤੇ ਕਲੱਬ ਕਲਚਰ ਨੂੰ ਮੰਨਦੇ ਹੋਏ ਸਿੰਘ ਨੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਸ਼ੇ ਵਿੱਚ ਡਰਾਈਵਿੰਗ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਉਪਾਵਾਂ ਦੀ ਲੋੜ 'ਤੇ ਜ਼ੋਰ ਦਿੱਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਘ ਨੇ ਕਿਹਾ, "ਜੇ ਇਹ ਥਾਰ ਹੈ, ਤਾਂ ਅਸੀਂ ਇਸ ਨੂੰ ਕਿਵੇਂ ਜਾਣ ਦੇ ਸਕਦੇ ਹਾਂ? ਜਾਂ ਜੇ ਇਹ ਬੁਲਟ ਹੈ... ਸਾਰੇ ਬਦਮਾਸ਼ ਤੱਤ ਇਨ੍ਹਾਂ ਦੋਹਾਂ ਦੀ ਵਰਤੋਂ ਕਰਦੇ ਹਨ। ਵਾਹਨ ਦੀ ਚੋਣ ਤੁਹਾਡੀ ਮਾਨਸਿਕਤਾ ਨੂੰ ਦਰਸਾਉਂਦੀ ਹੈ।"

ਉਨ੍ਹਾ ਅੱਗੇ ਕਿਹਾ ਕਿ ਕੁਝ ਥਾਰ ਮਾਲਕ • ਬਾਕੀ ਸਫਾ 2 'ਤੇ

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਧੰਨ-ਧੰਨ ਬਾਬਾ ਸ਼ਾਮ ਸਿੰਘ ਜੀ ਪਿੰਡ ਨਾਰਲਾ ਦੇ ਸਾਲਾਨਾ 335ਵੇਂ ਜੋੜ ਮੇਲੇ ਨੂੰ ਸਮਰਪਿਤ **ਭਿੱਖੀਵਿੰਡ** ਵਿਸ਼ੇਸ਼ ਸਪਲੀਮੈਂਟ 25 ਨਵੰਬਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਲਖਵਿੰਦਰ ਸਿੰਘ ਗੋਲਣ** ਨਾਲ ਮੋਬਾਇਲ ਨੰਬਰ 70094-77561 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

## ਪਿਆਰ ਨੂੰ ਵੀ ਲਾਈਫ ਸਪੋਰਟ ਦੀ ਲੋੜ!

**ਨਵੀਂ ਦਿੱਲੀ :** ਕੌਮੀ ਰਾਜਧਾਨੀ ਦੇ ਲੋਕ ਸ਼ਹਿਰ ਦੇ ਜ਼ਹਿਰੀਲੇ ਪ੍ਰਦੂਸ਼ਣ ਦੇ ਪੱਧਰ ਵਿਰੁੱਧ ਆਪਣਾ ਗੁੱਸਾ ਕੱਢਣ ਲਈ ਵਿਅੰਗ ਦੀ ਵਰਤੋਂ ਕਰ ਰਹੇ ਹਨ। ਦਿੱਲੀ ਦੇ ਦਮ ਘੋਟਣ ਵਾਲੇ ਧੂੰਏਂ ਦੇ ਵਿਚਕਾਰ 'ਆਕਸੀਜਨ ਮਾਸਕ ਵਾਲੇ ਵਿਆਹ' ਦੀ ਇੱਕ ਵੀਡੀਓ ਵਾਇਰਲ ਹੋ ਗਈ ਹੈ। ਕਲਿੱਪ ਵਿੱਚ ਇੱਕ ਲਾੜਾ ਅਤੇ ਲਾੜੀ ਆਕਸੀਜਨ ਮਾਸਕ ਪਹਿਨ ਕੇ ਰੋਮਾਂਸ ਕਰਦੇ ਹੋਏ ਦਿਖਾਈ ਦਿੰਦੇ ਹਨ, ਜੋ ਮਹਾਨਗਰ ਵਿੱਚ ਪਿਆਰ ਅਤੇ ਜੀਵਨ ਦਾ ਅਜੀਬ ਦ੍ਰਿਸ਼ ਪੇਸ਼ ਕਰਦੀ ਹੈ। ਵਿਆਹ ਵਿੱਚ ਹੋਣ ਵਾਲੇ ਆਮ ਸੀਨ ਦੇ ਉਲਟ, ਇਹ ਰੀਲ ਇੱਕ ਮਜ਼ੇਦਾਰ ਮੋੜ ਲੈਂਦੀ ਹੈ ਜਦੋਂ ਲਾੜਾ ਲਾੜੀ 'ਤੇ ਫੁੱਲ ਨਹੀਂ ਬਲਕਿ ਉਹ ਉਸ ਵੱਲ ਦਵਾਈਆਂ ਦੀਆਂ ਪੱਟੀਆਂ ਸੁੱਟ ਰਿਹਾ ਹੈ।

ਕਿਸੇ ਸ਼ਾਹੀ ਮਹਿਲ ਜਾਂ ਬਾਗ਼ ਦੀ ਬਜਾਏ, ਉਨ੍ਹਾਂ ਦੀਆਂ ਵਿਆਹ ਦੀਆਂ ਤਸਵੀਰਾਂ ਇੱਕ ਹਸਪਤਾਲ ਦੇ ਕਮਰੇ ਵਿੱਚ ਲਈਆਂ ਗਈਆਂ ਹਨ—ਜਿਸ ਵਿੱਚ ਪਿਛੋਕੜ ਵਿੱਚ ਆਕਸੀਜਨ ਸਿਲੰਡਰ ਹਨ ਅਤੇ ਲਾੜੀ ਸਾਹ ਲੈਣ ਲਈ ਤਰਸ ਰਹੇ ਲਾੜੇ ਨੂੰ ਸੀ ਪੀ ਆਰ ਦੇ ਰਹੀ ਹੈ। ਵੀਡੀਓ ਦਾ ਅੰਤ ਜੋੜੇ ਦੇ ਇਕੱਠੇ ਪੋਜ਼ ਦੇਣ ਨਾਲ ਹੁੰਦਾ ਹੈ... ਹੱਥ ਮਿਲੇ ਹੋਏ, ਮਾਸਕ ਪਹਿਨੇ ਹੋਏ... ਇਹ ਸਾਬਤ ਕਰਦਾ ਹੈ ਕਿ ਦਿੱਲੀ ਵਿੱਚ, ਪਿਆਰ ਨੂੰ ਵੀ ਲਾਈਫ ਸਪੋਰਟ ਦੀ ਲੋੜ ਹੈ।

ਇਸ ਤਰ੍ਹਾਂ ਦੀ ਇੱਕ ਹੋਰ ਵਾਇਰਲ ਪੋਸਟ ਵਿੱਚ ਐਕਸ 'ਤੇ ਇੱਕ ਸੁਪਰਮੈਨ ਨੂੰ ਹਸਪਤਾਲ ਦੇ ਬਿਸਤਰੇ 'ਤੇ ਆਕਸੀਜਨ ਮਾਸਕ ਪਾਏ ਬੈਠਾ ਦਿਖਾਇਆ ਗਿਆ ਹੈ, ਜਿਸ ਦਾ ਕੈਪਸ਼ਨ ਹੈ : ਦਿੱਲੀ ਦੀ ਹਵਾ ਵਿੱਚ 10 ਮਿੰਟ ਉੱਡਣ ਤੋਂ ਬਾਅਦ ਸੁਪਰਮੈਨ। ਬਾਲੀਵੁੱਡ ਫਿਲਮ 'ਦਿੱਲੀ-6' ਦਾ ਗੀਤ 'ਯੇਹ ਦਿੱਲੀ ਹੈ ਮੇਰੇ ਯਾਰ' ਬੈਕਗ੍ਰਾਊਂਡ ਵਿੱਚ ਚੱਲਦੇ ਹੋਏ ਇੱਕ ਇੰਸਟਾਗ੍ਰਾਮ ਰੀਲ ਦੀ ਕੈਪਸ਼ਨ ਹੈ : ਦਿੱਲੀ ਮੇਂ ਇਤਨਾ ਪੌਲਿਊਸ਼ਨ ਹੈ ਕਿ ਲੋਗ ਪੂਛ ਰਹੇ ਹੈਂ ਤੂ ਜਾਨਤਾ ਹੈ ਮੇਰਾ ਬਾਪ ਕਹਾਂ ਹੈ? ਇਹ ਕੈਪਸ਼ਨ ਦਿੱਲੀ ਵਿੱਚ ਅਕਸਰ ਦਿੱਤੀ ਜਾਣ ਵਾਲੀ ਧਮਕੀ, ਤੂ ਜਾਨਤਾ ਨਹੀਂ ਮੇਰਾ ਬਾਪ ਕੌਨ ਹੈ? ਨੂੰ ਇੱਕ ਮਜ਼ੇਦਾਰ ਮੋੜ ਦਿੰਦਾ ਹੈ। ਦਿੱਲੀ ਦਾ ਨਾਂਅ ਬਦਲ ਕੇ ਇੰਦਰਪ੍ਰਸਥ ਕਰਨ ਦੀਆਂ ਮੰਗਾਂ ਦੇ ਵਿਚਕਾਰ, ਇੱਕ ਸੋਸ਼ਲ ਮੀਡੀਆ ਉਪਭੋਗਤਾ ਨੇ ਟਿੱਪਣੀ ਕੀਤੀ, ਦਿੱਲੀ ਦਾ ਨਾਂਅ ਬਦਲ ਕੇ ਇੰਦਰਪ੍ਰਸਥ ਕੀਤਾ ਜਾ ਰਿਹਾ ਹੈ, ਹੁਣ ਪ੍ਰਦੂਸ਼ਣ ਅਤੇ ਅਪਰਾਧ ਵੀ 14ਵੀਂ ਸਦੀ ਵਿੱਚ ਵਾਪਸ ਚਲੇ ਜਾਣਗੇ। ਨੈਟੀਜ਼ਨਾਂ ਨੇ ਰਾਜਨੀਤੀ ਅਤੇ ਪ੍ਰਦੂਸ਼ਣ ਦਾ ਇਕੱਠੇ ਮਜ਼ਾਕ ਵੀ ਉਡਾਇਆ ਹੈ, ਇੱਕ ਪੋਸਟਰ ਇੰਸਟਾਗ੍ਰਾਮ 'ਤੇ ਘੁੰਮ ਰਿਹਾ ਸੀ, ਜਿਸ 'ਤੇ ਲਿਖਿਆ ਸੀ : ਅਬ ਕੀ ਬਾਰ ਏ ਕਿਊ ਆਈ 1000 ਪਾਰ।

## ਵਿਸਫੋਟਕ ਸਮੱਗਰੀ ਨਾਲ 3 ਡਾਕਟਰਾਂ ਸਣੇ 8 ਗ੍ਰਿਫਤਾਰ

**ਫਰੀਦਾਬਾਦ :** ਜੰਮੂ-ਕਸ਼ਮੀਰ ਪੁਲਸ ਨੇ ਜੈਸ਼-ਏ-ਮੁਹੰਮਦ ਅਤੇ ਅਨਸਾਰ ਗਜ਼ਵਤ-ਉਲ-ਹਿੰਦ ਜਥੇਬੰਦੀਆਂ ਦੇ ਇੱਕ ਅੰਤਰਰਾਜੀ ਤੇ ਅੰਤਰ-ਰਾਸ਼ਟਰੀ ਅੱਤਵਾਦੀ ਮਡਿਊਲ ਦਾ ਪਰਦਾ ਫਾਸ਼ ਕਰਦੇ ਹੋਏ ਮਹਿਲਾ ਡਾਕਟਰ ਸਣੇ 3 ਡਾਕਟਰਾਂ ਤੇ ਪੰਜ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਫਰੀਦਾਬਾਦ ਤੇ ਜੰਮੂ-ਕਸ਼ਮੀਰ ਪੁਲਸ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਇਸ ਅਪ੍ਰੇਸ਼ਨ ਦੌਰਾਨ 2900 ਕਿੱਲੋ ਵਿਸਫੋਟਕ (ਆਈ ਈ ਡੀ) ਬਣਾਉਣ ਵਾਲੀ ਸਮੱਗਰੀ ਦੇ ਨਾਲ-ਨਾਲ ਹੋਰ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ ਕੀਤਾ ਗਿਆ। ਇੱਕ ਪੁਲਸ ਬੁਲਾਰੇ ਨੇ ਦੱਸਿਆ ਕਿ 19 ਅਕਤੂਬਰ ਨੂੰ ਸ੍ਰੀਨਗਰ ਸ਼ਹਿਰ ਦੇ ਬੁਨਪੋਰਾ ਨੌਗਾਮ ਖੇਤਰ ਵਿੱਚ ਵੱਖ-ਵੱਖ ਥਾਵਾਂ 'ਤੇ ਜੈਸ਼-ਏ-ਮੁਹੰਮਦ ਦੇ ਕਈ ਪੋਸਟਰ ਲੱਗੇ ਹੋਏ ਮਿਲੇ ਸਨ, ਜਿਨ੍ਹਾਂ ਵਿੱਚ ਪੁਲਸ ਅਤੇ ਸੁਰੱਖਿਆ ਬਲਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ। ਇਸ ਅਨੁਸਾਰ ਥਾਣਾ ਨੌਗਾਮ ਵਿਖੇ ਯੂ ਏ ਪੀ ਏ ਐਕਟ, ਬੀ ਐੱਨ ਐੱਸ, ਵਿਸਫੋਟਕ ਪਦਾਰਥ ਐਕਟ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਅਤੇ ਜਾਂਚ ਸ਼ੁਰੂ ਕੀਤੀ ਗਈ। ਜਾਂਚ ਤੋਂ ਇੱਕ 'ਵ੍ਹਾਈਟ ਕਾਲਰ ਟੈਰਰ ਈਕੋ ਸਿਸਟਮ' ਦਾ ਖੁਲਾਸਾ ਹੋਇਆ ਹੈ, ਜਿਸ ਵਿੱਚ ਵਿਦੇਸ਼ੀ ਹੈਂਡਲਰਾਂ ਦੇ ਸੰਪਰਕ ਵਿੱਚ ਰਹਿਣ ਵਾਲੇ ਕੱਟੜਪੰਥੀ ਪੇਸ਼ੇਵਰ ਅਤੇ ਵਿਦਿਆਰਥੀ ਸ਼ਾਮਲ ਹਨ, ਜੋ ਪਾਕਿਸਤਾਨ ਅਤੇ ਹੋਰ ਦੇਸ਼ਾਂ ਤੋਂ ਕੰਮ ਕਰ ਰਹੇ ਹਨ।

ਪੁਲਸ ਅਨੁਸਾਰ ਇਹ ਸਮੂਹ ਪ੍ਰੇਰਿਤ ਕਰਨ, ਤਾਲਮੇਲ ਬਣਾਉਣ, ਫੰਡਾਂ ਦੀ ਹੇਰਾਫੇਰੀ ਅਤੇ ਲੌਜਿਸਟਿਕਸ • ਬਾਕੀ ਸਫਾ 2 'ਤੇ




## ਚੇਅਰਮੈਨ ਘੱਟ ਗਿਣਤੀ ਕਮਿਸ਼ਨ ਵੱਲੋਂ ਅਹਿਮ ਮੀਟਿੰਗ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਸਰਕਾਰ ਦੇ ਘੱਟ ਗਿਣਤੀ ਕਮਿਸ਼ਨ ਦੇ ਮੌਜੂਦਾ ਚੇਅਰਮੈਨ ਸ੍ਰੀ ਜਤਿੰਦਰ ਮਸੀਹ ਗੌਰਵ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ ਦਾ ਮੁੱਖ ਉਦੇਸ਼ ਜ਼ਿਲ੍ਹੇ ਅੰਦਰ ਘੱਟ ਗਿਣਤੀ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਨੂੰ ਸੁਣਨਾ ਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਨਾ ਸੀ।ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਚੇਅਰਮੈਨ ਸਾਹਿਬ ਅੱਗੇ ਆਪਣੀਆਂ ਦੁੱਖ-ਤਕਲੀਫਾਂ ਦੀ ਗੁਹਾਰ ਲਾਈ।ਲੋਕਾਂ ਨੇ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ, ਸਰਕਾਰੀ ਸਕੀਮਾਂ ਤੱਕ ਪਹੁੰਚ ਅਤੇ ਹੋਰ ਪ੍ਰਸ਼ਾਸਨਿਕ ਮਸਲਿਆਂ ਬਾਰੇ ਚੇਅਰਮੈਨ ਸਾਹਿਬ ਨੂੰ ਜਾਣੂ ਕਰਵਾਇਆ।ਚੇਅਰਮੈਨ ਸ੍ਰੀ ਜਤਿੰਦਰ ਮਸੀਹ ਗੌਰਵ ਵੱਲੋਂ ਮੀਟਿੰਗ ਦੌਰਾਨ ਮੌਕੇ 'ਤੇ ਹੀ ਕਈ ਅਹਿਮ ਮੁਸ਼ਕਲਾਂ ਦਾ ਨਿਪਟਾਰਾ ਕੀਤਾ ਗਿਆ, ਜਿਸ ਨਾਲ ਹਾਜ਼ਰ ਲੋਕਾਂ ਵਿੱਚ ਤਸੱਲੀ ਵੇਖਣ ਨੂੰ ਮਿਲੀ।

## ਜੀ ਬੀ ਇੰਟਰਨੈਸ਼ਨਲ ਸਕੂਲ ਦੀ ਸਫ਼ਾਈ ਰੈਲੀ ਬਣੀ ਪ੍ਰੇਰਨਾ ਦਾ ਸੰਦੇਸ਼



**ਨਾਭਾ (ਵਰਿੰਦਰ ਵਰਮਾ)**-ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਦੇ ਵਿਦਿਆਰਥੀਆਂ ਵੱਲੋਂ ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਦੀ ਅਗਵਾਈ ਹੇਠ ਸਫ਼ਾਈ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਇੱਕ ਸਫ਼ਾਈ ਜਾਗਰੂਕਤਾ ਰੈਲੀ ਕੱਢੀ ਗਈ।ਇਸ ਦੌਰਾਨ ਤੀਜੀ ਤੇ ਚੌਥੀ ਕਲਾਸ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਤੇ ਖੁਸ਼ੀ ਨਾਲ ਹਿੱਸਾ ਲਿਆ।ਰੈਲੀ ਪਟਿਆਲਾ ਗੇਟ ਤੋਂ ਸ਼ੁਰੂ ਹੋਈ, ਜਿਸ ਦੌਰਾਨ ਵਿਦਿਆਰਥੀਆਂ ਨੇ ਲੋਕਾਂ ਨੂੰ ਸਫ਼ਾਈ ਦਾ ਸੰਦੇਸ਼ ਦੇਣ ਲਈ ਇੱਕ ਰੋਚਕ ਨੁੱਕੜ ਨਾਟਕ ਪੇਸ਼ ਕੀਤਾ।ਵਿਦਿਆਰਥੀਆਂ ਨੇ ਆਪਣੇ ਹੱਥਾਂ ਵਿੱਚ ਸਫ਼ਾਈ ਸੰਬੰਧੀ ਨਾਅਰੇ ਤੇ ਆਕਰਸ਼ਕ ਪਲੇਕਾਰਡਸ ਫੜੇ ਹੋਏ ਸਨ, ਜਿਨ੍ਹਾਂ ਰਾਹੀਂ ਉਨ੍ਹਾਂ ਲੋਕਾਂ ਨੂੰ ਸਫਾਈ ਦੇ ਮਹੱਤਵ ਬਾਰੇ ਜਾਗਰੂਕ ਕੀਤਾ।ਸ੍ਰੀ ਸੰਦੀਪ ਬਾਂਸਲ ਅਨੁਸਾਰ ਇਸ ਰੈਲੀ ਰਾਹੀਂ ਬਿਮਾਰੀਆਂ ਦੀ ਰੋਕਥਾਮ, ਮਾਨਸਿਕ ਸਿਹਤ ਵਿੱਚ ਸੁਧਾਰ ਤੇ ਵਾਤਾਵਰਨ ਦੀ ਸੁਰੱਖਿਆ ਬਾਰੇ ਵੀ ਸੰਦੇਸ਼ ਦਿੱਤਾ ਗਿਆ।ਸਕੂਲ ਦੀ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਬੱਚਿਆਂ ਦੇ ਯਤਨਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨ ਬੱਚਿਆਂ ਵਿੱਚ ਜ਼ਿੰਮੇਵਾਰੀ ਤੇ ਸਮਾਜਿਕ ਚੇਤਨਾ ਦੋਹਾਂ ਦਾ ਵਿਕਾਸ ਕਰਦੇ ਹਨ।ਸਕੂਲ ਦੀ ਉਪ-ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਤੇ ਸਫਾਈ ਦੀ ਇਹ ਜੋਤ ਉਨ੍ਹਾਂ ਰਾਹੀਂ ਘਰ-ਘਰ ਤੱਕ ਪਹੁੰਚੇਗੀ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 47 ਲੋੜਵੰਦਾਂ ਨੂੰ ਵਿੱਤੀ ਮਦਦ



**ਸ੍ਰੀ ਮੁਕਤਸਰ ਸਾਹਿਬ (ਸਮਿੰਦਰ ਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 47 ਲੋੜਵੰਦ ਵਿਅਕਤੀਆਂ ਨੂੰ 35250 ਰੁਪੈ ਦੀ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਟੀਮ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਕੰਮ ਕਰਨ ਤੋਂ ਅਸਮਰੱਥ ਲੋਕਾਂ, ਬਜ਼ੁਰਗ ਵਿਧਵਾਵਾਂ, ਬੇਸਹਾਰਾ ਬੱਚਿਆਂ, ਇਕੱਲੇ ਰਹਿ ਰਹੇ ਬਜ਼ੁਰਗਾਂ ਨੂੰ ਦਿੱਤੀ ਗਈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਤੇ ਕਿਹਾ ਕਿ ਇਸ ਉਪਰਾਲੇ ਨਾਲ ਅਸੀਂ ਮੁੱਢਲੀਆ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ।ਇਸ ਮੌਕੇ ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਸੋਮ ਨਾਥ, ਜਸਬੀਰ ਸਿੰਘ ਰਿਟਾ ਏ ਐੱਸ ਆਈ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਚਰਨਜੀਤ ਸਿੰਘ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਬਲਾਕ ਸਿੱਖਿਆ ਅਫ਼ਸਰ ਆਦਿ ਹਾਜ਼ਰ ਸਨ।

## ਬਾਬਾ ਖੇਤਰਪਾਲ ਸੇਵਾ ਸੰਮਤੀ ਵੱਲੋਂ 15 ਨੂੰ ਸਲਾਨਾ ਚੌਕੀ ਤੇ ਭੰਡਾਰਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਬਾ ਖੇਤਰਪਾਲ ਸੇਵਾ ਸੰਮਤੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 15 ਨਵੰਬਰ ਨੂੰ ਸ਼ਾਮ 6:30 ਵਜੇ ਬਾਬਾ ਖੇਤਰਪਾਲ ਮੰਦਰ ਵਿਖੇ 24ਵੀਂ ਸਾਲਾਨਾ ਚੌਕੀ ਤੇ ਭੰਡਾਰਾ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਸੇਵਾ ਸੰਮਤੀ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਚੌਕੀ ਦੇ ਪ੍ਰਬੰਧਾਂ ਦੀ ਦੇਖ-ਰੇਖ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਸੈਕਟਰੀ ਰਕੇਸ਼ ਜਿੰਦਲ ਤੋਤਾ, ਰਜਿੰਦਰ ਗੋਇਲ, ਨਵੀਨ ਗੋਇਲ, ਮੁਕੇਸ਼ ਗੋਇਲ ਤੇ ਹੋਰ ਸੇਵਾਦਾਰਾਂ ਵੱਲੋਂ ਕੀਤੀ ਜਾ ਰਹੀ ਹੈ।ਸੰਮਤੀ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਮੌਕੇ ਸਥਾਨਕ ਸੰਗਤਾਂ ਦੇ ਨਾਲ-ਨਾਲ ਆਸ-ਪਾਸ ਦੇ ਇਲਾਕਿਆਂ ਤੋਂ ਵੀ ਭਾਰੀ ਗਿਣਤੀ ਵਿੱਚ ਭਗਤ ਹਾਜ਼ਰੀ ਲਗਾਉਣਗੇ। ਮੰਦਰ ਪ੍ਰਬੰਧਕਾਂ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਗਤਾਂ ਲਈ ਵਧੀਆ ਬੈਠਕ, ਪ੍ਰਕਾਸ਼ ਤੇ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਦੁੱਖ ਸੁਖਾਲੀ ਨਾ ਹੋਵੇ। ਸੰਮਤੀ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਚੌਕੀ ਦਾ ਸ਼ੁਭ ਆਰੰਭ ਸ਼ਾਮ 6:30 ਵਜੇ ਕੀਤਾ ਜਾਵੇਗਾ।ਸ਼ਾਮ ਨੂੰ ਭਗਤੀ ਸੰਗੀਤ ਦਾ ਵਿਸ਼ਾਲ ਪ੍ਰੋਗਰਾਮ ਹੋਵੇਗਾ, ਜਿਸ ਵਿੱਚ ਪ੍ਰਸਿੱਧ ਭਗਤੀ ਗਾਇਕ ਮੰਡਲੀਆਂ ਵੱਲੋਂ ਬਾਬਾ ਖੇਤਰਪਾਲ ਜੀ ਦੇ ਜੈਕਾਰਿਆਂ ਨਾਲ ਸਮਾਗਮ ਨੂੰ ਭਗਤੀ ਰੰਗਾਂ ਵਿੱਚ ਰੰਗਿਆ ਜਾਵੇਗਾ।ਰਾਤ ਦੇ ਸਮੇਂ ਵਿਸ਼ਾਲ ਭੰਡਾਰਾ ਲਗਾ ਕੇ ਸਾਰੇ ਭਗਤਾਂ ਨੂੰ ਪ੍ਰਸਾਦ ਵੰਡਿਆ ਜਾਵੇਗਾ।ਇਸ ਧਾਰਮਿਕ ਸਮਾਗਮ ਦੀ ਸ਼ੁਰੂਆਤ ਨਗਰ ਕੌਂਸਲ ਦੀ ਪ੍ਰਧਾਨ ਸੋਨੀਆ ਗੁਪਤਾ ਤੇ ਪਵਨ ਗੁਪਤਾ ਵੱਲੋਂ ਪੂਜਨ ਕਰਕੇ ਕੀਤੀ ਜਾਵੇਗੀ।ਸੇਵਾ ਸੰਮਤੀ ਦੇ ਪ੍ਰਧਾਨ ਸੰਜੀਵ ਗਰਗ ਨੇ ਸਾਰੀ ਸੰਗਤ ਨੂੰ ਨਿਵੇਦਨ ਕੀਤਾ ਹੈ ਕਿ ਉਹ ਆਪਣੇ ਪਰਵਾਰ ਸਮੇਤ ਸਮੇਂ 'ਤੇ ਪਹੁੰਚ ਕੇ ਬਾਬਾ ਖੇਤਰਪਾਲ ਜੀ ਦੇ ਦਰ 'ਤੇ ਹਾਜ਼ਰੀ ਲਗਾ ਕੇ ਆਤਮਕ ਲਾਭ ਪ੍ਰਾਪਤ ਕਰਨ।ਇਸ ਮੌਕੇ ਅਜੇ ਪੁਰੀ, ਪ੍ਰਦੀਪ ਗਰਗ ਦੀਪਾ, ਜੰਗਪਤੀ ਪ੍ਰਸ਼ਾਦ, ਪ੍ਰਸੰਨ ਜਿੰਦਲ ਤੇ ਹੋਰ ਹਾਜ਼ਰ ਸਨ।

## ਬੀ ਐੱਫ ਯੂ ਐੱਚ ਐੱਸ ਵੱਲੋਂ ਪ੍ਰੋਸਟੇਟ ਕੈਂਸਰ 'ਤੇ ਅੰਤਰਰਾਸ਼ਟਰੀ ਵਰਕਸ਼ਾਪ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ (ਬੀ ਐੱਫ ਯੂ ਐੱਚ ਐੱਸ) ਫਰੀਦਕੋਟ ਨੇ ਪ੍ਰੋਸਟੇਟ ਕੈਂਸਰ ਦੀ ਪਛਾਣ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਇੱਕ ਇਤਿਹਾਸਕ ਕਦਮ ਪੁੱਟਦਿਆਂ ਅਤਿ-ਆਧੁਨਿਕ ਐੱਮ ਆਰ ਆਈ/ਯੂ ਐੱਸ ਜੀ ਫਿਊਜ਼ਨ ਪ੍ਰੋਸਟੇਟ ਬਾਇਪਸੀ ਤਕਨੀਕ 'ਤੇ ਇੱਕ ਅੰਤਰਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ।ਇਸ ਤਕਨੀਕ ਨੂੰ ਪ੍ਰੋਸਟੇਟ ਕੈਂਸਰ ਦੀ ਪਛਾਣ ਵਿੱਚ 'ਸੁਚੁੱਕਤਾ ਤੇ ਪ੍ਰਭਾਵਸ਼ਾਲੀ ਨਤੀਜੇ' ਪ੍ਰਦਾਨ ਕਰਨ ਲਈ ਜਾਣਿਆ ਜਾਂਦਾ ਹੈ।ਵਰਕਸ਼ਾਪ ਦਾ ਆਯੋਜਨ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਐਂਡ ਹਸਪਤਾਲ (ਜੀ ਜੀ ਐੱਸ ਐੱਮ ਸੀ ਐਂਡ ਐੱਚ), ਫਰੀਦਕੋਟ ਦੇ ਯੂਰੋਲੋਜੀ, ਰੋਬੋਟਿਕਸ ਤੇ ਰੀਨਲ ਟ੍ਰਾਂਸਪਲਾਂਟ ਵਿਭਾਗ ਵੱਲੋਂ ਕੀਤਾ ਗਿਆ।ਇਸ ਵਿੱਚ ਐਡਵਾਂਸ ਕੈਂਸਰ ਇੰਸਟੀਚਿਊਟ (ਏ ਸੀ ਆਈ) ਬਠਿੰਡਾ, ਟੀ ਸੀ ਸੀ ਸੀ ਫਾਜ਼ਿਲਕਾ, ਤੇ ਯੂਰੋਲੋਜੀ ਐਂਡ ਰੀਨਲ ਟ੍ਰਾਂਸਪਲਾਂਟੇਸ਼ਨ, ਏਮਜ਼ ਬਠਿੰਡਾ ਸਮੇਤ ਪ੍ਰਮੁੱਖ ਸੰਸਥਾਵਾਂ ਨੇ ਸਹਿਯੋਗ ਦਿੱਤਾ।ਵਿਸ਼ੇਸ਼ ਸਿਖਲਾਈ ਲਈ ਅਮਰੀਕਾ ਤੋਂ ਸੀਨੀਅਰ ਫੈਕਲਟੀ ਮੈਂਬਰ ਡਾ. ਮਾਈਕਲ ਅਹਿਮਦੀ ਨੇ ਭਾਗ ਲਿਆ।ਉਨ੍ਹਾਂ ਨੇ ਫੈਕਲਟੀ ਮੈਂਬਰਾਂ ਨੂੰ ਨਵੀਂ ਸਥਾਪਤ ਕੀਤੀ ਗਈ ਅਰਟੇਮਿਸ ਸੀਡੀ ਸੈਮੀ ਰੋਬੋਟਿਕ ਐੱਮ ਆਰ ਆਈ/ਯੂ ਐੱਸ ਜੀ ਫਿਊਜ਼ਨ ਬਾਇਪਸੀ ਮਸ਼ੀਨ 'ਤੇ ਪ੍ਰੈਕਟੀਕਲ ਟ੍ਰੇਨਿੰਗ ਪ੍ਰਦਾਨ ਕੀਤੀ।ਵਾਈਸ ਚਾਂਸਲਰ ਦਾ ਸੰਦੇਸ਼ ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ ਬੀ ਐੱਫ ਯੂ ਐੱਚ ਐੱਸ ਅਤੇ ਆਰਗਨਾਈਜ਼ਿੰਗ ਚੇਅਰਪਰਸਨ ਨੇ ਅਰਟੇਮਿਸ ਸੀਡੀ ਸਿਸਟਮ ਦੀ ਸਥਾਪਨਾ ਨੂੰ ਪ੍ਰੋਸਟੇਟ ਡਾਇਗਨੋਸਟਿਕਸ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਕਦਮ ਦੱਸਿਆ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਉਦੇਸ਼ ਵਿਦੇਸ਼ੀ ਤਜਰਬਿਆਂ ਤੇ ਆਧੁਨਿਕ ਤਕਨੀਕਾਂ ਨੂੰ ਪੰਜਾਬ ਵਿੱਚ ਲਿਆ ਕੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣਾ ਹੈ।ਸ. ਗੁਰਦਿੱਤ ਸਿੰਘ ਸੇਖੋਂ ਨੇ ਡਾ. ਰਾਜੀਵ ਸੂਦ ਦੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ, ਜਿਨ੍ਹਾਂ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਪੱਧਰ ਦੀਆਂ ਸਿਹਤ ਸਹੂਲਤਾਂ ਤੇ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕਰਕੇ ਮੈਡੀਕਲ ਸਿੱਖਿਆ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ।ਇਸ ਸਮਾਗਮ ਵਿੱਚ ਡਾ. ਪੀ. ਐੱਸ. ਬਰਾੜ (ਮੈਂਬਰ, ਬੋਰਡ ਆਫ ਮੈਨੇਜਮੈਂਟ), ਡਾ. ਰੋਹਿਤ ਚੋਪੜਾ, ਡਾ. ਸੰਜੈ ਗੁਪਤਾ, ਡਾ. ਨੀਤੂ ਕੁਕਾਰ ਸਮੇਤ ਹੋਰ ਮਾਹਰਾਂ ਨੇ ਸ਼ਿਰਕਤ ਕੀਤੀ।

# ਰਾਸ਼ਟਰੀ ਭਾਵਨਾ ਦੇ 150 ਸਾਲ



2025 ਭਾਰਤ ਦੇ ਇਤਿਹਾਸ 'ਚ ਇੱਕ ਮੀਲ ਪੱਥਰ ਹੈ, ਜੋ ਕਿ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਦੀ ਨਿਸ਼ਾਨਦੇਹੀ ਕਰਦਾ ਹੈ।1875 ਵਿੱਚ ਬਿਸ਼ਮ ਚੰਦਰ ਚਟੋਪਾਧਿਆਏ ਦੁਆਰਾ ਰਚਿਤ ਇਹ ਗੀਤ ਸਿਰਫ਼ ਸਾਹਿਤ ਦੀ ਰਚਨਾ ਨਹੀਂ ਸੀ, ਇਹ ਸ਼ਬਦਾਂ ਦਾ ਇੱਕ ਹਥਿਆਰ ਸੀ, ਜਿਸ ਨੇ ਭਾਰਤੀ ਚੇਤਨਾ, ਪਛਾਣ, ਆਜ਼ਾਦੀ ਅਤੇ ਰਾਸ਼ਟਰਵਾਦ ਦੇ ਬੀਜ ਬੀਜੇ ਸਨ।ਇਹ ਗੀਤ ਲੋਕਾਂ ਦੀ ਉਸ ਊਰਜਾ ਨੂੰ ਦਰਸਾਉਂਦਾ ਹੈ, ਜਿਸ ਨੇ ਗੁਲਾਮੀ ਦੇ ਹਨੇਰੇ ਨੂੰ ਤੋੜਿਆ ਸੀ ਅਤੇ ਆਜ਼ਾਦੀ ਦੀ ਸਵੇਰ 'ਚ ਵਿਸ਼ਵਾਸ ਨੂੰ ਜਗਾਇਆ ਸੀ। ਭਾਰਤ ਦੇ ਆਜ਼ਾਦੀ ਸੰਗਰਾਮ ਦੇ 150 ਸਾਲਾਂ ਵਿੱਚ, ਕਦੇ ਵੀ ਅਜਿਹਾ ਸਮਾਂ ਨਹੀਂ ਆਇਆ, ਜਦੋਂ ਵੰਦੇ ਮਾਤਰਮ ਦੀ ਆਵਾਜ਼ ਕ੍ਰਾਂਤੀਕਾਰੀਆਂ ਨੇ ਨਾ ਸੁਣੀ ਹੋਵੇ। 1875 ਵਿੱਚ ਬੰਗਾਲ ਦੇ ਉਸ ਸਮੇਂ ਦੇ ਰਾਜਨੀਤਕ ਅਤੇ ਸਮਾਜਿਕ ਦ੍ਰਿਸ਼ ਵਿੱਚ ਉਤਪੰਨ ਹੋਇਆ ਇਹ ਗੀਤ ਹੌਲੀ-ਹੌਲੀ ਭਾਰਤ ਦੀ ਆਤਮਾ ਦੀ ਆਵਾਜ਼ ਬਣ ਗਿਆ। 1882 ਵਿੱਚ 'ਆਨੰਦ ਮੱਠ' ਨਾਵਲ ਰਾਹੀਂ ਇਹ ਗੀਤ ਜਨਤਕ ਚੇਤਨਾ ਦਾ ਕੇਂਦਰ ਬਣ ਗਿਆ। ਇਸ ਨੂੰ ਪਹਿਲੀ ਵਾਰ ਗੁਰੂਦੇਵ ਰਬਿੰਦਰਨਾਥ ਟੈਗੋਰ ਨੇ 1896 ਵਿੱਚ ਕੋਲਕਾਤਾ ਵਿੱਚ ਕਾਂਗਰਸ ਸੈਸ਼ਨ ਵਿੱਚ ਜਨਤਕ ਤੌਰ 'ਤੇ ਗਾਇਆ ਸੀ। ਫਿਰ 1905 ਦੀ ਬੰਗਾਲ ਵੰਡ ਲਹਿਰ ਆਈ, ਜਿਸ ਨੇ ਇਸ ਗੀਤ ਨੂੰ ਰਾਸ਼ਟਰੀ ਸਵੈਮਾਣ ਦਾ ਇੱਕ ਜੀਵੰਤ ਪ੍ਰਤੀਕ ਬਣਾ ਦਿੱਤਾ। 1950 ਵਿੱਚ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਨੇ ਇਸ ਨੂੰ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ।

ਮੇਰਾ ਮੰਨਣਾ ਹੈ ਕਿ ਕਿਸੇ ਵੀ ਅੰਦੋਲਨ ਨੂੰ ਸਫਲ ਬਣਾਉਣ ਲਈ ਸਿਰਫ਼ ਹਥਿਆਰਾਂ ਦੀ ਹੀ ਨਹੀਂ, ਸਗੋਂ ਭਾਵਨਾਵਾਂ, ਵਿਚਾਰਾਂ ਅਤੇ ਰਾਸ਼ਟਰੀ ਚਰਿੱਤਰ ਦੀ ਵੀ ਲੋੜ ਹੁੰਦੀ ਹੈ। ਇਹ ਗੀਤ ਅੱਜ ਵੀ ਭਾਰਤੀ ਲੋਕਤੰਤਰ ਦਾ ਨੈਤਿਕ ਕੇਂਦਰ ਬਣਿਆ ਹੋਇਆ ਹੈ, ਜੋ ਸਾਨੂੰ ਯਾਦ ਦਿਵਾਉਂਦਾ ਹੈ ਕਿ ਰਾਜਨੀਤੀ ਦਾ ਟੀਚਾ ਸੱਤਾ ਨਹੀਂ, ਸਗੋਂ ਰਾਸ਼ਟਰ ਸਰਵਉੱਚ ਹੈ। ਅੱਜ, ਜਦੋਂ ਭਾਰਤ ਇੱਕ ਵਿਸ਼ਵ ਸ਼ਕਤੀ ਵਜੋਂ ਉਭਰ ਰਿਹਾ ਹੈ, ਪ੍ਰਧਾਨ ਮੰਤਰੀ ਮੋਦੀ ਜੀ ਨੇ ਹਰ ਪਲੇਟਫਾਰਮ, ਹਰ ਮੌਕੇ, ਹਰ ਵਿਸ਼ਵਵਿਆਪੀ ਸੰਵਾਦ ਵਿੱਚ ਭਾਰਤ ਦੀ ਹਜ਼ਾਰਾਂ ਸਾਲ ਪੁਰਾਣੀ ਸਭਿਅਤਾ ਦੇ ਮਾਣ ਨੂੰ ਮੁੜ ਸਥਾਪਤ ਕੀਤਾ ਹੈ।ਹਰ ਵਿਅਕਤੀ ਵਿੱਚ ਮਾਤ ਭੂਮੀ ਪ੍ਰਤੀ ਸਤਿਕਾਰ, ਭਾਰਤ ਦੀ ਪਛਾਣ ਤੇ ਮਾਣ, ਭਾਰਤੀਅਤਾ ਨੂੰ ਵਿਸ਼ਵਾਸ ਨਾਲ ਅਪਣਾਉਣ ਅਤੇ ਸਭ ਤੋਂ ਵੱਧ ਰਾਸ਼ਟਰ ਦੀ ਭਾਵਨਾ ਫੈਲਾਈ ਹੈ।ਵੰਦੇ ਮਾਤਰਮ ਦੀ ਇਸ 150ਵੀਂ ਵਰ੍ਹੇਗੰਢ 'ਤੇ ਇਹ ਕਹਿਣਾ ਉਚਿਤ ਹੈ ਕਿ ਇਸ ਗੀਤ ਦੀ ਭਾਵਨਾ ਨਵੇਂ ਭਾਰਤ ਦੀ ਵਿਚਾਰਧਾਰਾ, ਨਵੇਂ ਭਾਰਤ ਦੇ ਆਤਮ-ਵਿਸ਼ਵਾਸ ਅਤੇ ਨਵੇਂ ਭਾਰਤ ਦੀ ਨੀਤੀ ਦਿਸ਼ਾ ਵਿੱਚ ਆਪਣੇ ਸਰਗਰਮ ਅਤੇ ਜੀਵੰਤ ਰੂਪ ਵਿੱਚ ਦਿਖਾਈ ਦਿੰਦੀ ਹੈ। ਅਗਲੇ 25 ਸਾਲ ਭਾਰਤ ਦੇ ਭਵਿੱਖ ਨੂੰ ਆਕਾਰ ਦੇਣ ਲਈ ਇੱਕ ਨਿਰਣਾਇਕ ਸਮਾਂ ਹਨ।

'ਵੰਦੇ ਮਾਤਰਮ' ਭਾਰਤ ਮਾਤਾ ਨੂੰ ਸ਼ਰਧਾਂਜਲੀ ਦੇਣ ਦਾ ਇੱਕ ਮੰਤਰ ਹੈ।ਇਹ ਗੀਤ ਸਾਡੇ ਸੰਵਿਧਾਨ, ਸਾਡੀ ਸੰਸਕ੍ਰਿਤੀ, ਸਾਡੀ ਆਜ਼ਾਦੀ, ਸਾਡੀ ਪਛਾਣ ਅਤੇ ਸਾਡੀ ਸਾਂਝੀ ਰਾਸ਼ਟਰੀ ਚੇਤਨਾ ਦਾ ਅਮਰ ਭਜਨ ਹੈ।ਅੱਜ ਜਦੋਂ ਅਸੀਂ 'ਵੰਦੇ ਮਾਤਰਮ' ਦੇ 150 ਸਾਲ ਪੂਰੇ ਕਰ ਰਹੇ ਹਾਂ, ਸਾਨੂੰ ਭਾਰਤ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਦੇਸ਼ ਭਾਵੇਂ ਕਿੰਨੀ ਵੀ ਤਰੱਕੀ ਕਰੇ, ਤਕਨਾਲੋਜੀ ਕਿੰਨੀ ਵੀ ਉੱਨਤ ਕਿਉਂ ਨਾ ਹੋ ਜਾਵੇ, ਵਿਸ਼ਵੀਕਰਨ ਕਿੰਨਾ ਵੀ ਵਿਆਪਕ ਕਿਉਂ ਨਾ ਹੋਵੇ, ਸਾਡੀ ਆਤਮਾ, ਸਾਡੀ ਪਛਾਣ ਅਤੇ ਸਾਡਾ ਰਾਸ਼ਟਰੀ ਧੁਰਾ ਹਮੇਸ਼ਾ ਸਾਡੀ ਮਾਤ ਭੂਮੀ ਬਣੇ ਰਹਿਣਗੇ।ਭਾਰਤ ਦੀ ਮਿੱਟੀ ਤੋਂ ਵੱਧ ਕੁਝ ਵੀ ਸਤਿਕਾਰਯੋਗ ਨਹੀਂ ਹੈ।

'ਵੰਦੇ ਮਾਤਰਮ।'

*-ਨਾਇਬ ਸਿੰਘ ਸੈਣੀ, ਮੁੱਖ ਮੰਤਰੀ, ਹਰਿਆਣਾ*

## ਅੱਜ-ਨਾਮਾ

ਹਾਏ ਸਮਾਜ, ਕਾਨੂੰਨ ਓਏ ਹਾਏ ਮੁਲਕਾ,
ਕਰ'ਤੀ ਠੱਗਾਂ ਫਿਰ ਬਹੁਤ ਕਮਾਲ ਭਾਈ।
ਜਨਤਾ ਨਾਲ ਤਾਂ ਠੱਗੀ ਸੀ ਬਹੁਤ ਚੱਲਦੀ,
ਹੋਈ ਫਿਰ ਏਹੋ ਭਗਵਾਨ ਦੇ ਨਾਲ ਭਾਈ।
ਧਰਮ ਅਸਥਾਨ ਵੱਲ ਵੇਚਿਆ ਘਿਓ ਠੱਗਾਂ,
ਨਿਕਲੀ ਅਜਬ ਫਿਰ ਧੋਖੇ ਦੀ ਚਾਲ ਭਾਈ।
ਲਿਆ ਨਹੀਂ ਦੁੱਧ, ਨਾ ਰੱਖੀ ਸੀ ਮੱਝ ਕੋਈ,
ਵੇਚਿਆ ਘਿਊ ਹੈ ਉਨ੍ਹਾਂ ਕਈ ਸਾਲ ਭਾਈ।
ਉੱਠਿਆ ਪਰਦਾ ਸਮੁੱਚੇ ਇਸ ਜਾਲ ਵਾਲਾ,
ਕਰੋੜਾਂ ਤੀਕਰ ਦਾ ਨਿਕਲਿਆ ਕੇਸ ਭਾਈ।
ਘੱਟਾ ਭਗਵਾਨ ਦੇ ਅੱਖੀਂ ਠੱਗ ਪਾਈ ਜਾਂਦੇ,
ਚੱਲਦਾ ਪਤਾ ਨਹੀਂ ਕਿਸ ਤਰ੍ਹਾਂ ਦੇਸ਼ ਭਾਈ।

-ਤੀਸ ਮਾਰ ਖਾਂ

## 16 ਦੀ ਸੂਬਾ ਰੈਲੀ 'ਚ ਕਨਫੈਡਰੇਸ਼ਨ ਨਾਲ ਸੰਬੰਧਤ ਪੈਨਸ਼ਨਰਜ਼ ਵੱਡੀ ਗਿਣਤੀ 'ਚ ਪੁੱਜਣਗੇ : ਅਰੋੜਾ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਟੇਟ ਪੈਨਸ਼ਨਰਜ਼ ਕੰਨਫੈਡਰੇਸ਼ਨ ਦੇ ਸੂਬਾਈ ਮੁੱਖ ਬੁਲਾਰੇ ਤੇ ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਹਲਕੇ ਧੂਰੀ ਵਿਖੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ, ਪੈਨਸ਼ਨਰ ਮਾਰੂ ਨੀਤੀ ਵਿਰੁੱਧ ਵਿਸ਼ਾਲ ਹੱਲਾ ਬੋਲ ਰੈਲੀ ਕੀਤੀ ਜਾਵੇਗੀ. ਜਿਸ ਵਿੱਚ ਪੈਨਸ਼ਨਰਜ਼ ਕੰਨਫੈਡਰੇਸ਼ਨ ਨਾਲ ਸੰਬੰਧਤ ਸੂਬੇ ਭਰ 'ਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਪੈਨਸ਼ਨਰ ਆਪਣੇ-ਆਪਣੇ ਝੰਡੇ ਤੇ ਬੈਨਰਾਂ ਨਾਲ ਸੂਬਾ ਪ੍ਰਧਾਨ ਸ੍. ਕਰਮ ਸਿੰਘ ਧਨੋਆ ਮੋਹਾਲੀ, ਜਨਰਲ ਸਕੱਤਰ ਕੁਲਵਰਨ ਸਿੰਘ ਹੁਸ਼ਿਆਰਪੁਰ, ਵਿੱਤ ਸਕੱਤਰ ਮਦਨ ਲਾਲ ਮੰਨਣ ਅੰਮ੍ਰਿਤਸਰ ਦੀ ਅਗਵਾਈ ਵਿੱਚ ਸ਼ਮੂਲੀਅਤ ਕਰਨਗੇ।ਸ੍ਰੀ ਰਾਜ ਕੁਮਾਰ ਅਰੋੜਾ, ਜੋ ਕਿ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਵੀ ਪ੍ਰਧਾਨ ਹਨ, ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ 09 ਤਹਿਸੀਲਾਂ ਵਿੱਚੋਂ ਪੈਨਸ਼ਨਰ ਸੰਗਰੂਰ ਤੋਂ ਸ੍ਰੀ ਭੁਪਿੰਦਰ ਸਿੰਘ ਜੱਸੀ ਪ੍ਰਧਾਨ, ਜਨਰਲ ਸਕੱਤਰ ਅਵਿਨਾਸ਼ ਸ਼ਰਮਾ, ਧੂਰੀ ਤੋਂ ਜਸਦੇਵ ਸਿੰਘ ਪ੍ਰਧਾਨ ਡਾ. ਅਮਰਜੀਤ ਸਿੰਘ, ਜਨਰਲ ਸਕੱਤਰ, ਸ਼ੇਰਪੁਰ ਵੇਦ ਸਿੰਘ ਸਿੱਧੂ ਪ੍ਰਧਾਨ, ਜਨਰਲ ਸਕੱਤਰ ਦੀਵਾਨ ਸਿੰਘ ਮਾਮਦਪੁਰ, ਸੁਨਾਮ ਤੋਂ ਪ੍ਰੇਮ ਚੰਦ ਅਗਰਵਾਲ ਪ੍ਰਧਾਨ ਜਨਰਲ ਸਕੱਤਰ ਚੇਤ ਰਾਮ ਢਿੱਲੋਂ, ਲਹਿਰਾਗਾਗਾ ਜਰਨੈਲ ਸਿੰਘ ਪ੍ਰਧਾਨ ਮਦਨ ਲਾਲ, ਜਨਰਲ ਸਕੱਤਰ, ਭਵਾਨੀਗੜ੍ਹ ਤੋਂ ਸਤਨਾਮ ਸਿੰਘ ਸੰਧੂ ਪ੍ਰਧਾਨ ਜਨਰਲ ਸਕੱਤਰ ਜਰਨੈਲ ਸਿੰਘ ਸਿੱਧੂ, ਜ਼ਿਲ੍ਹਾ ਸਕੱਤਰ ਜਨਰਲ ਸੁਖਦੇਵ ਸਿੰਘ ਭਵਾਨੀਗੜ੍ਹ, ਅਮਰਗੜ੍ਹ ਰਜਿੰਦਰ ਸਿੰਘ ਸਲਾਰ ਪ੍ਰਧਾਨ ਮਹਿੰਦਰ ਸਿੰਘ, ਜਨਰਲ ਸਕੱਤਰ, ਦਿੜ੍ਹਬਾ ਤੋਂ ਦਰਸ਼ਨ ਸਿੰਘ ਰੋਗਲਾ ਪ੍ਰਧਾਨ ਕਸ਼ਮੀਰ ਸਿੰਘ ਰੋੜੇਵਾਲ, ਜਨਰਲ ਸਕੱਤਰ, ਮੂਨਕ ਮੇਘ ਸਿੰਘ ਪ੍ਰਧਾਨ, ਤੇਜਾ ਸਿੰਘ ਜਨਰਲ ਸਕੱਤਰ ਦੀ ਅਗਵਾਈ ਵਿੱਚ ਪੈਨਸ਼ਨਰ ਵੱਡੀ ਗਿਣਤੀ ਵਿੱਚ ਧੂਰੀ ਵਿਖੇ ਹੋ ਰਹੀ ਰੈਲੀ ਵਿੱਚ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਸ਼ਿਰਕਤ ਕਰਨਗੇ। ਸ੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਅਣਦੇਖੀ ਕਰ ਰਹੀ ਹੈ, ਜਿਸ ਕਾਰਨ ਪੰਜਾਬ ਦੇ ਸਮੁੱਚੇ ਮੁਲਾਜ਼ਮ ਤੇ ਪੈਨਸ਼ਨਰ ਤਿੱਖੇ ਸੰਘਰਸ਼ ਕਰਨ ਲਈ ਸੜਕਾਂ 'ਤੇ ਉੱਤਰਨ ਲਈ ਮਜਬੂਰ ਹਨ।ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਹੁਣ ਵੀ ਮੰਗਾਂ ਨਾ ਮੰਨੀਆਂ ਗਈਆਂ ਤਾਂ 16 ਨਵੰਬਰ ਨੂੰ ਹੀ ਧੂਰੀ ਵਿਖੇ ਕੀਤੀ ਜਾਣ ਵਾਲੀ ਰੈਲੀ ਵਿੱਚ ਅਗਲੇ ਸੰਘਰਸ਼ ਦਾ ਐਲਾਨ ਕਰ ਦਿੱਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਆਰ. ਐੱਲ. ਪਾਂਧੀ, ਵਿੱਤ ਸਕੱਤਰ ਕਰਨੈਲ ਸਿੰਘ ਸੇਖੋਂ, ਦਫ਼ਤਰ ਸਕੱਤਰ ਸੁਰਿੰਦਰ ਸਿੰਘ ਸੋਢੀ, ਓਮ ਪ੍ਰਕਾਸ਼ ਖਿੱਪਲ, ਜਨਕ ਰਾਜ ਜੋਸ਼ੀ, ਰਜਿੰਦਰ ਸਿੰਘ ਤੱਗੜ (ਚੰਗਾਲ), ਜਸਵੀਰ ਸਿੰਘ ਖਾਲਸਾ, ਕੰਵਲਜੀਤ ਸਿੰਘ, ਅਸ਼ੋਕ ਡੱਲਾ ਆਦਿ ਪੈਨਸ਼ਨਰ ਆਗੂ ਮੌਜੂਦ ਸਨ।

## ਭਵਨੇਸ਼ ਦਾ ਪੀ ਐੱਚ ਡੀ ਲਈ ਪੋਲੈਂਡ ਦੀ ਯੂਨੀਵਰਸਿਟੀ 'ਚ ਦਾਖ਼ਲਾ



**ਧੂਰੀ (ਮਨੋਹਰ ਸਿੰਘ ਸੱਗੂ)**

ਯੂਨੀਵਰਸਿਟੀ ਕਾਲਜ ਬੇਨੜਾ ਤੋਂ ਬੀ.ਐੱਸ-ਸੀ ਨਾਨ ਮੈਡੀਕਲ ਦੀ ਡਿਗਰੀ ਕਰਨ ਵਾਲੇ ਵਿਦਿਆਰਥੀ ਭਵਨੇਸ਼ ਨੇ ਫ਼ਿਜ਼ਿਕਸ ਵਿਸ਼ੇ 'ਚ ਆਪਣੀ ਮਾਸਟਰ ਡਿਗਰੀ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਤੋਂ ਕਰਨ ਉਪਰੰਤ ਪੋਲੈਂਡ ਦੀ ਜਾਗੀਲੋਨੀਅਨ ਯੂਨੀਵਰਸਿਟੀ ਕਰਾਕੋਵ ਵਿਖੇ ਸਕਾਲਰਸ਼ਿਪ ਪ੍ਰਾਪਤ ਕਰਕੇ ਫ਼ਿਜ਼ਿਕਸ ਫੈਕਲਟੀ 'ਚ ਪੀ-ਐੱਚ.ਡੀ. ਲਈ ਦਾਖ਼ਲਾ ਲਿਆ ਹੈ।ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਨੇ ਭਵਨੇਸ਼ ਦਾ ਮੂੰਹ ਮਿੱਠਾ ਕਰਾਉਂਦੇ ਸਮੇਂ ਕਾਲਜ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਾਲਜ ਦੇ ਪਾਸ ਆਊਟ ਵਿਦਿਆਰਥੀ ਭਵਨੇਸ਼ ਦੀ ਪ੍ਰਾਪਤੀ ਪਿੱਛੇ ਉਸ ਦੀ ਮਿਹਨਤ ਤੇ ਅਧਿਆਪਕਾਂ ਦੀ ਪ੍ਰੇਰਣਾ ਦੱਸਿਆ। ਵਿਦਿਆਰਥੀ ਦੇ ਪਿਤਾ ਡਾ. ਮੇਵਾ ਰਾਮ ਤੋਂ ਇਲਾਵਾ ਕਾਲਜ ਦੇ ਅਧਿਆਪਕ ਮੌਜੂਦ ਸਨ।

## ਡਾ. ਗਾਂਧੀ ਸਦਕਾ ਮਾਲਵਾ ਖੇਤਰ ਨੂੰ ਵੰਦੇ ਭਾਰਤ ਐਕਸਪ੍ਰੈੱਸ ਦਾ ਲਾਭ ਮਿਲਿਆ : ਨੰਨੜੇ

**ਨਾਭਾ (ਵਰਿੰਦਰ ਵਰਮਾ)**-ਲੋਕ ਸਭਾ ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਵੱਲੋਂ 2014 ਤੋਂ 2019 ਦੀ ਟਰਮ ਦੌਰਾਨ ਕੀਤੇ ਵਿਸ਼ੇਸ਼ ਉਪਰਾਲਿਆਂ ਸਦਕਾ ਪੰਜਾਬ ਵਿੱਚ ਕਈ ਡਬਲ ਰੇਲਵੇ ਟਰੈਕ ਮਨਜ਼ੂਰ ਕਰਵਾ ਕੇ ਗਏ ਸਨ, ਜਿਨਾਂ ਦੇ ਮੁਕੰਮਲ ਹੋਣ ਸਦਕਾ ਹੁਣ ਉਨ੍ਹਾਂ ਦੀ ਦੂਜੀ ਟਰਮ ਵਿੱਚ ਦਿੱਲੀ ਤੋਂ ਫਿਰੋਜ਼ਪੁਰ ਤੱਕ ਵੰਦੇ ਭਾਰਤ ਐਕਸਪ੍ਰੈੱਸ ਟਰੇਨ ਚਾਲੂ ਹੋਣ ਨਾਲ ਮਾਲਵਾ ਖੇਤਰ ਦੇ ਲੋਕਾਂ ਖਾਸ ਕਰ ਵਪਾਰੀਆਂ, ਨੌਕਰੀ ਪੇਸ਼ਾ ਵਿਅਕਤੀਆਂ ਨੂੰ ਵੱਡੀ ਰਾਹਤ ਮਿਲੇਗੀ।ਇਸ ਲਈ ਡਾਕਟਰ ਗਾਂਧੀ ਦਾ ਧੰਨਵਾਦ ਕਰਦਿਆਂ ਸਾਬਕਾ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਵਤਾਰ ਸਿੰਘ ਨੰਨੜੇ ਕਿਹਾ ਕਿ ਡਾਕਟਰ ਧਰਮਵੀਰ ਗਾਂਧੀ ਨੇ ਅਪਣੇ ਸੰਸਦ ਕਾਰਜਕਾਲ ਦੌਰਾਨ ਆਪਣੇ ਨਿੱਜੀ ਹਿੱਤਾਂ ਦੀ ਬਜਾਏ ਹਮੇਸ਼ਾ ਲੋਕ ਹਿੱਤ ਪ੍ਰਾਜੈਕਟਾਂ ਨੂੰ ਪਹਿਲ ਦਿੱਤੀ ਹੈ ਤਾਂ ਜੋ ਸੂਬੇ ਦਾ ਵਿਕਾਸ ਹੋ ਸਕੇ ਤੇ ਆਮ ਲੋਕਾਂ ਨੂੰ ਸਹੂਲਤ ਮਿਲ ਸਕੇ।

ਉਨ੍ਹਾਂ ਕਿਹਾ ਇਹ ਟਰੇਨ ਬੁੱਧਵਾਰ ਤੋਂ ਬਿਨਾਂ ਬਾਕੀ ਹਫਤੇ ਦੇ ਛੇ ਦਿਨ ਚੱਲੇਗੀ, ਜੋ ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਧੂਰੀ, ਪਟਿਆਲਾ, ਅੰਬਾਲਾ ਕੈਂਟ, ਕੁਰੂਕਸ਼ੇਤਰ, ਪਾਣੀਪਤ ਤੋਂ ਹੁੰਦੀ ਹੋਈ ਦਿੱਲੀ ਪਹੁੰਚੇਗੀ, ਜਿਸ ਨਾਲ ਪਟਿਆਲਾ ਵਾਸੀਆਂ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ, ਜੋ ਦਿਨ ਵਿੱਚ ਦਿੱਲੀ-ਪਟਿਆਲਾ ਅੱਪਡੋਨ ਕਰ ਸਕਣਗੇ।

## ਸਿਲਵਰ ਓਕਸ ਦਾ 'ਸੰਸਕ੍ਰਿਤੀ' ਸਮਾਗਮ ਯਾਦਗਾਰੀ ਹੋ ਨਿੱਬੜਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਲਵਰ ਓਕਸ ਸਕੂਲ ਰਾਮਪੁਰਾ ਰੋਡ, ਬਠਿੰਡਾ ਨੇ ਚੌਥਾ ਸਾਲਾਨਾ ਦਿਵਸ 'ਸੰਸਕ੍ਰਿਤੀ' ਬੜੇ ਉਤਸ਼ਾਹ ਨਾਲ ਮਨਾਇਆ।ਇਸ ਖੁਸ਼ੀ ਭਰੇ ਸਮਾਗਮ ਮੌਕੇ ਡਾ. ਸ਼ਵੇਤਾ ਬਾਂਸਲ ਤੇ ਡਾ. ਦੀਪਕ ਬਾਂਸਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਿਲਵਰ ਓਕਸ ਸਕੂਲ ਦੇ ਚੇਅਰਮੈਨ ਸ੍. ਇੰਦਰਜੀਤ ਸਿੰਘ ਬਰਾੜ, ਗਿਆਨਮੰਥਨ ਦੀ ਨਿਰਦੇਸ਼ਕਾ ਸ੍ਰੀਮਤੀ ਬਰਨਿੰਦਰ ਪਾਲ ਸੇਖੋਂ ਤੇ ਟੀਮ ਗਿਆਨਮੰਥਨ ਸਭ ਉਨ੍ਹਾਂ ਦੇ ਨਾਲ ਪਹੁੰਚੇ।ਉਨ੍ਹਾਂ ਦਾ ਵੀ ਇਸ ਖੁਸ਼ੀ ਭਰੇ ਮੌਕੇ 'ਤੇ ਪਹੁੰਚਣ ਉਪਰੰਤ ਨਿੱਘਾ ਸਵਾਗਤ ਕਰਦੇ ਹੋਏ ਜੀ ਆਇਆਂ ਆਖਿਆ ਗਿਆ।ਹਨੇਰੇ ਨੂੰ ਦੂਰ ਕਰਨ, ਵਿਚਾਰਾਂ ਤੇ ਗਿਆਨ ਨੂੰ ਜਗਾਉਣ ਦਾ ਸੰਕੇਤ ਕਰਦੇ ਪ੍ਰਤੀਕਾਤਮਕ ਪਲ ਨਾਲ ਭਾਵ ਸ਼ਮ੍ਹਾਂ ਰੌਸ਼ਨ (ਲੈਂਪ ਲਾਈਟਿੰਗ ਸੈਰੇਮਨੀ) ਕਰਕੇ ਸਮਾਗਮ ਦੀ ਰਸਮੀ ਸ਼ੁਰੂਆਤ ਕੀਤੀ ਗਈ।ਪ੍ਰਮਾਤਮਾ ਤੋਂ ਮਨਜ਼ੂਰੀ ਲੈਂਦੇ ਹੋਏ ਜਮਾਤ ਸੱਤਵੀਂ ਦੇ ਵਿਦਿਆਰਥੀਆਂ ਵੱਲੋਂ 'ਮਹਾਦੇਵ ਵੰਦਨਾ' ਨਾਲ ਸ਼ੁਰੂਆਤ ਕੀਤੀ ਗਈ।ਜਮਾਤ ਤੀਸਰੀ-ਚੌਥੀ ਦੀਆਂ ਵਿਦਿਆਰਥਣਾਂ ਨੇ ਸ਼ੁਭਆਰੰਭ ਡਾਂਸ ਨਾਲ ਖੂਬ ਵਾਹ-ਵਾਹ ਖੱਟੀ।ਜਮਾਤ ਨਰਸਰੀ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ ਕੌਸਮਿਕ ਕਰੇਜ਼ ਦੀ ਪੇਸ਼ਕਾਰੀ ਕਰਕੇ ਸਭ ਨੂੰ ਏਲੀਅਨ ਦੁਨੀਆ ਦੇ ਸੁਪਨੇ ਲੈਣ ਲਈ ਮਜਬੂਰ ਕਰ ਦਿੱਤਾ।ਇਸ ਤੋਂ ਬਾਅਦ ਜਮਾਤ ਪੰਜਵੀਂ ਛੇਵੀਂ ਦੀਆਂ ਵਿਦਿਆਰਥਣਾਂ ਵੱਲੋਂ ਤਾਲ ਤਰੰਗ ਦੀ ਪੇਸ਼ਕਸ਼ ਰਾਹੀਂ ਸਭ ਨੂੰ ਝੂਮਣ ਲਾ ਦਿੱਤਾ।ਚੇਅਰਮੈਨ ਇੰਦਰਜੀਤ ਸਿੰਘ ਬਰਾੜ ਨੇ ਆਪਣੇ ਕੀਮਤੀ ਵਿਚਾਰਾਂ ਰਾਹੀਂ ਸਭ ਨਾਲ ਸਾਂਝ ਪਾਉਂਦਿਆਂ ਕਿਹਾ ਕਿ ਸਾਨੂੰ ਇਨ੍ਹਾਂ ਹੋਣਹਾਰ ਬੱਚਿਆਂ ਤੇ ਸਕੂਲ ਦੀਆਂ ਕੀਤੀਆਂ ਗਈਆਂ ਪ੍ਰਾਪਤੀਆਂ 'ਤੇ ਬਹੁਤ ਮਾਣ ਹੈ।ਪੰਜਾਬ ਦਾ ਲੋਕ ਨਾਚ ਭੰਗੜਾ ਵਿਦਿਆਰਥੀਆਂ ਵੱਲੋਂ ਸੋਹਣੇ ਪਹਿਰਾਵੇ ਵਿੱਚ ਇੰਨੇ ਸੋਹਣੇ ਜਜ਼ਬੇ ਤੇ ਜੋਸ਼ ਨਾਲ ਪੇਸ਼ ਕੀਤਾ ਗਿਆ।ਮੁੱਖ ਮਹਿਮਨ ਵਜੋਂ ਪਹੁੰਚੇ ਡਾ. ਸ਼ਵੇਤਾ ਬਾਂਸਲ ਨੇ ਬੱਚਿਆਂ ਦੀਆਂ ਸੋਹਣੀਆਂ ਪੇਸ਼ਕਾਰੀਆਂ ਲਈ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹੋਏ ਬਹੁਤ ਕੀਮਤੀ ਗੱਲਾਂ ਸਾਂਝੀਆਂ ਕੀਤੀਆਂ।ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਨੇ ਵਿਦਿਆਰਥੀਆਂ ਦੀ ਸੋਹਣੀ ਕਾਰਗੁਜ਼ਾਰੀ ਲਈ ਸ਼ਾਬਾਸ਼ ਦਿੰਦੇ ਹੋਏ ਆਪਣੇ ਅਨਮੁੱਲੇ ਵਿਚਾਰ ਸਭ ਨਾਲ ਸਾਂਝੇ ਕੀਤੇ, ਇਸ ਤੋਂ ਬਾਅਦ ਰਾਸ਼ਟਰੀ ਗਾਣ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।ਆਖੀਰ ਇਹ ਪ੍ਰੋਗਰਾਮ ਦਿਲਾਂ ਉੱਤੇ ਖੁਸ਼ੀ ਦੀ ਛਾਪ ਛੱਡਦੇ ਹੋਏ ਬਹੁਤ ਹੀ ਯਾਦਗਾਰੀ ਤੇ ਉਤਸ਼ਾਹ ਭਰਪੂਰ ਹੋ ਨਿੱਬੜਿਆ।

## ...ਸਫ਼ਾ 1 ਦੇ ਬਾਕੀ

### ਥਾਰ ਤੇ ਬੁਲਟ ਦੇ ...

ਸੜਕ 'ਤੇ ਸਟੰਟ ਕਰਦੇ ਹਨ। ਇੱਕ ਘਟਨਾ ਦਾ ਹਵਾਲਾ ਦਿੰਦੇ ਹੋਏ, ਜਿਸ ਵਿੱਚ ਇੱਕ ਅਸਿਸਟੈਂਟ ਕਮਿਸ਼ਨਰ ਆਫ ਪੁਲਸ ਦੇ ਪੁੱਤ ਨੇ ਥਾਰ ਚਲਾਉਂਦੇ ਹੋਏ ਕਿਸੇ ਨੂੰ ਕੁਚਲ ਦਿੱਤਾ ਸੀ, ਡੀ ਜੀ ਪੀ ਨੇ ਕਿਹਾ, "ਉਹ ਆਪਣੇ ਬੇਟੇ ਨੂੰ ਛੁਡਵਾਉਣਾ ਚਾਹੁੰਦਾ ਹੈ, ਪਰ ਕਾਰ ਉਸ ਦੇ ਨਾਂਅ 'ਤੇ ਰਜਿਸਟਰਡ ਹੈ, ਇਸ ਲਈ ਉਹ ਹੀ ਬਦਮਾਸ਼ ਤੱਤ ਹੈ।" ਸਿੰਘ ਨੇ ਇਹ ਵੀ ਟਿੱਪਣੀ ਕੀਤੀ, "ਜੇ ਅਸੀਂ ਪੁਲਸ ਵਾਲਿਆਂ ਦੀ ਸੂਚੀ ਬਣਾਈਏ, ਤਾਂ ਕਿੰਨਿਆਂ ਕੋਲ ਥਾਰ ਹੋਵੇਗੀ? ਅਤੇ ਜਿਸ ਕੋਲ ਵੀ ਹੈ, ਉਹ ਜ਼ਰੂਰ ਪਾਗਲ ਹੋਵੇਗਾ... ਥਾਰ ਇੱਕ ਕਾਰ ਤੋਂ ਵੱਧ ਹੈ; ਇਹ ਇੱਕ ਬਿਆਨ ਹੈ। ਤੁਸੀਂ ਗੁੰਡਾਗਰਦੀ ਨਹੀਂ ਕਰ ਸਕਦੇ ਅਤੇ ਫਿਰ ਫੜੇ ਨਾ ਜਾਣ ਦੀ ਉਮੀਦ ਨਹੀਂ ਕਰ ਸਕਦੇ।" ਇਹ ਟਿੱਪਣੀਆਂ ਹਰਿਆਣਾ ਪੁਲਸ ਦੇ ਇੱਕ ਨਵੇਂ ਹੁਕਮ ਦੇ ਨਾਲ ਆਈਆਂ ਹਨ। ਇਸ ਵਿੱਚ ਕਿਹਾ ਗਿਆ ਹੈ ਬਾਰ ਅਤੇ ਰੈਸਟੋਰੈਂਟਾਂ ਨੂੰ ਵੀ ਜਵਾਬਦੇਹ ਠਹਿਰਾਇਆ ਜਾਵੇਗਾ, ਜੇ ਉਨ੍ਹਾਂ ਦੇ ਗਾਹਕ ਨਸ਼ੇ ਵਿੱਚ ਡਰਾਈਵਿੰਗ ਕਰਦੇ ਫੜੇ ਜਾਂਦੇ ਹਨ। ਭਾਰਤੀ ਸਿਵਲ ਸਰਵਿਸਿਜ਼ ਕੋਡ ਦੀ ਧਾਰਾ 168 ਦੇ ਤਹਿਤ ਜਾਰੀ ਕੀਤਾ ਗਿਆ ਇਹ ਹੁਕਮ, ਨਸ਼ੇੜੀ ਡਰਾਈਵਰਾਂ ਨੂੰ ਸ਼ਾਮਲ ਕਰਨ ਵਾਲੇ ਸੜਕ ਹਾਦਸਿਆਂ ਵਿੱਚ ਵਾਧੇ ਤੋਂ ਬਾਅਦ ਆਇਆ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਸੂਬੇ ਭਰ ਵਿੱਚ ਅਜਿਹੀਆਂ ਘਟਨਾਵਾਂ ਵਿੱਚ 345 ਲੋਕਾਂ ਦੀ ਮੌਤ ਹੋ ਗਈ ਹੈ ਅਤੇ 580 ਤੋਂ ਵੱਧ ਜ਼ਖਮੀ ਹੋਏ ਹਨ। ਨਿਰਦੇਸ਼ ਵਿੱਚ ਸ਼ਰਾਬ ਪਰੋਸਣ ਵਾਲੇ ਅਦਾਰਿਆਂ ਨੂੰ ਗਾਹਕਾਂ ਦੀ ਨਿਗਰਾਨੀ ਕਰਨ, ਨਸ਼ੇ ਵਿੱਚ ਧੁੱਤ ਗਾਹਕਾਂ ਨੂੰ ਕੈਬ ਜਾਂ ਮਨੋਨੀਤ ਡਰਾਈਵਰ ਪ੍ਰਦਾਨ ਕਰਨ ਅਤੇ ਨਸ਼ੇ ਵਿੱਚ ਡਰਾਈਵਿੰਗ ਦੇ ਜੋਖਮਾਂ ਤੇ ਕਾਨੂੰਨੀ ਨਤੀਜਿਆਂ ਬਾਰੇ ਚੇਤਾਵਨੀਆਂ ਨੂੰ ਪ੍ਰਮੁੱਖਤਾ ਨਾਲ ਪ੍ਰਦਰਸ਼ਤ ਕਰਨ ਲਈ ਕਿਹਾ ਗਿਆ ਹੈ।

### ਵਿਸਫੋਟਕ ਸਮੱਗਰੀ ...

ਲਈ ਐਨਕ੍ਰਿਪਟਡ ਚੈਨਲਾਂ ਦੀ ਵਰਤੋਂ ਕਰ ਰਿਹਾ ਸੀ। ਫੰਡ ਪੇਸ਼ੇਵਰ ਅਤੇ ਅਕਾਦਮਿਕ ਨੈੱਟਵਰਕਾਂ ਰਾਹੀਂ, ਸਮਾਜਕ/ ਚੈਰੀਟੇਬਲ ਕਾਰਨਾਂ ਦੀ ਆੜ ਹੇਠ ਇਕੱਠੇ ਕੀਤੇ ਜਾ ਰਹੇ ਸਨ। ਦੋਸ਼ੀ ਕੱਟੜਪੰਥੀ ਬਣਾਉਣ, ਉਨ੍ਹਾਂ ਨੂੰ ਅੱਤਵਾਦੀਆਂ ਦੀਆਂ ਸਫ਼ਾਂ ਵਿੱਚ ਸ਼ਾਮਲ ਕਰਨ ਅਤੇ ਭਰਤੀ ਕਰਨ ਲਈ ਵਿਅਕਤੀਆਂ ਦੀ ਪਛਾਣ ਕਰਨ, ਇਸ ਤੋਂ ਇਲਾਵਾ ਫੰਡ ਇਕੱਠੇ ਕਰਨ, ਲੌਜਿਸਟਿਕਸ ਦਾ ਪ੍ਰਬੰਧ ਕਰਨ, ਹਥਿਆਰ/ ਗੋਲਾ-ਬਾਰੂਦ ਅਤੇ ਆਈ ਈ ਡੀ ਤਿਆਰ ਕਰਨ ਲਈ ਸਮੱਗਰੀ ਦੀ ਖਰੀਦ ਵਿੱਚ ਸ਼ਾਮਲ ਪਾਏ ਗਏ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਆਰਿਫ਼ ਨਿਸਾਰ ਡਾਰ ਉਰਫ ਸਾਹਿਲ, ਯਾਸਿਰ-ਉਲ-ਅਸ਼ਰਫ਼ ਤੇ ਮਕਸੂਦ ਅਹਿਮਦ ਡਾਰ ਉਰਫ ਸ਼ਾਹਿਦ (ਸਾਰੇ ਨੌਗਾਮ, ਸ੍ਰੀਨਗਰ ਦੇ ਵਸਨੀਕ), ਮੌਲਵੀ ਇਰਫਾਨ ਅਹਿਮਦ (ਇੱਕ ਮਸਜਿਦ ਦਾ ਇਮਾਮ), ਜ਼ਮੀਰ ਅਹਿਮਦ ਅਹੰਗਰ ਉਰਫ ਮੁਤਲਾਸ਼ਾ (ਗੰਦਰਬਲ ਦੇ ਵਾਕੁਰਾ ਖੇਤਰ ਦਾ ਵਸਨੀਕ), ਡਾ. ਮੁਜ਼ੰਮਿਲ ਅਹਿਮਦ ਗਨਾਈ ਉਰਫ ਮੁਸੈਬ (ਪੁਲਵਾਮਾ ਦੇ ਕੋਇਲ ਖੇਤਰ ਦਾ ਵਸਨੀਕ) ਅਤੇ ਡਾ. ਅਦੀਲ (ਕੁਲਗਾਮ ਦੇ ਵਾਨਪੋਰਾ ਖੇਤਰ ਦਾ ਵਸਨੀਕ) ਵਜੋਂ ਹੋਈ ਹੈ। ਇੱਕ ਮਹਿਲਾ ਡਾਕਟਰ ਸ਼ਾਹੀਨ ਨੂੰ ਲਖਨਊ ਤੋਂ ਹਿਰਾਸਤ ਵਿੱਚ ਲਿਆ ਗਿਆ ਹੈ। ਡਾ. ਮੁਜ਼ੰਮਿਲ ਅਹਿਮਦ ਗਨਾਈ ਨੂੰ ਲਗਭਗ 360 ਕਿਲੋਗ੍ਰਾਮ ਵਿਸਫੋਟਕਾਂ (ਜਿਨ੍ਹਾਂ 'ਤੇ ਅਮੋਨੀਅਮ ਨਾਈਟਰੇਟ ਹੋਣ ਦਾ ਸ਼ੱਕ ਹੈ) ਅਤੇ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ-ਬਾਰੂਦ ਸਮੇਤ ਗ੍ਰਿਫਤਾਰ ਕੀਤਾ ਗਿਆ, ਜੋ ਉਸ ਦੀ ਫਰੀਦਾਬਾਦ ਵਿੱਚ ਕਿਰਾਏ 'ਤੇ ਲਈ ਗਈ ਰਿਹਾਇਸ਼ ਤੋਂ ਬਰਾਮਦ ਕੀਤਾ ਗਿਆ। ਗਨਾਈ ਅਲ ਫਲਾਹਾ ਯੂਨੀਵਰਸਿਟੀ ਵਿੱਚ ਇੱਕ ਅਧਿਆਪਕ ਹੈ। ਬਰਾਮਦਗੀਆਂ ਵਿੱਚ ਇੱਕ ਚੀਨੀ ਸਟਾਰ ਪਿਸਤੌਲ, ਇੱਕ ਬੇਰੇਟਾ ਪਿਸਤੌਲ, ਇੱਕ ਏ ਕੇ 56 ਰਾਈਫਲ, ਇੱਕ ਏ ਕੇ ਕ੍ਰਿੰਕੋਵ ਰਾਈਫਲ ਅਤੇ 2900 ਕਿੱਲੋ ਵਿਸਫੋਟਕ ਬਣਾਉਣ ਵਾਲੀ ਸਮੱਗਰੀ ਸ਼ਾਮਲ ਹੈ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਨੇ ਵਿੱਦਿਅਕ ਟੂਰ ਕਰਾਇਆ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਵੱਲੋਂ ਪ੍ਰਾਇਮਰੀ ਵਿਭਾਗ ਦੀ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਦਾ ਬਠਿੰਡਾ ਵਿਖੇ ਵਿੱਦਿਅਕ ਟੂਰ ਲਿਜਾਇਆ ਗਿਆ, ਜਿੱਥੇ ਬੱਚਿਆ ਨੂੰ ਬੀੜ ਤਲਾਬ, ਚੇਤਕ ਪਾਰਕ, ਰੋਜ਼ ਗਾਰਡਨ ਆਦਿ ਵੱਖ-ਵੱਖ ਥਾਂਵਾਂ ਦਿਖਾਈਆਂ ਗਈਆਂ, ਉੱਥੇ ਬੱਚਿਆਂ ਨੇ ਵੱਖ-ਵੱਖ ਝੂਲਿਆਂ ਦਾ ਆਨੰਦ ਮਾਣਿਆ।ਬੀੜ ਤਲਾਬ 'ਚ ਬੱਚਿਆਂ ਨੂੰ ਕਈ ਕਿਸਮਾਂ ਦੇ ਜਾਨਵਰਾਂ ਤੇ ਪੰਛੀਆਂ ਦੀ ਜਾਣਕਾਰੀ ਵੀ ਦਿੱਤੀ ਗਈ।ਬੱਚਿਆਂ ਨੇ ਬੀੜ ਤਲਾਬ ਵਿਚ ਡੀਅਰ ਸਫਾਰੀ ਦਾ ਵੀ ਬਹੁਤ ਖੂਬ ਆਨੰਦ ਮਾਣਿਆ।ਟੂਰ ਦੀ ਅਗਵਾਈ ਮੈਡਮ ਸੁਖਵੀਰ ਕੌਰ ਸੁਰਘੂਰੀ ਤੇ ਕੁਆਰਡੀਨੇਟਰ ਨੇਹਾ ਜਿੰਦਲ ਵੱਲੋਂ ਕੀਤੀ ਗਈ।

## ਡੀ ਏ ਵੀ ਵਿਦਿਆਰਥੀਆਂ ਨੇ ਰਾਜ ਪੱਧਰੀ ਖੇਡਾਂ 'ਚ 52 ਮੈਡਲ ਜਿੱਤੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੀਏਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਰਾਜ ਪੱਧਰੀ ਖੇਡਾਂ ਵਿੱਚ ਗੋਲਡ, ਸਿਲਵਰ ਤੇ ਬਰਾਊਨਜ ਮੈਡਲ ਜਿੱਤ ਕੇ ਮਾਪਿਆਂ ਤੇ ਸਕੂਲ ਦਾ ਖੂਬ ਨਾਮ ਰੌਸ਼ਨ ਕੀਤਾ ਹੈ। ਜਾਣਕਾਰੀ ਦਿੰਦਿਆ ਸਕੂਲ ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਨੇ ਦੱਸਿਆ ਕਿ ਡੀਏਵੀ ਦੀਆਂ ਰਾਜ ਪੱਧਰੀ ਖੇਡਾਂ ਲਈ ਪੁਲਸ ਡੀਏਵੀ ਵਿਖੇ ਅਕਤੂਬਰ 31, ਨਵੰਬਰ 1 ਤੇ ਡੀਏਵੀ ਲੁਧਿਆਣਾ ਵਿਖੇ ਨਵੰਬਰ 3 ਨੂੰ ਹੋਏ ਖੇਡ ਮੁਕਾਬਲਿਆਂ ਵਿੱਚ ਡੀਏਵੀ ਪਾਤੜਾਂ ਦੇ ਹੋਣਹਾਰ ਖਿਡਾਰੀਆਂ ਨੇ ਖੂਬ ਝੰਡੇ ਗੱਡੇ ਹਨ।ਇਨ੍ਹਾਂ ਖੇਡ ਪ੍ਰਤੀਯੋਗਤਾਵਾਂ 'ਚ 14, 17 ਤੇ 19 ਉਮਰ ਤੇ ਵੱਖ-ਵੱਖ ਭਾਰ ਵਰਗ ਤਹਿਤ ਲੜਕੀਆਂ ਤੇ ਲੜਕਿਆਂ ਦੇ ਜੂਡੋ, ਕੁਸ਼ਤੀ, ਕਬੱਡੀ ਤੇ ਵਾਲੀਬਾਲ ਦੇ ਮੁਕਾਬਲਿਆਂ ਲਈ ਪਾਤੜਾਂ ਡੀਏਵੀ ਦੇ ਖਿਡਾਰੀਆਂ 'ਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ 19 ਖਿਡਾਰੀਆਂ ਨੇ ਗੋਲਡ ਮੈਡਲ, ਦੂਜੇ ਸਥਾਨ 'ਤੇ ਆਉਣ ਵਾਲੇ 16 ਖਿਡਾਰੀਆਂ ਨੇ ਸਿਲਵਰ ਮੈਡਲ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ 17 ਖਿਡਾਰੀਆਂ ਨੇ ਬਰਾਊਨਜ਼ ਮੈਡਲ ਜਿੱਤੇ।ਇਸ ਦੇ ਤਹਿਤ ਕੁਸ਼ਤੀ ਤੇ ਜੂਡੋ ਮੁਕਾਬਲਿਆਂ ਵਿੱਚ ਲੜਕੀਆਂ ਨੇ 14, 17 ਤੇ 19 ਉਮਰ ਵਰਗ ਤਹਿਤ ਅਤੇ ਲੜਕਿਆਂ ਨੇ 19 ਉਮਰ ਵਰਗ ਤਹਿਤ ਸ਼ਾਨਦਾਰ ਜਿੱਤ ਦਿਖਾ ਕੇ ਜੇਤੂ ਟਰਾਫੀਆਂ ਹਾਸਲ ਕੀਤੀਆਂ।ਅੱਵਲ ਰਹੇ ਖਿਡਾਰੀ ਅੱਗੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਚੁਣੇ ਗਏ ਹਨ। ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਨੇ ਜੇਤੂ ਖਿਡਾਰੀਆਂ ਤੇ ਸਰੀਰਕ ਸਿੱਖਿਆ ਵਿਸ਼ੇ ਦੇ ਅਧਿਆਪਕ ਪੀ.ਟੀ.ਆਈ. ਜੀਵਨ ਸਿੰਘ ਨੂੰ ਵਧਾਈ ਦਿੱਤੀ ਤੇ ਅੱਗੇ ਰਾਸ਼ਟਰੀ ਪੱਧਰ ਦੇ ਖੇਡ ਮੁਕਾਬਲਿਆਂ ਲਈ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਤ ਕੀਤਾ।

## ਟੁੱਟੇ ਮੀਟਰ ਬਕਸਿਆਂ ਨੂੰ ਠੀਕ ਕਰਨ ਦੀ ਮੰਗ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਨਿਹਾਲ ਸਿੰਘ ਵਾਲਾ ਦੇ ਮੇਨ ਚੌਕ ਨਜ਼ਦੀਕ ਕੁੱਝ ਦਿਨ ਪਹਿਲਾਂ ਮੀਟਰ ਬਕਸਾ ਟੇਢਾ ਹੋ ਗਿਆ, ਪਰ ਬਿਜਲੀ ਵਿਭਾਗ ਵੱਲੋਂ ਟੇਢੇ ਹੋਏ ਮੀਟਰ ਬਕਸੇ ਨੂੰ ਇੰਟਰਲਾਕ ਦੇ ਸਹਾਰੇ ਖੜ੍ਹਾ ਕਰ ਦਿੱਤਾ, ਉਸ ਤੋਂ ਇਲਾਵਾ ਮੀਟਰ ਬਕਸੇ ਹਰ ਸਮੇਂ ਖੁੱਲ੍ਹੇ ਰਹਿੰਦੇ ਹਨ। ਇਸ ਮੀਟਰ ਬੌਕਸ ਦੇ ਨੇੜੇ ਹਰ ਸਮੇਂ ਜਾਨਵਰ ਘੁੰਮਦੇ ਰਹਿੰਦੇ ਹਨ ਤੇ ਬੱਚੇ ਖੇਡਦੇ ਰਹਿੰਦੇ ਹਨ, ਕਿਸੇ ਟਾਇਮ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ, ਪਰ ਬਿਜਲੀ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਜਦ ਇਸ ਸਬੰਧੀ ਐੱਸ ਡੀ ਓ ਪੱਤੋਂ ਹੀਰਾ ਸਿੰਘ ਤੇ ਜੇ ਈ ਰਾਜੇਸ਼ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਨੂੰ ਜਲਦੀ ਠੀਕ ਕਰਵਾ ਦਿੱਤਾ ਜਾਵੇਗਾ। ਇਹ ਮੀਟਰ ਦਾ ਟੁੱਟਿਆ ਹੋਇਆ ਬਕਸਾ ਕਦੋਂ ਠੀਕ ਹੋਵੇਗਾ, ਇਸ ਦਾ ਕੋਈ ਪਤਾ ਨਹੀਂ।

## ਸਿਹਤ ਮੰਤਰੀ ਵੱਲੋਂ ਕਮਿਊਨਿਟੀ ਹੈਲਥ ਸੈਂਟਰ ਦਾ ਦੌਰਾ



**ਦੋਰਾਹਾ (ਹਰਮਿੰਦਰ ਸੇਠ)**-ਸਿਹਤ ਮੰਤਰੀ ਬਲਬੀਰ ਸਿੰਘ ਨੇ ਅੱਜ ਜੀ. ਟੀ. ਰੋਡ 'ਤੇ ਦੋਰਾਹਾ ਕਮਿਊਨਿਟੀ ਹੈਲਥ ਸੈਂਟਰ ਦਾ ਅਚਾਨਕ ਦੌਰਾ ਕੀਤਾ ਤੇ ਸੈਂਟਰ ਦਾ ਨਰੀਖਣ ਕੀਤਾ।ਉਨ੍ਹਾਂ ਸਿਵਲ ਸਰਜਨ ਨੂੰ ਉਨ੍ਹਾਂ ਕਮੀਆਂ ਬਾਰੇ ਹਦਾਇਤਾਂ ਦਿੱਤੀਆਂ, ਜੋ ਉਨ੍ਹਾਂ ਨੇ ਦੇਖੀਆਂ।ਇਸ ਮੌਕੇ ਪ੍ਰੈਸ ਨਾਲ ਗੱਲ ਕਰਦੇ ਹੋਏ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ 30 ਬਿਸਤਰਿਆਂ ਵਾਲੇ ਕਮਿਊਨਿਟੀ ਹੈਲਥ ਸੈਂਟਰ ਨੂੰ ਜਲਦੀ ਹੀ ਸਾਰੇ ਜ਼ਰੂਰੀ ਮੈਡੀਕਲ ਸਟਾਫ ਤੇ ਉਪਕਰਣ ਪ੍ਰਦਾਨ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਡਾਕਟਰਾਂ ਤੇ ਨਰਸਿੰਗ ਸਟਾਫ ਦੀ ਭਰਤੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੀ.ਟੀ. ਰੋਡ 'ਤੇ ਸਥਿਤ ਇਹ ਸਿਹਤ ਕੇਂਦਰ ਐਮਰਜੈਂਸੀ ਲਈ 24 ਘੰਟੇ ਖੁੱਲ੍ਹਾ ਰਹੇਗਾ, ਕਿਉਂਕਿ ਸੜਕ ਹਾਦਸਿਆਂ ਕਾਰਨ ਅਕਸਰ ਮਰੀਜ਼ਾਂ ਨੂੰ ਲੁਧਿਆਣਾ ਰੈਫਰ ਕੀਤਾ ਜਾਂਦਾ ਹੈ।ਨਰੀਖਣ ਤੋਂ ਬਾਅਦ, ਉਨ੍ਹਾਂ ਸਿਹਤ ਕੇਂਦਰ 'ਚ ਰੁੱਖ ਲਗਾਉਣ ਦੇ ਵੀ ਨਿਰਦੇਸ਼ ਦਿੱਤੇ।ਉਨ੍ਹਾਂ ਸਿਹਤ ਕੇਂਦਰ ਵਿੱਚ ਕੁਝ ਕਮੀਆਂ ਵੀ ਦੇਖੀਆਂ, ਜਿਨ੍ਹਾਂ ਨੂੰ ਉਨ੍ਹਾਂ ਨੇ ਮੌਜੂਦ ਸਟਾਫ ਨੂੰ ਠੀਕ ਕਰਨ ਦੇ ਨਿਰਦੇਸ਼ ਦਿੱਤੇ।ਜ਼ਿਕਰਯੋਗ ਹੈ ਕਿ ਲਗਭਗ 9 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਕਮਿਊਨਿਟੀ ਹੈਲਥ ਸੈਂਟਰ ਲੰਬੇ ਸਮੇਂ ਤੋਂ ਡਾਕਟਰ ਦੀ ਉਡੀਕ ਕਰ ਰਿਹਾ ਹੈ।ਮਾਜ ਸੇਵੀ ਸੰਸਥਾਵਾਂ ਦੇ ਵਿਰੋਧ ਤੋਂ ਬਾਅਦ ਸ਼ਹਿਰ ਦੀ ਡਿਸਪੈਂਸਰੀ ਨੂੰ ਇਸ ਕਮਿਊਨਿਟੀ ਹੈਲਥ ਸੈਂਟਰ ਵਿੱਚ ਤਬਦੀਲ ਕਰ ਦਿੱਤਾ ਗਿਆ।ਹੁਣ, ਸਿਹਤ ਮੰਤਰੀ ਦੇ ਦੌਰੇ ਤੋਂ ਬਾਅਦ, ਵਸਨੀਕਾਂ ਨੂੰ ਉਮੀਦ ਦੀ ਕਿਰਨ ਦਿਖਾਈ ਦਿੰਦੀ ਹੈ।ਅੱਜ ਸਿਹਤ ਮੰਤਰੀ ਨੇ ਕਮਿਊਨਿਟੀ ਹੈਲਥ ਸੈਂਟਰ ਦਾ ਨਰੀਖਣ ਕੀਤਾ, ਜਿਸ ਨਾਲ ਲੋਕਾਂ ਨੂੰ ਉਮੀਦ ਮਿਲੀ ਕਿ ਇਸ ਕਮਿਊਨਿਟੀ ਹੈਲਥ ਸੈਂਟਰ ਵਿੱਚ ਜਲਦੀ ਹੀ ਹਰ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਉਪਲਬਧ ਹੋਣਗੀਆਂ।

## ਪੰਜਾਬ 'ਵਰਸਿਟੀ ਦੀਆਂ ਸੈਨੇਟ ਚੋਣਾਂ ਬਹਾਲ ਕਰਾਉਣ ਲਈ ਰੈਲੀ



**ਮੂਣਕ (ਰਾਜਪਾਲ ਸਿੰਗਲਾ)**-ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਤੇ ਡਾ. ਅੰਬੇਡਕਰ ਸਟੂਡੈਂਟਸ ਫਰੰਟ ਦੇ ਆਗੂ ਅੰਕਿਤਾ ਤੇ ਕਾਜਲ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਖਿਲਾਫ ਤੇ ਸੈਨੇਟ ਚੋਣਾਂ ਬਹਾਲ ਕਰਾਉਣ ਲਈ ਯੂਨੀਵਰਸਿਟੀ ਕਾਲਜ ਮੂਣਕ ਵਿੱਚ ਰੈਲੀ ਕੀਤੀ ਗਈ।ਵਿਦਿਆਰਥੀ ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਕੇਂਦਰ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ 91 ਮੈਂਬਰੀ ਸੈਨੇਟ ਭੰਗ ਕਰ ਦਿੱਤੀ ਸੀ ਤੇ ਉਸ ਦਾ ਰੂਪ ਬਦਲ ਕੇ ਪੰਜਾਬ ਯੂਨੀਵਰਸਿਟੀ ਦਾ ਪੂਰੀ ਤਰ੍ਹਾਂ ਕੇਂਦਰੀਕਰਨ ਕਰ ਦਿੱਤਾ ਸੀ।ਕੇਂਦਰੀ ਹਕੂਮਤ ਦੇ ਇਸ ਗ਼ਲਤ ਕਦਮ ਖਿਲਾਫ਼ ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਜਥੇਬੰਦੀਆਂ ਲਗਾਤਾਰ ਸੰਘਰਸ਼ ਕਰ ਰਹੀਆਂ ਹਨ ਤੇ ਯੂਨੀਵਰਸਿਟੀ ਦੀ ਵਾਇਸ ਚਾਂਸਲਰ ਦਫ਼ਤਰ ਦੇ ਬਾਹਰ ਲਗਾਤਾਰ ਮੋਰਚਾ ਚੱਲ ਰਿਹਾ ਹੈ।ਮੋਰਚੇ ਦੇ ਦਬਾਅ ਅਤੇ ਪੰਜਾਬ ਭਰ ਦੀਆਂ ਜਥੇਬੰਦੀਆਂ ਵਜੋਂ ਕੇਂਦਰੀਕਰਨ ਖਿਲਾਫ ਇਕਜੁੱਟ ਆਵਾਜ਼ ਬੁਲੰਦ ਕਰਨ ਕਰਕੇ ਇੱਕ ਵਾਰ ਕੇਂਦਰੀ ਹਕੂਮਤ ਨੂੰ ਨੋਟੀਫਿਕੇਸ਼ਨ ਵਾਪਸ ਲੈਣਾ ਪੈ ਗਿਆ ਹੈ, ਪ੍ਰੰਤੂ ਹੁਣ ਸੈਨੇਟ ਚੋਣਾਂ ਦਾ ਸ਼ਡਿਊਲ ਜਾਰੀ ਨਹੀਂ ਕੀਤਾ ਜਾ ਰਿਹਾ, ਜਿਸ ਨੂੰ ਲੈ ਕੇ ਮੋਰਚਾ ਜਾਰੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਸੰਘਰਸ਼ ਦੀ ਹਮਾਇਤ 'ਚ ਪੀ.ਐਸ.ਯੂ. (ਸ਼ਹੀਦ ਰੰਧਾਵਾ) ਤੇ ਡੈਸਫੀ ਵੱਲੋਂ ਕਾਲਜ ਵਿੱਚ ਰੈਲੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਰੈਲੀ ਰਾਹੀਂ ਸੈਨੇਟ ਚੋਣਾਂ ਬਹਾਲ ਕਰਨ, ਸਿੱਖਿਆ ਦਾ ਕੇਂਦਰੀਕਰਨ, ਨਿੱਜੀਕਰਨ ਤੇ ਫਿਰਕੂਕਰਨ ਦੀ ਨੀਤੀ ਰੱਦ ਕਰਨ, ਨਵੀਂ ਸਿੱਖਿਆ ਨੀਤੀ ਰੱਦ ਕਰਨ, ਸਿੱਖਿਆ ਖੇਤਰ ਲਈ ਲੋੜੀਂਦੇ ਬਜਟ/ ਗ੍ਰਾਂਟਾਂ ਜਾਰੀ ਕਰਨ ਵਰਗੀਆਂ ਮੰਗਾਂ ਤੇ ਆਵਾਜ਼ ਬੁਲੰਦ ਕੀਤੀ ਗਈ ਹੈ।

## ਹੈਬੋਵਾਲ ਯੂਥ ਕਲੱਬ ਨੇ ਬੂਟੇ ਲਾਏ



**ਲੁਧਿਆਣਾ (ਜਸਦੀਪ ਵਰਤੀਆ)**-ਹੈਬੋਵਾਲ ਯੂਥ ਕਲੱਬ ਵੱਲੋਂ ਓਮ ਪਾਰਕ ਬੈਂਕ ਕਲੋਨੀ ਵਿੱਚ 51 ਬੂਟੇ ਲਾਏ ਗਏ। ਮੁੱਖ ਮਹਿਮਾਨ ਵਜੋਂ ਪੁੱਜੇ ਕੌਂਸਲਰ ਰੋਹਿਤ ਸਿੱਕਾ ਨੇ ਆਪਣੇ ਕੋਮਲ ਹੱਥਾਂ ਨਾਲ ਬੂਟੇ ਲਾ ਕੇ ਹਰਿਆ-ਭਰਿਆ ਰੱਖਣ ਦੀ ਅਪੀਲ ਕੀਤੀ ਅਤੇ ਨੌਜਵਾਨਾਂ ਨੂੰ ਉਨ੍ਹਾਂ ਨੇ ਕਿਹਾ ਕਿ ਬੂਟਾ ਲਾਉਣ ਤੱਕ ਸੀਮਤ ਹੀ ਨਹੀਂ ਰਹਿਣਾ ਬੂਟਿਆਂ ਦਾ ਪਾਲਣ ਪੋਸ਼ਣ ਅਤੇ ਦੇਖਭਾਲ ਕਰਨੀ ਬਹੁਤ ਜ਼ਰੂਰੀ ਹੈ, ਜਿਹੜਾ ਅੱਜ ਤੁਸੀਂ ਬੂਟਾ ਲਾਓਗੇ, ਉਹ ਛਾਂ ਹਵਾਦਾਰ ਤੇ ਪ੍ਰਦੂਸ਼ਣ ਮੁਕਤ ਹੋ ਜਾਓਗੇ। ਇਸ ਮੌਕੇ ਸ੍ਰੀ ਮੁਕਤੇਸ਼ਵਰ ਨਿਸ਼ਕਾਮ ਸੇਵਾ ਸੁਸਾਇਟੀ ਦੇ ਚੇਅਰਮੈਨ ਨੀਲ ਕਮਲ ਸ਼ਰਮਾ ਨੇ ਬੋਲਦੇ ਦੱਸਿਆ ਕਿ ਇੱਕ ਰੁੱਖ ਸੌ ਸੁੱਖ ਜੇ ਅੱਜ ਤੁਸੀਂ ਇੱਕ ਰੁੱਖ ਲਾਉਂਦੇ ਹੋ ਤਾਂ ਤੁਹਾਨੂੰ 100 ਸੁੱਖ ਮਿਲਣਗੇ। ਸੁਸਾਇਟੀ ਦੇ ਮੈਂਬਰ ਰਕੇਸ਼ ਸ਼ਰਮਾ ਨੇ ਇਨ੍ਹਾਂ ਨੂੰ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਨਸ਼ਿਆਂ ਤੋਂ ਦੂਰ ਰਹਿ ਕੇ ਇਨ੍ਹਾਂ ਬੂਟਿਆਂ ਦਾ ਦੇਖਭਾਲ ਕਰੋ ਤੇ ਖੇਡਾਂ ਵੱਲ ਦਿਲਚਸਪੀ ਦਿਖਾਓ। ਹੈਬੋਵਾਲ ਯੂਥ ਕਲੱਬ ਦੇ ਮੈਂਬਰ ਸਾਹਿਲ ਸ਼ਰਮਾ, ਮੰਗੂ ਮਹਿਰਾ, ਮਨਪ੍ਰੀਤ ਸਿੰਘ, ਦਮਨ, ਸਮੀਰ, ਬਿਜੋਯ ਸਹਿਗਲ, ਕਮਲ ਚੀਨਾ, ਦਲਜੀਤ ਪੱਪਾ ਆਦਿ ਨੇ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ।

## ਸਕਾਊਟ ਐਂਡ ਗਾਇਡ ਅਧੀਨ ਲਾਇਆ ਕੈਂਪ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਸਰਕਾਰੀ ਪ੍ਰਾਇਮਰੀ ਸੈਂਟਰ ਸਕੂਲ ਪਿੰਡ ਗੁਰੂਹਰਸਹਾਏ ਬਲਾਕ ਪਿੰਡੀ ਵਿਖੇ ਭਾਰਤ ਸਕਾਊਟ ਐਂਡ ਗਾਇਡ ਅਧੀਨ ਪ੍ਰਾਇਮਰੀ ਵਿੰਗ ਦੇ ਬੱਚਿਆਂ ਲਈ ਕੱਬ/ਬੁਲਬੁਲ ਤ੍ਰਿਤਿਆ ਸੋਪਾਨ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੀ ਸ਼ੁਰੂਆਤ ਮੁੱਖ ਮਹਿਮਾਨ ਰਜਿੰਦਰ ਸਿੰਘ ਸੈਂਟਰ ਹੈੱਡ ਟੀਚਰ ਪਿੰਡ ਗੁਰੂਹਰਸਹਾਏ, ਵਿਪਨ ਲੋਟਾ ਬੀ.ਓ.ਸੀ ਭਾਰਤ ਸਕਾਊਟ ਐਂਡ ਗਾਇਡ ਬਲਾਕ ਪਿੰਡੀ ਤੇ ਸਤਨਾਮ ਚਾਂਦੀ ਬੀ.ਟੀ.ਸੀ ਭਾਰਤ ਸਕਾਊਟ ਐਂਡ ਗਾਇਡ ਬਲਾਕ ਪਿੰਡੀ ਨੇ ਕਰਾਈ।ਕੈਂਪ 'ਚ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਗੁਰੂਹਰਸਹਾਏ, ਮਾੜੇ ਖੁਰਦ, ਚਾਹ ਬੋਹੜੀਆਂ ਤੇ ਸਰਕਾਰੀ ਪ੍ਰਾਇਮਰੀ ਸਕੂਲ ਜੁਆਏ ਸਿੰਘ ਵਾਲਾ ਦੇ ਵਿਦਿਆਰਥੀਆਂ ਭਾਗ ਲੈ ਰਹੇ ਹਨ।ਸਤਨਾਮ ਚਾਂਦੀ ਨੇ ਆਏ ਹੋਏ ਮਹਿਮਾਨਾਂ ਤੇ ਅਧਿਆਪਕਾਂ ਦਾ ਜੀ ਆਇਆਂ ਕਰਦੇ ਹੋਏ ਬੱਚਿਆਂ ਨੂੰ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਇਸ ਤਿੰਨ ਦਿਨਾਂ ਕੈਂਪ ਵਿੱਚ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲੇਗਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

11-Nov-PAGE-3.qxd 11/10/2025 11:09 PM Page 1



# ਪੰਜਾਬ 'ਵਰਸਿਟੀ ਦੀ ਸੈਨੇਟ ਨੂੰ ਭੰਗ ਕਰਨਾ ਨਵੀਂ ਸਿੱਖਿਆ ਨੀਤੀ ਦਾ ਹਿੱਸਾ : ਡੀ ਟੀ ਐੱਫ਼

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਨੇ ਪੰਜਾਬ ਯੂਨੀਵਰਸਿਟੀ ਦਾ ਸੈਨੇਟ ਢਾਂਚਾ ਭੰਗ ਕਰਨ ਅਤੇ ਇਸ ਨੂੰ ਕੇਂਦਰੀ ਹਕੂਮਤ ਦੇ ਕੰਟਰੋਲ ਵਿੱਚ ਲੈਣ ਦੇ ਕਦਮਾਂ ਦਾ ਵਿਰੋਧ ਕੀਤਾ ਹੈ ਅਤੇ ਕੇਂਦਰੀਕਰਨ ਦੇ ਇਨ੍ਹਾਂ ਕਦਮਾਂ ਨੂੰ ਸਿੱਖਿਆ ਦੇ ਫਿਰਕੂ-ਕਰਨ , ਨਿੱਜੀਕਰਨ ਤੇ ਵਪਾਰੀ ਕਰਨ ਦੇ ਹਮਲੇ ਨੂੰ ਤੇਜ਼ ਕਰਨ ਦੀ ਵਿਉਂਤ ਦਾ ਹਿੱਸਾ ਕਰਾਰ ਦਿੱਤਾ ਹੈ।ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਕਿਹਾ ਹੈ ਕਿ ਯੂਨੀਵਰਸਿਟੀ ਦਾ ਸੈਨੇਟ ਤੇ ਸਿੰਡੀਕੇਟ ਵਾਲਾ ਤੁਰਿਆ ਆਉਂਦਾ ਸਿਸਟਮ ਚਾਹੇ ਆਪਣੇ ਆਪ ਵਿੱਚ ਯੂਨੀਵਰਸਿਟੀ ਦੇ ਪ੍ਰਬੰਧਕੀ ਅਮਲ 'ਚ ਇਸ ਦੇ ਵਿਦਿਆਰਥੀਆਂ ਤੇ ਲੋਕਾਂ ਦੀ ਹਕੀਕੀ ਜਮਹੂਰੀ ਸ਼ਮੂਲੀਅਤ ਦਾ ਕੋਈ ਬਹੁਤਾ ਅਸਰਦਾਰ ਢੰਗ ਨਹੀਂ ਸੀ, ਪਰ ਕੇਂਦਰੀ ਭਾਜਪਾ ਹਕੂਮਤ ਦਾ ਧੱਕਾ ਏਨਾ ਜ਼ੋਰਦਾਰ ਹੈ ਕਿ ਉਸਨੂੰ ਇਹ ਰਸਮੀ ਅਮਲ ਵੀ ਰੜਕਦਾ ਆ ਰਿਹਾ ਸੀ ਤੇ ਆਪਣਾ ਫਿਰਕੂ ਤੇ ਕਾਰਪੋਰੇਟ ਏਜੰਡਾ ਲਾਗੂ ਕਰਨ ਦੇ ਰਾਹ 'ਚ ਅੜਿੱਕਾ ਜਾਪਦਾ ਸੀ। ਇਸ ਲਈ ਉਸਨੇ ਇਸ ਅੜਿੱਕੇ ਨੂੰ ਵੀ ਦੂਰ ਕਰਨ ਤੇ ਯੂਨੀਵਰਸਿਟੀ ਉੱਤੇ ਆਪਣਾ ਮੁਕੰਮਲ ਕੰਟਰੋਲ ਬਣਾਉਣ ਦੀ ਨੀਤੀ 'ਚੋਂ ਹੀ ਇਹ ਕਦਮ ਚੱਕਿਆ ਹੈ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਮੀਤ ਪ੍ਰਧਾਨ ਸੁੱਖਵਿੰਦਰ ਸੁੱਖੀ, ਸੰਯੁਕਤ ਸਕੱਤਰ ਦਲਜੀਤ ਸਮਰਾਲਾ, ਵਿਤ ਸਕੱਤਰ ਜਸਵਿੰਦਰ ਬਠਿੰਡਾ, ਪ੍ਰੈੱਸ ਸਕੱਤਰ ਲਖਵੀਰ ਮੁਕਤਸਰ ਅਤੇ ਸਹਾਇਕ ਪ੍ਰੈੱਸ ਸਕੱਤਰ ਰਾਜਵਿੰਦਰ ਸਿੰਘ ਬੈਹਣੀਵਾਲ ਨੇ ਕਿਹਾ ਹੈ ਕਿ ਸਾਡੀ ਜਥੇਬੰਦੀ ਵਿਦਿਆਰਥੀਆਂ ਵੱਲੋਂ ਉਠਾਈ ਜਾ ਰਹੀ ਆਵਾਜ਼ ਦਾ ਜ਼ੋਰਦਾਰ ਸਮਰਥਨ ਕਰਦੀ ਹੈ ਤੇ ਕੇਂਦਰ ਸਰਕਾਰ ਦੇ ਇਸ ਕਦਮ ਦਾ ਵਿਰੋਧ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕਰਦੀ ਹੈ। ਉਨ੍ਹਾਂ ਕਿਹਾ ਕਿ ਨਾ ਸਿਰਫ ਇਹ ਕਦਮ ਵਾਪਸ ਹੋਣਾ ਚਾਹੀਦਾ ਹੈ ਸਗੋਂ ਸਿੱਖਿਆ ਦੇ ਕੇਂਦਰੀਕਰਨ, ਨਿੱਜੀਕਰਨ ਤੇ ਵਪਾਰੀਕਰਨ ਦੇ ਸਾਰੇ ਕਦਮ ਰੋਕੇ ਜਾਣੇ ਚਾਹੀਦੇ ਹਨ।ਸਿੱਖਿਆ ਦੇ ਨਿੱਜੀਕਰਨ ਦੀ ਨੀਤੀ ਮੁੱਢੋਂ ਰੱਦ ਕੀਤੀ ਜਾਣੀ ਚਾਹੀਦੀ ਹੈ।ਆਗੂਆਂ ਨੇ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਦੇ ਉਸ ਫੈਸਲੇ ਨੂੰ ਵੀ ਵਾਪਸ ਲੈਣ ਦੀ ਮੰਗ ਕੀਤੀ ਜਿਸ ਵਿੱਚ ਵਿਦਿਆਰਥੀਆਂ ਨੂੰ ਦਾਖਲਾ ਲੈਣ ਤੋ ਪਹਿਲਾਂ ਕਿਸੇ ਅੰਦੋਲਨ ਵਿੱਚ ਭਾਗ ਨਾ ਲੈਣ ਬਾਰੇ ਹਲਫੀਆ ਬਿਆਨ ਦੇਣ ਬਾਰੇ ਕਿਹਾ ਹੈ। ਉਨ੍ਹਾਂ ਨੂੰ ਆਪਣੇ ਤੌਰ ਤੇ ਇਸ ਮਸਲੇ 'ਤੇ ਆਵਾਜ਼ ਉਠਾਉਣ ਤੇ ਲੋਕਾਂ ਨੂੰ ਲਾਮਬੰਦ ਕਰਨ ਲਈ ਮਜਬੂਰ ਕਰਨ।



# ਵੜਿੰਗ ਨੂੰ ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਤੇ ਰਹਿਣ ਦਾ ਕੋਈ ਹੱਕ ਨਹੀਂ : ਕਾਹਲੋਂ



**ਜਲੰਧਰ (ਸ਼ੈਲੀ ਐਲਬਰਟ, ਰਾਜੇਸ਼ ਥਾਪਾ)**-ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਐਡਵੋਕੇਟ ਗੁਰਜੀਤ ਸਿੰਘ ਕਾਹਲੋਂ ਜ਼ਿਲ੍ਹਾ ਪ੍ਰਧਾਨ ਕਾਂਗਰਸ ਲੀਗਲ, ਹਿਊਮਨ ਰਾਈਟਸ ਆਰ ਟੀ ਆਈ ਵਿਭਾਗ ਜਲੰਧਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ । ਉਨ੍ਹਾਂ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਤਰਨ ਤਾਰਨ ਦੀ ਜ਼ਿਮਣੀ ਚੋਣ ਦੌਰਾਨ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਦੇ ਖਿਲਾਫ ਜੋ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਅਤੇ ਜਿਸ ਵਿਵਾਦਿਤ ਬਿਆਨ ਵਿੱਚ ਉਸ ਨੇ ਜਾਤ ਅਤੇ ਰੰਗ ਬਾਰੇ ਜ਼ਿਕਰ ਕੀਤਾ ਅਤੇ ਖਾਸ ਕਰਕੇ ਆਪਣੇ ਬਿਆਨ ਵਿੱਚ ਮਜ਼ਬੀ ਸਿੰਘ ਬਾਰੇ ਜ਼ਿਕਰ ਕੀਤਾ ਹੈ , ਉਹਨਾਂ ਨੂੰ ਸੰਬੋਧਨ ਕਰਨ ਦਾ ਤਰੀਕਾ ਬੜਾ ਹੀ ਅਪਮਾਨਜਨਕ ਸੀ। ਰਾਜਾ ਵੜਿੰਗ ਵਰਗੇ ਵਿਅਕਤੀ ਨੂੰ ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਤੇ ਰਹਿਣ ਦਾ ਕੋਈ ਹੱਕ ਨਹੀਂ ਹੈ ਤੇ ਇਸ ਨੂੰ ਜਲਦ ਤੋਂ ਜਲਦ ਇਸ ਅਹੁਦੇ ਤੋਂ ਹਟਾਇਆ ਜਾਵੇ।

# ਇੰਡੀਅਨ ਟੈਲੇਂਟ ਓਲੰਪੀਆਡ ਵੱਲੋਂ ਡਾ. ਅਮਰਪ੍ਰੀਤ ਕੌਰ ਬੈਸਟ ਪ੍ਰਿੰ. ਐਵਾਰਡ ਨਾਲ ਸਨਮਾਨਿਤ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੂੰ ਇੰਡੀਅਨ ਟੈਲੈਂਟ ਓਲੰਪੀਆਡ ਵੱਲੋਂ ਬੈਸਟ ਪ੍ਰਿੰਸੀਪਲ ਅਤੇ ਸਕੂਲ ਦੇ ਕੋਆਰਡੀਨੇਟਰ ਸ਼ਿਲਪਾ ਸ਼ਰਮਾ ਨੂੰ ਬੈਸਟ ਟੀਚਰ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ।ਇਸ ਸਬੰਧੀ ਵਿਸ਼ਨੂ ਦਾਸ ਨਾਟਕ ਗ੍ਰਹਿ ਮੁੰਬਈ ਵਿੱਚ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ ।ਇਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਕਿਰਨ ਬੇਦੀ (ਪਹਿਲੀ ਮਹਿਲਾ ਆਈਪੀਐੱਸ ਅਧਿਕਾਰੀ ਉੱਘੇ ਸਮਾਜ ਸੁਧਾਰਕ ਤੇ ਪਾਂਡੂਚਰੀ ਦੀ ਸਾਬਕਾ ਲੈਫਟੀਨੈਂਟ ਗਵਰਨਰ) ਅਤੇ ਸਾਈਨਾ ਨੇਹਵਾਲ (ਬੈਡਮਿੰਟਨ ਖਿਡਾਰਨ ਓਲੰਪਿਕ ਤਗਮਾ ਜੇਤੂ ਅਤੇ ਪਦਮ ਭੂਸ਼ਣ ਪੁਰਸਕਾਰ) ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਸੇਂਟ ਸੋਲਜਰ ਸਕੂਲ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਸਮਾਗਮ ਵਿੱਚ ਸਾਡੇ ਸਕੂਲ ਦੇ ਪ੍ਰਿੰਸੀਪਲ ਡਾ: ਅਮਰਪ੍ਰੀਤ ਕੌਰ ਨੂੰ ਉਨ੍ਹਾਂ ਦੀ ਦੂਰਅੰਦੇਸ਼ੀ ਸੋਚ, ਕੰਮ ਕਰਨ ਦੀ ਲਾਲਸਾ, ਮਿਹਨਤੀ ਸੁਭਾਅ, ਅਨੁਸ਼ਾਸਨ ਅਤੇ ਕੰਮ ਪ੍ਰਤੀ ਲਗਨ ਅਤੇ ਸਫਲਤਾ ਕਰਕੇ ਉਨ੍ਹਾਂ ਨੂੰ ਬੈਸਟ ਪ੍ਰਿੰਸੀਪਲ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਕਿਉਂਕਿ ਉਨ੍ਹਾਂ ਦੀ ਅਗਵਾਈ ਦੇ ਵਿੱਚ ਉਨ੍ਹਾਂ ਦੀ ਸੁਚਾਰੂ ਮੈਨੇਜਮੈਂਟ ਅਤੇ ਬੱਚਿਆਂ ਵਿੱਚ ਆਤਮ ਵਿਸ਼ਵਾਸ ਲਿਆਉਣ ਲਈ ਨਵੀਂ ਊਰਜਾ ਪੈਦਾ ਕਰਨਾ ਅਤੇ ਮਿਹਨਤ ਦੀ ਭਾਵਨਾ ਨੂੰ ਬਣਾਉਣਾ ਅਤੇ ਪੜ੍ਹਾਈ ਵਿੱਚ ਨਵੀਨਤਮ ਕਿਰਿਆਵਾਂ ਕਰਕੇ ਸਕੂਲ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ, ਇਸ ਦੇ ਨਾਲ ਹੀ ਸਕੂਲ ਦੇ ਕੁਆਰਡੀਨੇਟਰ ਸ਼ਿਲਪਾ ਸ਼ਰਮਾ ਨੂੰ ਵੀ ਉਨ੍ਹਾਂ ਦੇ ਸ਼ਾਨਦਾਰ ਅਧਿਆਪਨ ਹੁਨਰ ਰਚਨਾਤਮਕ ਕਲਾਵਾਂ ਅਤੇ ਉਨਾਂ ਦਾ ਹਰੇਕ ਵਿਦਿਆਰਥੀ ਨੂੰ ਸਭ ਤੋਂ ਵਧੀਆ ਬਣਾਉਣ ਦਾ ਯਤਨ ਅਤੇ ਨਿਰੰਤਰ ਯਤਨਾਂ ਲਈ ਉਨਾਂ ਨੂੰ ਬੈਸਟ ਅਧਿਆਪਕ ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਪਹੁੰਚਣ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ:ਮੰਗਲ ਸਿੰਘ ਕਿਸ਼ਨਪੁਰੀ, ਸਮੂਹ ਸਟਾਫ ਅਤੇ ਬੱਚਿਆਂ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਮੌਕੇ ਡਾ: ਮੰਗਲ ਸਿੰਘ ਕਿਸ਼ਨਪੁਰੀ ਵੱਲੋਂ ਦੋਵਾਂ ਪੁਰਸਕਾਰ ਜੇਤੂਆਂ ਨੂੰ ਉਨ੍ਹਾਂ ਦੀ ਬੇਮਿਸਾਲ ਪ੍ਰਾਪਤੀਆਂ ਅਤੇ ਸੰਸਥਾ ਨੂੰ ਸਨਮਾਨ ਦਿਵਾਉਣ ਲਈ ਪ੍ਰਸ਼ੰਸ਼ਾ ਕੀਤੀ ਅਤੇ ਵਧਾਈ ਦਿੱਤੀ।ਇਸ ਮੌਕੇ ਪ੍ਰਿੰ. ਡਾਕਟਰ ਅਮਰਪ੍ਰੀਤ ਕੌਰ ਨੇ ਆਪਣੇ ਇਸ ਐਵਾਰਡ ਨੂੰ ਸਮੂਹ ਸਟਾਫ ਦੀ ਮਿਹਨਤ ਅਤੇ ਬੱਚਿਆਂ ਦੀ ਸ਼ਾਨਦਾਰ ਕਾਰਗੁਜ਼ਾਰੀ ਨੂੰ ਸਮਰਪਣ ਕੀਤਾ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ , ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।



# ਖਰਚਾ ਨਿਗਰਾਨ ਮਨਜ਼ੂਰਉੱਲ ਹਸਨ ਵੱਲੋਂ ਐੱਮ ਸੀ ਐੱਮ ਸੀ ਸੈੱਲ ਤਰਨ ਤਾਰਨ ਦਾ ਦੌਰਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਉਪ ਚੋਣ ਲਈ ਮਾਣਯੋਗ ਚੋਣ ਕਮਿਸ਼ਨ ਵੱਲੋਂ ਤਾਇਨਾਤ ਕੀਤੇ ਖਰਚਾ ਨਿਗਰਾਨ ਮਨਜ਼ੂਰਉੱਲ ਹਸਨ ਵੱਲੋਂ ਮੀਡੀਆ ਸਰਟੀਫ਼ਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਤਰਨ ਤਾਰਨ ਦਾ ਅਚਨਚੇਤ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਐੱਮ.ਸੀ.ਐੱਮ.ਸੀ. ਸੈੱਲ ਵੱਲੋਂ ਪ੍ਰਿੰਟ, ਇਲੈਕਟ੍ਰੌਨਿਕ, ਸੋਸ਼ਲ ਮੀਡੀਆ ਵਿੱਚ ਸਿਆਸੀ ਇਸ਼ਤਿਹਾਰਬਾਜ਼ੀ, ਪ੍ਰੀ-ਸਰਟੀਫਿਕੇਸ਼ਨ ਅਤੇ ਪੇਡ ਨਿਊਜ਼ ਨੂੰ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਦੇਖਿਆ। ਉਨ੍ਹਾਂ ਕਿਹਾ ਕਿ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ, ਤਰਨ ਤਾਰਨ ਵੱਲੋਂ ਸਾਰੀ ਉੱਪ ਚੋਣ ਦੌਰਾਨ ਬਹੁਤ ਵਧੀਆ ਕਾਰਗੁਜ਼ਾਰੀ ਦਿਖਾਈ ਗਈ ਹੈ।ਖਰਚਾ ਨਿਗਰਾਨ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਦਾ ਸਮਾਂ ਅਤੇ ਵੋਟਾਂ ਪੈਣ ਦਾ ਸਮਾਂ ਬਹੁਤ ਸੰਵੇਦਨਸ਼ੀਲ ਹੁੰਦਾ ਹੈ, ਅਜਿਹੇ ਵਿੱਚ ਐੱਮ.ਸੀ.ਐੱਮ.ਸੀ. ਕਮੇਟੀ ਵੱਲੋਂ ਹਰ ਤਰ੍ਹਾਂ ਦੇ ਮੀਡੀਆ ਉਪਰ ਵਿਸ਼ੇਸ਼ ਨਜ਼ਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਸਾਰੀਆਂ ਖ਼ਬਰਾਂ ਨੂੰ ਚੰਗੀ ਤਰ੍ਹਾਂ ਸਕੈਨ ਕੀਤਾ ਜਾਵੇ ਤਾਂ ਜੋ ਪੇਡ ਨਿਊਜ਼ ਅਤੇ ਫੇਕ ਨਿਊਜ਼ ਨੂੰ ਰੋਕਿਆ ਜਾ ਸਕੇ।ਇਸ ਮੌਕੇ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਦੇ ਮੈਂਬਰ ਸਕੱਤਰ ਡੀ.ਪੀ.ਆਰ.ਓ. ਇੰਦਰਜੀਤ ਸਿੰਘ, ਉਪ ਅਰਥ ਤੇ ਅੰਕੜਾ ਸਲਾਹਕਾਰ ਅਤੇ ਖ਼ਰਚਾ ਸੈੱਲ ਦੇ ਨੋਡਲ ਅਫ਼ਸਰ ਡਾ. ਅਮਨਦੀਪ ਸਿੰਘ ਤੋਂ ਇਲਾਵਾ ਐੱਮ.ਸੀ.ਐੱਮ.ਸੀ. ਟੀਮ ਦੇ ਮੈਂਬਰ ਨਵੀਨ ਕਾਲੀਆ, ਅਜੀਤ ਪਾਲ ਸਿੰਘ, ਸੁਰਿੰਦਰਪਾਲ ਸਿੰਘ, ਇੰਦਰਜੀਤ ਸਿੰਘ, ਯੁਵਰਾਜ ਸਿੰਘ, ਬਲਰਾਜ ਸਿੰਘ, ਸੁਖਮਿੰਦਰ ਸਿੰਘ, ਇਮਰਾਨ ਸ਼ਾਹ, ਅਜੇਪਾਲ ਸਿੰਘ, ਕੁਲਦੀਪਕ ਸਿੰਘ, ਰਜਿੰਦਰ ਕੌਰ ਅਤੇ ਅਮਿਤ ਕੁਮਾਰ ਵੀ ਹਾਜ਼ਰ ਸਨ।

# ਗੰਨੇ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਵਧਾਉਣ ਲਈ ਨਵੀਨਤਮ ਤਕਨੀਕਾਂ ਅਪਣਾਉਣ ਦੀ ਜ਼ਰੂਰਤ : ਕੇਨ ਕਮਿਸ਼ਰ



**ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)**

ਕੇਨ ਕਮਿਸ਼ਨਰ ਪੰਜਾਬ ਡਾ. ਅਮਰੀਕ ਸਿੰਘ ਵੱਲੋਂ ਕ੍ਰਿਸ਼ੀ ਉਨਤੀ ਯੋਜਨਾ ਤਹਿਤ ਕੇਂਦਰੀ ਪ੍ਰਯੋਜਿਤ ਰਾਸ਼ਟਰੀ ਖੁਰਾਕ ਸੁਰੱਖਿਆ ਅਤੇ ਪੋਸ਼ਣ ਮਿਸ਼ਨ ਤਹਿਤ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਵਧਾ ਕੇ ਆਮਦਨ ਵਧਾਉਣ ਲਈ ਪੰਜਾਬ ਵਿੱਚ ਗੰਨੇ ਦੀ ਫ਼ਸਲ ਵਿਚ ਅੰਤਰ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਪ੍ਰਦਰਸ਼ਨੀ ਪਲਾਟ ਲਗਾਏ ਜਾ ਰਹੇ ਹਨ ਤਾਂ ਜੋ ਗੰਨਾ ਕਾਸ਼ਤਕਾਰਾਂ ਦੀ ਆਰਥਿਕਤਾ ਮਜ਼ਬੂਤ ਕੀਤੀ ਜਾ ਸਕੇ।ਇਸ ਤੋਂ ਇਲਾਵਾ ਇਸ ਮਿਸ਼ਨ ਦਾ ਮਕਸਦ ਫਸਲ ਉਤਪਾਦਨ, ਤਕਨਾਲੋਜੀਆਂ ਅਤੇ ਬੀਜਾਂ ਲਈ ਸਹਾਇਤਾ ਪ੍ਰਦਾਨ ਕਰਕੇ ਅਨਾਜ ਉਤਪਾਦਨ ਨੂੰ ਵਧਾਉਣਾ, ਮਿੱਟੀ ਦੀ ਸਿਹਤ ਨੂੰ ਬਹਾਲ ਕਰਨਾ, ਕਿਸਾਨਾਂ ਦੀ ਆਮਦਨ ਵਿੱਚ ਸੁਧਾਰ ਕਰਨਾ ਅਤੇ ਪੋਸ਼ਣ ਸੁਰੱਖਿਆ ਨੂੰ ਵਧਾਉਣਾ ਹੈ।ਇਸ ਸਕੀਮ ਤਹਿਤ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਗੰਨਾ ਸ਼ਾਖਾ ਵਲੋਂ ਖੰਡ ਮਿੱਲਾਂ ਰਾਹੀਂ, ਦਿ ਗੁਰਦਾਸਪੁਰ ਸਹਿਕਾਰੀ ਖੰਡ ਮਿੱਲ ਪਨਿਆੜ ਜ਼ਿਲਾ ਗੁਰਦਾਸਪੁਰ ਦੇ ਅਧਿਕਾਰਤ ਖੇਤਰ ਵਿਚ ਹੋ ਚੁੱਕੀ/ਹੋ ਰਹੀ, ਗੰਨੇ ਦੀ ਬਿਜਾਈ ਦਾ ਕੇਨ ਕਮਿਸ਼ਨਰ ਪੰਜਾਬ ਡਾਕਟਰ ਅਮਰੀਕ ਸਿੰਘ ਨੇ ਵੱਖ-ਵੱਖ ਪਿੰਡਾਂ ਵਿਚ ਜਾ ਕੇ ਜਾਇਜ਼ਾ ਲਿਆ ।ਇਸ ਮੌਕੇ ਪਨਿਆੜ ਖੰਡ ਮਿੱਲ ਦੇ ਮੁੱਖ ਗੰਨਾ ਵਿਕਾਸ ਅਫ਼ਸਰ ਪ੍ਰੇਮ ਬਹਾਦਰ, ਗੰਨਾ ਅਫ਼ਸਰ ਮਨਦੀਪ ਸਿੰਘ ਮੱਲੀ ਅਤੇ ਹੋਰ ਸਟਾਫ ਹਾਜ਼ਰ ਸਨ।ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਰੇਕ ਡਿਵੀਜ਼ਨ ਵਿਚ 5-5 ਏਕੜ ਰਕਬੇ ਵਿੱਚ ਪੀ ਏ ਯੂ ਦੀਆਂ ਸਿਫਾਰਸ਼ਾਂ ਮੁਤਾਬਕ ਚੌੜੀ ਵਿੱਥ ਤੇ ਅੰਤਰ ਫ਼ਸਲਾਂ ਦੀ ਬਿਜਾਈ ਕਰਵਾ ਕੇ ਗੰਨੇ ਦੀ ਫ਼ਸਲ ਦੇ ਪ੍ਰਦਰਸ਼ਨੀ ਲਗਾਏ ਜਾਣ।ਉਨ੍ਹਾਂ ਕਿਹਾ ਕਿ ਗੰਨੇ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਵਧਾਉਣ ਲਈ ਨਵੀਨਤਮ ਤਕਨੀਕਾਂ ਅਪਣਾਉਣ ਦੀ ਬਹੁਤ ਜ਼ਰੂਰਤ ਹੈ।

# ਐੱਸ ਡੀ ਐੱਮ ਬਟਾਲਾ ਵੱਲੋਂ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲਿਆਂ ਦਾ ਧੰਨਵਾਦ



**ਬਟਾਲਾ, (ਡਾ. ਮਲਵਿੰਦਰ ਸਿੰਘ)**

ਐੱਸਡੀਐੱਮ ਬਟਾਲਾ ਵਿਕਰਮਜੀਤ ਸਿੰਘ ਪਾਂਥੇ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਸੰਗਤਾਂ ਦਾ ਅਤੇ ਵਿਸ਼ੇਸ਼ ਤੌਰ 'ਤੇ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲਿਆਂ ਵੱਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ ਹੈ।ਐੱਸਡੀਐੱਮ ਬਟਾਲਾ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ, ਡਿਪਟੀ ਕਮਿਸ਼ਨਰ ਆਦਿੱਤਿਆ ਉਪਲ ਦੀ ਅਗਵਾਈ ਹੇਠ ਬਟਾਲਾ ਵਿਖੇ ਕਰਵਾਏ ਲਾਈਟ ਸਾਊਂਡ ਸ਼ੋਅ ਵਿੱਚ ਸੰਗਤਾਂ ਵਲੋਂ ਆਪਣੇ ਪਰਿਵਾਰਾਂ ਨਾਲ ਸ਼ਿਰਕਤ ਕੀਤੀ ਗਈ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਗੀ ਅਦੁੱਤੀ ਸ਼ਹਾਦਤ ਨਾਲ ਸਬੰਧਿਤ ਲਾਈਟ ਐਂਡ ਸਾਊਂਡ ਸ਼ੋਅ ਵੇਖਿਆ।ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਸਮਾਜਿਕ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਸਮਾਗਮ ਵਿਚ ਪਹੁੰਚਣ ਦੀ ਅਪੀਲ ਕੀਤੀ ਸੀ,ਜਿਸ ਲਈ ਉਹ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਨ।ਉਨ੍ਹਾਂ ਦੱਸਿਆ ਕਿ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲਿਆਂ ਵੱਲੋਂ ਸੰਗਤਾਂ ਨਾਲ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ ਅਤੇ ਪ੍ਰਸ਼ਾਸਨ ਨਾਲ ਸਹਿਯੋਗ ਕੀਤਾ ਗਿਆ, ਜਿਸ ਲਈ ਉਹ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹਨ।

# ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰਕੇ ਇਤਿਹਾਸ ਰਚੇ : ਰੋੜਾਂਵਾਲੀ, ਰੰਗੀਲਪੁਰ, ਭੌਰ

**ਬਟਾਲਾ (ਤਰਲੋਕ ਬੱਗਾ)**

ਪੰਜਾਬ ਦੇ 2 ਲੱਖ ਤੋਂ ਵੱਧ ਮੁਲਾਜ਼ਮ ਪਿਛਲੇ ਕਈ ਸਾਲਾਂ ਤੋਂ ਪੁਰਾਣੀ ਪੈਨਸ਼ਨ ਬਹਾਲੀ ਦੇ ਲਈ ਸੰਘਰਸ਼ ਕਰ ਰਹੇ ਹਨ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਮੌਕੇ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਬੁਲਾਏ ਗਏ ਵਿਧਾਨ ਸਭਾ ਦੇ ਸੈਸ਼ਨ ਵਿੱਚ ਇਸ ਮੰਗ ਨੂੰ ਪੂਰੀ ਕਰਦੇ ਹੋਏ ਇਸ ਨੂੰ ਇਤਿਹਾਸਿਕ ਬਣਾਵੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਗੁਰਦਾਸਪੁਰ ਦੇ ਜ਼ਿਲ੍ਹਾ ਕਨਵੀਨਰ ਲਵਪ੍ਰੀਤ ਸਿੰਘ ਰੋੜਾਂਵਾਲੀ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰੰਗੀਲਪੁਰ ਅਤੇ ਸੂਬਾ ਕੋ-ਕਨਵੀਨਰ ਲਖਵਿੰਦਰ ਸਿੰਘ ਭੌਰ ਨੇ ਸਾਂਝੇ ਰੂਪ ਵਿੱਚ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਵਿਧਾਨ ਸਭਾ ਸੈਸ਼ਨ ਪਹਿਲੀ ਵਾਰ ਚੰਡੀਗੜ੍ਹ ਤੋਂ ਬਾਹਰ ਚਲਾਉਣ ਦਾ ਫੈਸਲਾ ਲਿਆ ਹੈ।ਇਹ ਫ਼ੈਸਲਾ ਇਤਿਹਾਸਕ ਹੋ ਸਕਦਾ ਹੈ ਜੇਕਰ ਰਾਜ ਸਰਕਾਰ ਮੁਲਾਜ਼ਮਾਂ ਦੀ ਚਿਰਾਂ ਤੋਂ ਲਟਕ ਰਹੀ ਮੁਲਾਜ਼ਮਾਂ ਦੇ ਬੁਢਾਪੇ ਦੀ ਡੰਗੋਰੀ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਪੈਨਸ਼ਨ ਬਹਾਲ ਕਰਨ ਦੇ ਨੋਟੀਫਿਕੇਸ਼ਨ ਨੂੰ ਲਾਗੂ ਕਰਕੇ ਪੂਰਾ ਕਰੇ ਕਿਉਂਕਿ ਗੁਰੂ ਜੀ ਨੇ ਤਾਂ ਆਪਣਾ ਬਲੀਦਾਨ ਹੀ ਦੂਸਰੇ ਧਰਮ ਦੀ ਰੱਖਿਆ ਲਈ ਦਿੱਤਾ ਜਦਕਿ ਆਪ ਸਰਕਾਰ ਨੂੰ ਸੱਤਾ ਵਿੱਚ ਆਇਆਂ ਚਾਰ ਸਾਲ ਹੋ ਗਏ ਹਨ ਤੇ ਐੱਨਪੀਐੱਸ ਮੁਲਾਜ਼ਮਾਂ ਪੱਲੇ ਨਿਰਾਸ਼ਾ ਹੀ ਪਾਈ ਹੈ ਹੋਰ ਤਾਂ ਇਨ੍ਹਾਂ ਨੂੰ ਕੀ ਦੇਣਾ ਸੀ ਸਗੋਂ ਚੋਣਾਂ ਸਮੇਂ ਇਨ੍ਹਾਂ ਨਾਲ ਕੀਤੇ ਵਾਅਦੇ ਵੀ ਚਾਰ ਸਾਲਾਂ ਵਿੱਚ ਪੂਰੇ ਨਹੀਂ ਕੀਤੇ ।ਸਾਲ 2022 ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਸੀ ਜਦਕਿ ਪੰਜਾਬ ਦੇ ਲੱਖ ਮੁਲਾਜ਼ਮ ਤਿੰਨ ਸਾਲ ਬੀਤ ਜਾਣ ਬਾਅਦ ਵੀ ਪੈਨਸ਼ਨ ਵਿਹੂਣੇ ਹਨ।ਇਸ ਸਮੇਂ ਜੁਗਲ ਕਿਸ਼ੋਰ ਬੱਲ, ਬਲਜੀਤ ਸਿੰਘ ਦੀਨਾਨਗਰ, ਕੁਲਵੰਤ ਸਿੰਘ ਗੁਰਦਾਸਪੁਰ, ਸੁਖਵਿੰਦਰ ਸਿੰਘ, ਵਰਜਿੰਦਰ ਸਿੰਘ ਭੁੱਲਰ, ਜੋਗਿੰਦਰਪਾਲ, ਜਸਪਾਲ ਸਿੰਘ ਵਿੰਝਵਾਂ, ਕੁਲਦੀਪ ਸਿੰਘ, ਰਜੇਸ਼ ਮਹਾਜਨ, ਪ੍ਰੇਮ ਕੁਮਾਰ, ਹਰਜੀਤ ਸਿੰਘ, ਹਰਪ੍ਰੀਤ ਸਿੰਘ, ਗਣੇਸ਼ ਜਰੇਵਾਲ, ਅਸ਼ੋਕ ਸ਼ਰਮਾ, ਬਲਬੀਰ ਸਿੰਘ ਸੈਣੀ, ਓਮ ਪ੍ਰਕਾਸ਼, ਮਨਮੋਹਨ ਸਿੰਘ, ਕਰਨਵੀਰ ਸਿੰਘ, ਰਕੇਸ਼ ਜੀ ਹਾਜ਼ਰ ਸਨ ।




# ਸਾਬਕਾ ਵਿਧਾਇਕ ਬੈਂਸ ਤੇ ਅਮਰੀਕ ਸਿੰਘ ਵੱਲੋਂ ਵੋਟਰਾਂ ਨੂੰ ਪੰਜੇ 'ਤੇ ਮੋਹਰਾਂ ਲਾਉਣ ਦੀ ਅਪੀਲ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪਿੰਡ ਐਮਾ ਵਿਖੇ ਕਾਂਗਰਸ ਦੇ ਆਗੂ ਦਿਲਬਾਗ ਸਿੰਘ ਐਮਾ ਦੇ ਗ੍ਰਹਿ ਵਿਖੇ ਤਰਨ ਤਾਰਨ ਤੋਂ ਉਮੀਦਵਾਰ ਕਰਨਬੀਰ ਸਿੰਘ ਬੁਰਜ ਦੇ ਹੱਕ ਵਿੱਚ ਮੀਟਿੰਗ ਕੀਤੀ।ਹਲਕਾ ਤਰਨ ਤਾਰਨ ਤੋਂ ਉਮੀਦਵਾਰ ਕਰਨਬੀਰ ਸਿੰਘ ਬੁਰਜ ਦੇ ਹੱਕ ਵਿੱਚ ਪਿੰਡ ਵਾਸੀਆਂ ਦੀ ਮੀਟਿੰਗ ਕੀਤੀ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸਿਮਰਨਜੀਤ ਸਿੰਘ ਬੈਂਸ ਤੇ ਅਮਰੀਕ ਸਿੰਘ ਵਰਪਾਲ ਨੇ ਕਰਨਬੀਰ ਸਿੰਘ ਬੁਰਜ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਤੇ ਪਿੰਡ ਵਾਸੀਆਂ ਨੂੰ 11 ਤਰੀਕ ਨੂੰ ਚੋਣ ਨਿਸ਼ਾਨ ਪੰਜੇ 'ਤੇ ਮੋਹਰਾਂ ਲਾ ਕੇ ਵੋਟ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਚੇਅਰਮੈਨ ਰਮਨ ਕੁਮਾਰ ਝਬਾਲ, ਬਾਬਾ ਰੇਸ਼ਮ ਸਿੰਘ ਛੀਨਾ, ਮਸਕੀਨ ਸਿੰਘ ਢਿੱਲੋਂ, ਦਿਲਬਾਗ ਸਿੰਘ ਐਮਾ, ਸਰਪੰਚ ਪ੍ਰਗਟ ਸਿੰਘ ਬਾਬਾ ਲੰਗਾਹ, ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਪ੍ਰਤਾਪ ਸਿੰਘ, ਤਲਵਿੰਦਰ ਸਿੰਘ ਫੌਜੀ, ਪ੍ਰਧਾਨ ਮੰਗਲ ਸਿੰਘ, ਧਰਮ ਸਿੰਘ ਨੰਬਰਦਾਰ, ਸੁਖਦੇਵ ਸਿੰਘ ਨੰਬਰਦਾਰ, ਪਾਲ ਸਿੰਘ, ਹਰਭਜਨ ਸਿੰਘ, ਕੇਵਲ ਕ੍ਰਿਸ਼ਨ, ਸਾਬ ਸਿੰਘ, ਕੁਲਬੀਰ ਸਿੰਘ ਭਾਊ ਆਦਿ ਹਾਜ਼ਰ ਸਨ।

# ਵੰਦੇ ਮਾਤਰਮ ਦੇ ਡੇਢ ਸੌ ਵਰ੍ਹੇ ਪੂਰੇ ਹੋਣ 'ਤੇ ਏ ਜੀ ਸੀ ਵਿਖੇ ਦੇਸ਼ਭਗਤੀ ਦਾ ਸ਼ਾਨਦਾਰ ਸਮਾਰੋਹ ਆਯੋਜਿਤ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਅੰਮ੍ਰਿਤਸਰ ਗਰੁੱਪ ਆਫ ਕਾਲਜਿਜ (ਏਜੀਸੀ) ਨੇ ਦੇਸ਼ ਦੇ ਮਹਾਨ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ 150ਵੇਂ ਸਾਲ ਪੂਰੇ ਹੋਣ ਦੇ ਮੌਕੇ ਤੇ ਚਾਰ ਮੁੱਖ ਕਰਮਕਾਂਡਾਂ ਰਾਹੀਂ ਇਸ ਨੂੰ ਸ਼ਾਨਦਾਰ ਢੰਗ ਨਾਲ ਸਨਮਾਨਿਤ ਕੀਤਾ।ਉਤਸਵ ਦੀ ਸ਼ੁਰੂਆਤ ਵੰਦੇ ਮਾਤਰਮ ਦਿਵਸ ਨਾਲ ਹੋਈ, ਜਿਸ ਵਿਚ 150 ਵਿਦਿਆਰਥੀਆਂ ਅਤੇ 150 ਅਧਿਆਪਕਾਂ ਨੇ ਭਾਗ ਲਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਵੰਦੇ ਮਾਤਰਮ ਦਾ ਮਨੋਹਰ ਗਾਇਨ ਕੀਤਾ ਗਿਆ। ਇਸ ਸਮਾਰੋਹ ਵਿੱਚ ਅਸ਼ਵਨੀ ਸ਼ਰਮਾ, ਸੁਸ਼ਰੀ ਮੋਨਾ ਜੈਸਵਾਲ, ਡਾ. ਹਰਵਿੰਦਰ ਸੰਧੂ ਅਤੇ ਡਾ. ਨਰਿੰਦਰ ਨੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਸੀਐੱਚਸੀ ਮਾਨਾਵਾਲਾ ਨੇ ਖ਼ੂਨਦਾਨ ਕੈਂਪ ਲਾਇਆ ਜਿਸਦਾ ਉਦਘਾਟਨ ਈਟੀਓ ਹਰਭਜਨ ਸਿੰਘ ਨੇ ਕੀਤਾ।ਇਸ ਕੈਂਪ ਵਿੱਚ 150 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਖ਼ੂਨਦਾਨ ਕੀਤਾ। ਸਪ੍ਰਿੰਗ ਬਲੋਜ਼ਮ ਸਕੂਲ ਦੇ 200 ਵਿਦਿਆਰਥੀਆਂ ਲਈ ਗਾਰਡਨ-ਬੇਸਡ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਆਰਟ ਐਂਡ ਕ੍ਰਾਫਟ ਅਤੇ ਟਾਈ ਐਂਡ ਡਾਈ ਵਰਕਸ਼ਾਪਾਂ ਵਿੱਚ ਵੀ ਭਾਗ ਲਿਆ।ਏਜੀਸੀ ਦੇ ਚੇਅਰਮੈਨ ਐਡਵੋਕੇਟ ਅਮਿਤ ਸ਼ਰਮਾ ਨੇ ਕਿਹਾ ਕਿ ਵੰਦੇ ਮਾਤਰਮ ਸਿਰਫ਼ ਇੱਕ ਗੀਤ ਨਹੀਂ; ਇਹ ਸਾਡਾ ਰਾਸ਼ਟਰ ਹੈ।ਇਸ ਦੀ ਗੂੰਜ ਪੀੜ੍ਹੀ ਦਰ ਪੀੜ੍ਹੀ ਤੇਜ਼ ਹੋ ਰਹੀ ਹੈ ਅਤੇ ਸਾਨੂੰ ਆਪਣੀ ਜ਼ਿੰਮੇਵਾਰੀ ਯਾਦ ਦਿਵਾਉਂਦੀ ਹੈ।ਏਜੀਸੀ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਦੇਸ਼ ਭਗਤੀ, ਪਿਆਰ ਅਤੇ ਆਦਰਸ਼ਾਂ ਨੂੰ ਉਭਾਰਨਾ ਚਾਹੁੰਦਾ ਹੈ।ਮੈਨੇਜਿੰਗ ਡਾਇਰੈਕਟਰ ਏਜੀਸੀ ਡਾ. ਰਾਜਨੀਸ਼ ਅਰੋੜਾ ਨੇ ਬੰਕਿਮ ਚੰਦਰ ਚੈਟਰਜੀ ਦੀ ਸਾਹਿਤਕ ਪ੍ਰਤਿਭਾ ਤੇ ਇਸ ਗੀਤ ਦੀ ਪ੍ਰੇਰਕ ਤਾਕਤ 'ਤੇ ਰੌਸ਼ਨੀ ਪਾਈ। ਨੌਜਵਾਨ ਪੀੜ੍ਹੀ ਨੂੰ ਪ੍ਰੇਮ, ਸੇਵਾ ਅਤੇ ਰਾਸ਼ਟਰ ਨਿਰਮਾਣ ਦੇ ਮੂਲਾਂ ਤੱਤਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।





# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਚਾਂ/ਸਰਪੰਚਾਂ ਦੀ ਹੋਈ ਮੀਟਿੰਗ



**ਸ੍ਰੀ ਹਰਗੋਬਿੰਦਪੁਰ ਸਾਹਿਬ (ਡਾ, ਮਲਵਿੰਦਰ ਸਿੰਘ)**

ਬਾਬਾ ਨਾਮਦੇਵ ਜੀ ਭਵਨ ਕਸਬਾ ਘੁਮਾਣ ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਮੀਟਿੰਗ ਹੋਈ।ਮੀਟਿੰਗ ਵਿੱਚ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਪੰਚਾਂ/ਸਰਪੰਚਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦਾ ਮੁੱਖ ਉਦੇਸ਼ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨਾ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਇਹ ਅਹਿਮ ਪ੍ਰੋਗਰਾਮ ਕਰਵਾਇਆ ਗਿਆ ਹੈ। ਉਨ੍ਹਾਂ ਪੰਚਾਂ ਸਰਪੰਚਾਂ ਅਤੇ ਪਿੰਡਾਂ ਦੇ ਮੋਹਤਬਰਾਂ ਨੂੰ ਅਪੀਲ ਕੀਤੀ ਕਿ ਇਸ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਵਿਚ ਅਹਿਮ ਯੋਗਦਾਨ ਪਾਇਆ ਜਾਵੇ ਤਾਂ ਨਸ਼ਿਆਂ ਲਪੇਟ ਵਿੱਚ ਆਈ ਨੌਜਵਾਨੀ ਨੂੰ ਬਚਾਇਆ ਜਾ ਸਕੇ।ਇਸ ਮੌਕੇ ਹਰਪ੍ਰੀਤ ਸਿੰਘ ਡੀਡੀਪੀਓ ਗੁਰਦਾਸਪੁਰ, ਰਾਜਵਿੰਦਰ ਕੌਰ ਬੀਡੀਪੀਓ ਕਾਦੀਆਂ, ਬੀਡੀਪੀਓ ਸ੍ਰੀ ਹਰਗੋਬਿੰਦਪੁਰ ਸਾਹਿਬ ਨਰਿੰਦਰ ਸਿੰਘ, ਜਸਵੰਤ ਸਿੰਘ- ਪੰਚਾਇਤ ਅਫ਼ਸਰ ਸ੍ਰੀ ਹਰਗੋਬਿੰਦਪੁਰ ਸਾਹਿਬ, ਨਿਸ਼ਾਨ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਹਰਗੋਬਿੰਦਪੁਰ ਸਾਹਿਬ,ਹਰਦੇਵ ਸਿੰਘ ਪੰਚਾਇਤ ਅਫ਼ਸਰ ਕਾਦੀਆਂ, ਗੁਰਪਿੰਦਰ ਕੌਰ ਸੁਪਰਡੈਂਟ, ਹੰਸ ਰਾਜ ਸਿੰਘ ਪੰਚਾਇਤ ਸਕੱਤਰ, ਬਲਜਿੰਦਰ ਸਿੰਘ ਪੰਚਾਇਤ ਸਕੱਤਰ, ਪੀ ਏ ਰਾਜੂ ਭਿੰਡਰ,ਪੀ ਏ ਸੁਖਦੇਵ ਸਿੰਘ ਰੋਮੀ,ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਸੰਗਠਨ ਇੰਚਾਰਜ ਹਰਜਿੰਦਰ ਯਾਦਪੁਰ, ਜਸਕਰਨ ਸਰਪੰਚ, ਧਰਮਿੰਦਰ ਸਿੰਘ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਪੰਚ ਸਰਪੰਚ ਅਤੇ ਮੋਹਤਬਰ ਹਾਜ਼ਰ ਸਨ।

# ਵਿਧਾਇਕ ਸ਼ੈਰੀ ਕਲਸੀ ਨੇ ਕੰਡਿਆਲ ਵਿਖੇ ਲਿੰਕ ਸੜਕ ਬਣਾਉਣ ਦਾ ਰੱਖਿਆ ਨੀਂਹ ਪੱਥਰ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਹਲਕੇ ਅੰਦਰ ਵਿਕਾਸ ਕਾਰਜਾਂ ਦੀ ਰਫ਼ਤਾਰ ਨਾ ਕੇਵਲ ਜਾਰੀ ਹੈ ਬਲਕਿ ਤੇਜ਼ੀ ਨਾਲ ਚੱਲ ਰਹੀ ਹੈ।ਪਿੰਡ ਕੰਡਿਆਲ ਵਿਖੇ ਸਰਪੰਚ ਰਜਿੰਦਰ ਸਿੰਘ ਰੰਧਾਵਾ ਅਤੇ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਲਿੰਕ ਸੜਕ ਬਣਾਉਣ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਸਰਪੰਚ ਰਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਹਲਕਾ ਬਟਾਲਾ ਖਾਸਕਰਕੇ ਸ਼ਹਿਰ ਬਟਾਲਾ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਹਨ ਅਤੇ ਲੋਕਾਂ ਦੀਆਂ ਮੰਗਾਂ ਤਹਿਤ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਵਲੋਂ ਬਟਾਲਾ ਹਲਕੇ ਸਮੇਤ ਨੇੜਲੇ ਕਈ ਪਿੰਡਾਂ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਇੱਕ ਛੱਤ ਹੇਠ ਵੱਖ-ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਨਵੇਂ ਤਹਿਸੀਲ ਕੰਪਲੈਕਸ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਲੋਕ ਅਰਪਨ ਕਰ ਦਿੱਤਾ ਗਿਆ ਹੈ ਅਤੇ ਕਰੀਬ 314 ਪਿੰਡਾਂ ਦੇ ਲੋਕਾਂ ਨੂੰ ਵੱਡਾ ਅਤੇ ਸ਼ਾਨਦਾਰ ਤੋਹਫਾ ਦਿੱਤਾ ਗਿਆ ਹੈ।ਇਸ ਮੌਕੇ ਐੱਸਡੀਓ ਮੰਡੀਕਰਨ ਬੋਰਡ ਰਕੇਸ਼ ਕੁਮਾਰ, ਬਲਰਾਜ ਸਿੰਘ ਲੰਬੜਦਾਰ, ਹਰਗੁਪਾਲ ਸਿੰਘ, ਸੁਖਵਿੰਦਰ ਸਿੰਘ, ਸੁਖਰਾਜ ਸਿੰਘ, ਦਿਲਬਾਗ ਸਿੰਘ ਮੈਂਬਰ ਪੰਚਾਇਤ, ਜਗੀਰ ਸਿੰਘ ਪ੍ਰਧਾਨ ਕੋਟਲੀ ਭਾਨ ਸਿੰਘ, ਗੁਰਚਰਨ ਸਿੰਘ ਕੰਡਿਆਲ, ਬਲਜੀਤ ਸਿੰਘ, ਸੁੱਚਾ ਸਿੰਘ, ਅਮਰੀਕ ਸਿੰਘ, ਸੁਲੱਖਣ ਸਿੰਘ ਆਦਿ ਹਾਜਰ ਸਨ।

# ਜਥੇਦਾਰ ਗੜਗੱਜ ਸ੍ਰੀ ਨਨਕਾਣਾ ਸਾਹਿਬ ਅਤੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਕੇ ਭਾਰਤ ਪਰਤੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਸਿੱਖ ਜਥੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ 556ਵਾਂ ਪ੍ਰਕਾਸ਼ ਗੁਰਪੁਰਬ ਗੁਰਦੁਆਰਾ ਸ੍ਰੀ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਮਨਾ ਕੇ ਅਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਸਮੇਤ ਪਾਕਿਸਤਾਨ ਵਿੱਚ ਲਹਿੰਦੇ ਪੰਜਾਬ ਅੰਦਰ ਸਥਿਤ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਭਾਰਤ ਵਾਪਸ ਪਰਤ ਆਏ ਹਨ। ਇਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਲਹਿੰਦੇ ਪੰਜਾਬ ਦੀ ਸਰਕਾਰ ਦੇ ਕੈਬਨਿਟ ਮੰਤਰੀ ਸ. ਰਮੇਸ਼ ਸਿੰਘ ਅਰੋੜਾ ਵਿਸ਼ੇਸ਼ ਤੌਰ ਉੱਤੇ ਜਥੇਦਾਰ ਗੜਗੱਜ ਨੂੰ ਬਾਰਡਰ ਉੱਤੇ ਵਿਦਾਇਗੀ ਦੇਣ ਲਈ ਆਏ। ਵਾਪਸੀ ਉਪਰੰਤ ਅਟਾਰੀ ਬਾਰਡਰ ਵਿਖੇ ਭਾਰਤੀ ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੀ ਫੇਰੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧੰਨਵਾਦ ਕੀਤਾ ਕਿ ਪਹਿਲਾਂ ਹਾਲਾਤ ਅਣਸੁਖਾਵੇਂ ਸਨ ਪਰ ਗੁਰੂ ਸਾਹਿਬ ਨੇ ਕਿਰਪਾ ਕੀਤੀ ਤੇ ਸਿੱਖ ਜਥੇ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਸ੍ਰੀ ਨਨਕਾਣਾ ਸਾਹਿਬ ਪਹੁੰਚੇ ਜਿਨ੍ਹਾਂ ਦਾ ਲਹਿੰਦੇ ਪੰਜਾਬ ਵਿੱਚ ਭਰਵਾਂ ਸੁਆਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ ਸੁਰੱਖਿਆ ਸਮੇਤ ਯਾਤਰੀਆਂ ਦੀ ਸਹੂਲਤ ਲਈ ਚੰਗੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਜਥੇਦਾਰ ਗੜਗੱਜ ਨੇ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦਾ ਧੰਨਵਾਦ ਕੀਤਾ ਕਿ ਸਿੱਖ ਜਥੇ ਭੇਜ ਕੇ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਸੀ ਪ੍ਰੇਮ, ਪਿਆਰ ਵਧਾਉਣ ਦਾ ਪੈਗਾਮ ਦਿੱਤਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਵਿਸ਼ੇਸ਼ ਅਪੀਲ ਕੀਤੀ ਕਿ ਹੁਣ ਜਦੋਂ ਦੋਵੇਂ ਦੇਸ਼ਾਂ ਵਿਚਕਾਰ ਹਾਲਾਤ ਸੁਖਾਵੇਂ ਹਨ ਤਾਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਜੋ 25 ਨਵੰਬਰ ਨੂੰ ਮਨਾਈ ਜਾ ਰਹੀ ਹੈ, ਉਸ ਮੌਕੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣਾ ਚਾਹੀਦਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਇਹ ਸਾਰੇ ਸੰਸਾਰ ਦੇ ਸਿੱਖਾਂ ਦੀ ਜਜ਼ਬਾਤ ਹਨ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਜਲਦ ਖੁੱਲ੍ਹੇ ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਸਿੱਖਾਂ ਦੀ ਢੇਡ ਲੱਖ ਏਕੜ ਦੇ ਕਰੀਬ ਜ਼ਮੀਨ ਹੈ ਅਤੇ ਜੇਕਰ ਸਿੱਖ ਉੱਧਰ ਜਾਣਗੇ ਤਾਂ ਉਹ ਗੁਰਧਾਮਾਂ ਅਤੇ ਉਨ੍ਹਾਂ ਨਾਲ ਜੁੜੀਆਂ ਜ਼ਮੀਨਾਂ ਦੀ ਸਾਂਭ ਸੰਭਾਲ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਹ ਵੀ ਸਿੱਖਾਂ ਲਈ ਮਾਣ ਵਾਲੀ ਗੱਲ ਹੈ ਕਿ ਲਹਿੰਦੇ ਪੰਜਾਬ ਦੀ ਸਰਕਾਰ ਨੇ ਇੱਕ ਸਿੱਖ ਨੂੰ ਮੰਤਰੀ ਬਣਾਇਆ ਹੋਇਆ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਆਉਣ ਵਾਲੇ ਸਮੇਂ ਵਿੱਚ ਅਪ੍ਰੈਲ ਮਹੀਨੇ ਤੱਕ 17 ਹੋਰ ਗੁਰਦੁਆਰਾ ਸਾਹਿਬਾਨ ਜੋ 1947 ਦੀ ਵੰਡ ਦੇ ਸਮੇਂ ਤੋਂ ਬੰਦ ਪਏ ਹਨ ਉਨ੍ਹਾਂ ਨੂੰ ਸੇਵਾ ਸੰਭਾਲ ਤੋਂ ਬਾਅਦ ਦਰਸ਼ਨਾਂ ਲਈ ਖੋਲ੍ਹਣਗੇ। ਉਨ੍ਹਾਂ ਭਾਰਤ ਸਰਕਾਰ ਨੂੰ ਇਹ ਅਪੀਲ ਵੀ ਕੀਤੀ ਕਿ ਪਾਕਿਸਤਾਨ ਵਾਲੇ ਪਾਸੇ ਦੇ ਸਿੱਖ ਵੀ ਭਾਰਤ ਅੰਦਰ ਸਥਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸੇ ਦੇ ਜਨਮ ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਕਰਨਾਂ ਚਾਹੁੰਦੇ ਹਨ, ਇਸ ਲਈ ਸਰਕਾਰ ਨੂੰ ਉਨ੍ਹਾਂ ਨੂੰ ਵੀ ਖੁੱਲ੍ਹੇ ਦਿਲ ਨਾਲ ਵੀਜ਼ੇ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।



# ਕਲਗੀਧਰ ਟਰੱਸਟ ਬੜੂ ਸਾਹਿਬ ਨੇ ਸ਼ਹੀਦੀ ਸ਼ਤਾਬਦੀ ਤੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350-ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਵੱਲੋਂ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਹ ਨਗਰ ਕੀਰਤਨ ਦਾ ਆਰੰਭ ਗੁਰਦੁਆਰਾ ਬੜੂ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰਿਆਂ ਨੇ ਅਰਦਾਸ ਕਰਕੇ ਹੋਇਆ। ਗੁਰਮਤਿ ਸੰਗੀਤ ਦੀਆਂ ਸੁਰੀਲੀਆਂ ਧੁਨਾਂ ਅਤੇ ਫਤਿਹ ਦੇ ਗੂੰਜਦੇ ਜੈਕਾਰਿਆਂ ਨਾਲ ਪੂਰਾ ਇਲਾਕਾ ਗੁਰਬਾਣੀ ਰੰਗ ਵਿੱਚ ਰੰਗਿਆ ਨਜ਼ਰ ਆਇਆ। ਇਹ ਨਗਰ ਕੀਰਤਨ ਦਾ ਪਹਿਲਾ ਪੜਾਅ ਰਾਜਗੜ੍ਹ ਵਿਖੇ ਹੋਇਆ ਜਿਥੇ ਇਸ ਨਗਰ ਕੀਰਤਨ ਦਾ ਭਰਵਾਂ ਸੁਆਗਤ ਕੀਤਾ ਗਿਆ, ਜਿਸ ਤੋਂ ਬਾਅਦ ਦੂਸਰਾ ਪੜਾਅ ਗੁਰਦੁਆਰਾ ਸਿੰਘ ਸਭਾ ਸਪਰੂਨ ਸੋਲਨ ਵਿਖੇ ਹੋਇਆ, ਜਿਥੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤ ਵੱਲੋਂ ਇਸ ਵਿਸ਼ਾਲ ਨਗਰ ਕੀਰਤਨ ਦਾ ਸੁਆਗਤ ਕੀਤਾ ਗਿਆ। ਇਸ ਤੋਂ ਉਪਰੰਤ ਪਰਵਾਣੂ, ਕਾਲਕਾ, ਪਿੰਜੌਰ ਦੇ ਗੁਰਦੁਆਰਾ ਸਾਹਿਬ ਵਿਖੇ ਇਸ ਨਗਰ ਕੀਰਤਨ ਦਾ ਸੁਆਗਤ ਕੀਤਾ ਗਿਆ। ਇਸ ਗੁਰਦੁਆਰਾ ਸਾਹਿਬ ਤੋਂ 20 ਤੋਂ ਵੱਧ ਅਕਾਲ ਅਕੈਡਮੀਆਂ ਦੇ ਬੱਚਿਆਂ ਅਤੇ ਅਕਾਲ ਯੂਨੀਵਰਸਿਟੀ ਦੇ ਵਿੱਦਿਆਰਥੀਆਂ ਵੱਲੋਂ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਪੜਾਅ ਤੋਂ ਬਾਅਦ ਅਗਲਾ ਪੜਾਅ ਕੁਰਾਲੀ ਰੂਪਨਗਰ ਰੋਡ 'ਤੇ ਸਥਿਤ ਗੁਰਦੁਆਰਾ ਯਾਦਗਾਰ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਕੀਤਾ ਗਿਆ। ਅਗਲਾ ਪੜਾਅ ਰੂਪਨਗਰ ਅਤੇ ਕੀਰਤਪੁਰ ਸਾਹਿਬ ਰਾਹੀਂ ਪੜਾਅ ਦਰ ਪੜਾਅ ਹੁੰਦਾ ਹੋਇਆ ਸ਼ਾਮ 5:30 ਵਜੇ ਗੁਰਦੁਆਰਾ ਸੀਸ ਗੰਜ ਸਾਹਿਬ, ਅਨੰਦਪੁਰ ਸਾਹਿਬ ਵਿਖੇ ਪਹੁੰਚਿਆ। ਇਸ ਨਗਰ ਕੀਰਤਨ ਵਿੱਚ ਨਗਰ ਚੀਮਾ ਸਾਹਿਬ, ਦਿੱਲੀ, ਹਰਿਆਣਾ ਅਤੇ ਪੰਜਾਬ ਤੋਂ 10000 ਤੋਂ ਵੱਧ ਸੰਗਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸੰਗਤ ਦੇ ਨਾਲ ਨਾਲ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਅਕਾਲ ਅਕੈਡਮੀਆਂ ਦੇ ਬੱਚੇ, ਅਕਾਲ ਯੂਨੀਵਰਸਿਟੀ ਦਮਦਮਾ ਸਾਹਿਬ, ਇਟਰਨਲ ਯੂਨੀਵਰਸਿਟੀ ਬੜੂ ਸਾਹਿਬ ਦੇ ਵਿਦਿਆਰਥੀ ਵੀ ਸ਼ਾਮਿਲ ਸਨ। ਇਸ ਵਿਸ਼ਾਲ ਨਗਰ ਕੀਰਤਨ ਦੇ ਕਾਫਲੇ ਵਿੱਚ 300 ਤੋਂ ਵੱਧ ਗੱਡੀਆਂ, ਬੱਸਾਂ ਅਤੇ ਟਰੱਕ ਆਦਿ ਸ਼ਾਮਿਲ ਸਨ। ਹਰ ਥਾਂ ਸੰਗਤ ਵੱਲੋਂ ਸ਼ਰਧਾ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਸੇਵਾਦਾਰਾਂ ਨੇ ਪਾਣੀ, ਚਾਹ ਅਤੇ ਲੰਗਰ ਦੀ ਵਿਵਸਥਾ ਕੀਤੀ। ਨਗਰ ਕੀਰਤਨ ਦੌਰਾਨ ਸੰਗਤ ਨੇ ਗੁਰੂ ਸਾਹਿਬਾਨ ਦੀਆਂ ਬਾਣੀਆਂ ਦਾ ਕੀਰਤਨ ਸੁਣਿਆ ਤੇ ਉਨ੍ਹਾਂ ਦੀਆਂ ਸ਼ਹੀਦੀਆਂ ਅਤੇ ਸਿੱਖਿਆਵਾਂ ਨੂੰ ਯਾਦ ਕੀਤਾ।



# ਰਸ਼ਪਾਲ ਬੰਟੀ ਤੇ ਬੋਨੀ ਅਜਨਾਲਾ ਵੱਲੋਂ ਨਾਲੋ-ਨਾਲ ਚੱਲਣ ਦਾ ਵਾਅਦਾ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਭਾਰਤੀ ਜਨਤਾ ਪਾਰਟੀ ਅੰਮ੍ਰਿਤਸਰ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਅਤੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੂੰ ਉਸ ਵਕਤ ਭਾਰੀ ਬਲ ਮਿਲਿਆ ਜਦੋਂ ਕੁਝ ਸਮੇਂ ਤੋਂ ਨਰਾਜ਼ ਚੱਲ ਰਹੇ ਅਜਨਾਲਾ ਦੇ ਸਿਰਕੱਢ ਆਗੂ ਰਸ਼ਪਾਲ ਸਿੰਘ ਬੰਟੀ ਭਿੰਡੀਆਂ ਨੇ ਬੋਨੀ ਅਮਰਪਾਲ ਸਿੰਘ ਅਜਨਾਲਾ ਨਾਲ ਗਿਲੇ ਸ਼ਿਕਵੇ ਦੂਰ ਕਰਕੇ ਨਾਲ ਚੱਲਣ ਦਾ ਵਾਅਦਾ ਕੀਤਾ। ਇਸ ਮੌਕੇ ਹੋਰ ਪਰਿਵਾਰਾਂ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਮਜ਼ਬੂਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜਨਾਲਾ ਸ਼ਹਿਰੀ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਪ੍ਰਿੰਸੀਪਲ ਵਾਸਦੇਵ ਸ਼ਰਮਾ, ਸੀਨੀਅਰ ਆਗੂ ਪ੍ਰਦੀਪ ਕੁਮਾਰ ਬੰਟਾ, ਅਮਰਜੀਤ ਸਿੰਘ ਬਾਜਵਾ, ਜਸਬੀਰ ਸਿੰਘ ਢਿੱਲੋਂ ਕੌਂਸਲਰ ਵਿਕਰਮ ਬੇਦੀ, ਰਜੇਸ਼ ਚੌਹਾਨ, ਦੀਪੂ ਅਰੋੜਾ, ਧਰਮਿੰਦਰ ਸਿੰਘ, ਪ੍ਰਿੰਸ, ਵਿਜੇ ਕੁਮਾਰ ਸਰੀਨ, ਸੌਰਵ ਸਰੀਨ, ਲੱਕੀ ਬੇਦੀ, ਵਿਪਨ ਸਰੀਨ, ਵਿਨੋਦ ਕੁਮਾਰ ਅਰੋੜਾ, ਬਲਵਿੰਦਰ ਸਿੰਘ, ਦੀਪਕ ਕੁਮਾਰ ਸਰਪਾਲ, ਸ਼ਮਸ਼ੇਰ ਸਿੰਘ ਸ਼ੇਰਾ, ਬੰਟੀ ਕੁਮਾਰ, ਕੁਲਵੀਰ ਕੌਰ ਸੀਮਾ, ਮੈਡਮ ਪੰਮੀ ਆਦਿ ਹਾਜ਼ਰ ਸਨ।

# ਕਾਂਗਰਸ ਤੇ ਭਾਜਪਾ ਦੇ ਕਈ ਪਰਵਾਰ ਆਪ 'ਚ ਸ਼ਾਮਲ

**ਤਰਨਤਾਰਨ, (ਪ੍ਰਿਤਪਾਲ ਸਿੰਘ)**

ਤਰਨਤਾਰਨ ਵਿਧਾਨ ਸਭਾ ਜ਼ਿਮਨੀ ਚੋਣ ਦੇ ਪ੍ਰਚਾਰ ਦੇ ਆਖਰੀ ਦਿਨ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ ਕਾਂਗਰਸ ਅਤੇ ਭਾਜਪਾ ਨੂੰ ਛੱਡ ਕੇ ਕਈ ਪਰਿਵਾਰ ਆਪ ਵਿੱਚ ਸ਼ਾਮਲ ਹੋ ਗਏ।ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ, ਚੇਅਰਮੈਨ ਡਾ. ਐੱਸ. ਐੱਸ. ਆਹਲੂਵਾਲੀਆ ਅਤੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਇਨ੍ਹਾਂ ਪਰਿਵਾਰਾਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ।ਇਸ ਮੌਕੇ ਜੀਵਨ ਮਸੀਹ ਦੀ ਅਗਵਾਈ ਹੇਠ ਪਿੰਡ ਪੰਡੋਰੀ ਰਮਾਣਾ ਤੋਂ ਕੁਲਵੰਤ ਸਿੰਘ ਪੁੱਤਰ ਮੰਗਲ ਸਿੰਘ, ਰਣਜੀਤ ਕੌਰ, ਲਵਜੀਤ ਕੌਰ ਅਤੇ ਬਾਲਾ ਚੱਕ ਤੋਂ ਪੰਚਾਇਤ ਮੈਂਬਰ ਸੁਖਦੇਵ ਸਿੰਘ ਸਮੇਤ ਬਲਜਿੰਦਰ ਕੌਰ, ਹਰਮੀਤ ਸਿੰਘ, ਰਾਜ ਕੌਰ, ਜਸਪਾਲ ਸਿੰਘ, ਰਾਮ ਕਿਰਪਾਲ, ਜਗਰੂਪ ਸਿੰਘ, ਰਜਿੰਦਰ ਸਿੰਘ, ਹਰਪ੍ਰੀਤ ਸਿੰਘ, ਅਰਮਾਨ ਸਿੰਘ, ਯਰੂਨਾ ਮਸੀਹ, ਪ੍ਰਗਟ ਸਿੰਘ, ਜੈਮਲ, ਪ੍ਰੀਤੀ, ਰਣਜੋਤ, ਲਵਜੀਤ ਸਿੰਘ, ਕੁਲਵਿੰਦਰ ਕੌਰ, ਅੰਮ੍ਰਿਤ ਕੌਰ, ਕੰਵਲਜੀਤ, ਕੁਲਵਿੰਦਰ, ਲਖਵਿੰਦਰ, ਕਰਨਦੀਪ ਸਿੰਘ, ਬਲਬੀਰ ਸਿੰਘ, ਧਰਮ ਸਿੰਘ, ਗੁਰਲਾਲ ਸਿੰਘ, ਮਨਪ੍ਰੀਤ, ਮਹਿਕ, ਨੀਲਮ, ਰਾਜਬੀਰ, ਰਾਜੀ ਅਤੇ ਬਖਸ਼ੀਸ਼ ਆਦਿ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ।ਚੇਅਰਮੈਨ ਡਾ. ਐੱਸ. ਐੱਸ. ਆਹਲੂਵਾਲੀਆ ਨੇ ਤਰਨਤਾਰਨ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 11 ਨਵੰਬਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਹਰਮੀਤ ਸਿੰਘ ਸੰਧੂ ਨੂੰ ਜਿਤਾਉਣ ਤਾਂ ਜੋ ਹਲਕੇ ਦਾ ਵਿਕਾਸ ਤੇਜ਼ੀ ਨਾਲ ਹੋ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਵਿਧਾਇਕ ਦੇ ਆਪਸੀ ਚੰਗੇ ਤਾਲਮੇਲ ਨਾਲ ਵਿਕਾਸ ਕਾਰਜਾਂ ਨੂੰ ਗਤੀ ਮਿਲਦੀ ਹੈ।



ਨਵਾਂ ਜ਼ਮਾਨਾ
ਮੰਗਲਵਾਰ, 11 ਨਵੰਬਰ 2025

# ਆਰ ਐੱਸ ਐੱਸ ਦਾ ਨੁਸਖਾ

*ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਨ ਭਾਗਵਤ ਨੇ ਭਾਰਤ ਸਰਕਾਰ ਨੂੰ ਆਪਣੀਆਂ ਨੀਤੀਆਂ ਵਿੱਚ ਸ਼ਾਕਾਹਾਰ ਨੂੰ ਪ੍ਰਮੁੱਖ ਤੌਰ 'ਤੇ ਸ਼ਾਮਲ ਕਰਨ ਦਾ ਸੱਦਾ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਜੇ ਸੰਭਵ ਹੋਵੇ ਤਾਂ ਹਿੰਦੂ ਸਮਾਜ ਵਿੱਚ ਮਾਸਾਹਾਰ ਖਤਮ ਕੀਤਾ ਜਾਣਾ ਚਾਹੀਦਾ ਹੈ। ਭਾਗਵਤ ਨੇ ਆਰ ਐੱਸ ਐੱਸ ਦੇ 100 ਸਾਲ ਪੂਰੇ ਹੋਣ ਦੇ ਮੌਕੇ ਬੇਂਗਲੁਰੂ ਵਿੱਚ ਪੀ ਈ ਐੱਸ ਯੂਨੀਵਰਸਿਟੀ ਦੇ ਹਾਲ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਜਿਹੜੀਆਂ ਗੱਲਾਂ ਕੀਤੀਆਂ, ਉਹ ਵਿਚਾਰਧਾਰਕ ਨਹੀਂ, ਸਗੋਂ ਸਿਆਸੀ ਤੇ ਸੱਭਿਆਚਾਰਕ ਦਿਸ਼ਾ ਵੱਲ ਇਸ਼ਾਰਾ ਕਰਦੀਆਂ ਹਨ। ਉਸ ਦਾ ਇਹ ਕਹਿਣਾ ਕਿ ਗੈਰ-ਸ਼ਾਕਾਹਾਰੀ ਭੋਜਨ ਨੂੰ ਬਿਮਾਰੀ ਦੀ ਤਰ੍ਹਾਂ ਸਮਝ ਕੇ ਉਸ ਦਾ ਇਲਾਜ ਕੀਤਾ ਜਾਣਾ ਚਾਹੀਦਾ ਹੈ, ਸਧਾਰਨ ਗੱਲ ਨਹੀਂ, ਸਗੋਂ ਇਹ ਇੱਕ ਸੰਸਕ੍ਰਿਤੀ ਮੜ੍ਹਨ ਦੀ ਕੋਸ਼ਿਸ਼ ਹੈ। ਭਾਗਵਤ ਦਾ ਸ਼ਾਕਾਹਾਰ 'ਤੇ ਜ਼ੋਰ ਦੇਣਾ ਦਰਸਾਉਂਦਾ ਹੈ ਕਿ ਸੰਘ ਹੁਣ ਨਿੱਜੀ ਜੀਵਨ-ਸ਼ੈਲੀ ਨੂੰ ਵੀ 'ਸੰਘੀ ਅਨੁਸ਼ਾਸਨ' ਦੇ ਦਾਇਰੇ ਵਿੱਚ ਲਿਆਉਣਾ ਚਾਹੁੰਦਾ ਹੈ। ਭਾਰਤ ਵਿੱਚ ਖਾਣ-ਪੀਣ ਸਿਰਫ ਸਵਾਦ ਜਾਂ ਸਿਹਤ ਦਾ ਵਿਸ਼ਾ ਨਹੀਂ, ਸਗੋਂ ਸੰਸਕ੍ਰਿਤੀ, ਜਲਵਾਯੂ ਤੇ ਭੂਗੋਲ ਨਾਲ ਜੁੜਿਆ ਹੈ। ਕੇਰਲਾ, ਗੋਆ, ਉੱਤਰ-ਪੂਰਬ, ਪੱਛਮੀ ਬੰਗਾਲ, ਝਾਰਖੰਡ ਜਾਂ ਤੱਟਵਰਤੀ ਗੁਜਰਾਤ ਵਿੱਚ ਮੱਛੀ ਤੇ ਮਾਸ ਜੀਵਨ ਦਾ ਹਿੱਸਾ ਹਨ। ਅਜਿਹੇ ਵਿੱਚ, ਜੇ ਸਰਕਾਰ ਸ਼ਾਕਾਹਾਰ ਨੂੰ ਨੀਤੀ ਵਿੱਚ ਪ੍ਰਮੁਖਤਾ ਦਿੰਦੀ ਹੈ ਤਾਂ ਉਹ ਬਹੁ-ਸੱਭਿਆਚਾਰਕ ਸਮਾਜ 'ਤੇ ਇੱਕਰੂਪਤਾ ਮੜ੍ਹਨ ਦਾ ਯਤਨ ਹੋਵੇਗਾ-ਭਾਰਤ ਦੀ ਵਿਵਧਤਾ ਵਾਲੀ ਥਾਲੀ ਨੂੰ ਇੱਕ ਹੀ ਥਾਲੀ ਵਿੱਚ ਸਮੇਟ ਦੇਣਾ। ਸੰਘ ਦੇ ਸੰਸਕਾਰਕ ਰਾਸ਼ਟਰਵਾਦ ਦੀ ਧਾਰਨਾ ਵਿੱਚ ਇਹ ਕਦਮ ਫਿੱਟ ਬੈਠਦਾ ਹੈ, ਜਿਸ ਦੇ ਤਹਿਤ ਭਾਰਤ ਦੀ ਪਛਾਣ ਨੂੰ ਸਿਰਫ ਬ੍ਰਾਹਮਣਵਾਦੀ-ਸੰਸਕ੍ਰਿਤੀਨਿਸ਼ਠ ਹਿੰਦੂ ਸੰਸਕ੍ਰਿਤੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਪਰ ਇਹ ਵਿਚਾਰ ਭਾਰਤੀ ਸੰਵਿਧਾਨ ਦੀ ਸੈਕੂਲਰ ਤੇ ਸੱਭਿਆਚਾਰਕ ਵਿਵਧਤਾ ਦੀ ਮੂਲ ਭਾਵਨਾ ਦੇ ਉਲਟ ਹੈ।*

*ਭਾਰਤ ਕੋਈ ਯਕਰੰਗੀ ਸਮਾਜ ਨਹੀਂ ਹੈ। ਇੱਥੇ ਅਨੇਕਾਂ ਭਾਸ਼ਾਵਾਂ, ਖਾਣ-ਪੀਣ ਦੀਆਂ ਪਰੰਪਰਾਵਾਂ, ਵੇਸਭੂਸ਼ਾਵਾਂ ਤੇ ਆਸਥਾਵਾਂ ਹਨ। ਡਾ. ਭੀਮ ਰਾਓ ਅੰਬੇਡਕਰ ਨੇ ਸੰਵਿਧਾਨ ਨੂੰ 'ਏਕਤਾ ਵਿੱਚ ਅਨੇਕਤਾ' ਦੀ ਨੀਂਹ 'ਤੇ ਖੜ੍ਹਾ ਕੀਤਾ ਸੀ, ਪਰ ਭਾਗਵਤ ਵਰਗੇ ਲੋਕਾਂ ਦੇ ਬਿਆਨਾਂ ਤੋਂ ਇਹ ਤੌਖਲਾ ਉੱਭਰਦਾ ਹੈ ਕਿ ਆਰ ਐੱਸ ਐੱਸ ਦਾ ਨਿਸ਼ਾਨਾ ਇਸ ਵਿਵਧਤਾ ਨੂੰ 'ਇੱਕ ਸੰਸਕ੍ਰਿਤੀ' ਵਿੱਚ ਬਦਲਣ ਦਾ ਹੈ, ਜਿੱਥੇ ਸਭ ਇੱਕੋ ਜਿਹੇ ਦਿਸਣ, ਖਾਣ ਤੇ ਸੋਚਣ। ਭਾਰਤ ਦਾ ਲੋਕਤੰਤਰ ਤਦੇ ਜਿਊਂਦਾ ਰਹੇਗਾ, ਜਦ ਵਿਅਕਤੀ ਨੂੰ ਆਪਣੀ ਅਸਹਿਮਤੀ, ਆਸਥਾ ਤੇ ਪਛਾਣ ਨਾਲ ਜਿਊਣ ਦੀ ਆਜ਼ਾਦੀ ਹੋਵੇਗੀ, ਨਾ ਕਿ ਉਦੋਂ ਜਦ ਕੋਈ ਜਥੇਬੰਦੀ ਇਹ ਤੈਅ ਕਰੇ ਕਿ ਕਿਹੜਾ ਖਾਣਾ ਭਾਰਤੀ ਹੈ ਤੇ ਕਿਹੜਾ ਧਰਮ ਭਾਰਤ ਮਾਤਾ ਦਾ ਸੱਚਾ ਪੁੱਤਰ ਹੈ।*

*ਭਾਗਵਤ ਦੇ ਭਾਸ਼ਣ ਵਿੱਚ ਆਰ ਐੱਸ ਐੱਸ ਦਾ ਅਸਲੀ ਚਰਿੱਤਰ ਝਲਕਦਾ ਹੈ—ਇੱਕ ਰਾਸ਼ਟਰ, ਇੱਕ ਸੰਸਕ੍ਰਿਤੀ ਤੇ ਇੱਕ ਪਛਾਣ ਦੀ ਚਾਹ। ਪਰ ਭਾਰਤ ਦੀ ਆਤਮਾ ਇਸ ਚਾਹ ਵਿੱਚ ਨਹੀਂ ਵਸਦੀ। ਉਹ ਭਿੰਨਤਾਵਾਂ ਵਿੱਚ ਵਸਦੀ ਹੈ, ਜਿਨ੍ਹਾਂ ਨੂੰ ਸੰਘ 'ਵੱਖਰੀਆਂ' (ਦੂਜੀਆਂ ਸੰਸਕ੍ਰਿਤੀਆਂ) ਕਹਿੰਦਾ ਹੈ। ਸ਼ਾਕਾਹਾਰ ਹੋਵੇ ਜਾਂ ਹਿੰਦੂਤਵ, ਇਹ ਸਿਰਫ ਨਿੱਜੀ ਚੋਣ ਨਹੀਂ, ਹੁਣ ਸਿਆਸੀ ਔਜ਼ਾਰ ਬਣ ਚੁੱਕੇ ਹਨ ਅਤੇ ਜਦ ਸਿਆਸਤ ਕਿਸੇ ਦੀ ਥਾਲੀ ਤੇ ਕਿਸੇ ਦੀ ਪ੍ਰਾਰਥਨਾ ਤੈਅ ਕਰਨ ਲੱਗੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਰਾਸ਼ਟਰ ਦੀ ਆਤਮਾ 'ਤੇ ਸਰਦਾਰੀ ਦੀ ਲੜਾਈ ਸ਼ੁਰੂ ਹੋ ਚੁੱਕੀ ਹੈ।*

# ਸਲਾਮ ਨਿਊ ਯਾਰਕ : ਮਮਦਾਨੀ ਦੀ ਜਿੱਤ ਦਾ ਮਤਲਬ

**ਡਾ. ਜਸਬੀਰ ਸਿੰਘ ਔਲਖ**

ਜ਼ੋਹਰਾਨ ਮਮਦਾਨੀ ਨਿਊਯਾਰਕ ਦਾ ਅਗਲਾ ਮੇਅਰ ਚੁਣਿਆ ਗਿਆ ਹੈ। ਸਿਨੇਮਾ ਜਗਤ ਦੀ ਉੱਘੀ ਸ਼ਖ਼ਸੀਅਤ ਮੀਰਾ ਨਾਇਰ ਅਤੇ ਯੁਗਾਂਡਾ ਤੋਂ ਅਮਰੀਕਾ ਗਏ ਮਹਿਮੂਦ ਮਮਦਾਨੀ ਦਾ ਇਹ ਪੁੱਤਰ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਦਾ ਪਹਿਲਾ ਦੱਖਣ-ਏਸ਼ੀਆਈ, ਪਹਿਲਾ ਮੁਸਲਿਮ ਅਤੇ ਸਭ ਤੋਂ ਨੌਜਵਾਨ ਮੇਅਰ ਹੋਵੇਗਾ। ਇਸ ਚੌਂਤੀ ਸਾਲਾ ਨੌਜਵਾਨ ਨੇ ਆਜ਼ਾਦ ਉਮੀਦਵਾਰ ਅਤੇ ਨਿਊਯਾਰਕ ਦੇ ਸਾਬਕਾ ਗਵਰਨਰ ਐਂਡਰਿਊ ਕਿਊਮੋ ਅਤੇ ਰਿਪਬਲਿਕਨ ਪਾਰਟੀ ਦੀ ਉਮੀਦਵਾਰ ਕਰਟਿਸ ਸਿਲਵਾ ਨੂੰ ਚਾਰ ਨਵੰਬਰ ਨੂੰ ਹੋਈਆਂ ਚੋਣਾਂ ਵਿੱਚ ਹਰਾਇਆ ਹੈ।ਮਮਦਾਨੀ ਦਾ ਸਫ਼ਰ ਜ਼ਿਕਰਯੋਗ ਰਿਹਾ, ਜਿਹੜਾ ਕੁਈਨ ਹਲਕੇ ਤੋਂ ਇੱਕ ਅਣਜਾਣ ਜਿਹਾ ਅਸੈਂਬਲੀ ਮੈਂਬਰ ਸੀ, ਪਰ ਜਦੋਂ ਉਹ ਪਿਛਲੇ ਸਾਲ ਡੈਮੋਕਰੇਟ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਕੁੱਦਿਆ ਤਾਂ ਅਮਰੀਕਾ ਵਿੱਚ ਹੀ ਨਹੀਂ, ਪੂਰੇ ਵਿਸ਼ਵ ਵਿੱਚ ਇੱਕ ਤਰਥੱਲ ਮਚ ਗਿਆ ਅਤੇ ਮਮਦਾਨੀ ਹਰ ਘਰ ਵਿੱਚ ਚਰਚਾ ਦਾ ਵਿਸ਼ਾ ਬਣਿਆ। ਉਸ ਨੇ ਡੈਮੋਕਰੇਟਿਕ ਪਾਰਟੀ ਦੀ ਉਮੀਦਵਾਰੀ ਇਸ ਸਾਲ ਜੂਨ ਵਿੱਚ ਬਾਰਾਂ ਪ੍ਰਤੀਸ਼ਤ ਤੋਂ ਵੱਧ ਵੋਟਾਂ ਨਾਲ ਜਿੱਤੀ।

ਜ਼ੋਹਰਾਨ ਮਮਦਾਨੀ ਦੇ ਚੋਣ ਵਾਅਦਿਆਂ ਵਿੱਚ ਸ਼ਹਿਰ ਵਿੱਚ ਮੁਫ਼ਤ ਬੱਸ ਸੇਵਾ, ਬੱਚਿਆਂ ਲਈ ਮੁਫ਼ਤ ਸਿਹਤ ਸੰਭਾਲ, ਮਕਾਨ ਕਿਰਾਏ ਨੂੰ ਸਥਿਰ ਰੱਖਣਾ, ਘੱਟੋ-ਘੱਟ ਉਜਰਤਾਂ ਨੂੰ ਵਧਾਉਣਾ ਅਤੇ ਲਾਗੂ ਕਰਨਾ ਅਤੇ ਨਿਊਯਾਰਕ ਦੇ ਇੱਕ ਪ੍ਰਤੀਸ਼ਤ ਅਮੀਰਾਂ 'ਤੇ ਟੈਕਸ ਦਰ ਵਧਾ ਕੇ ਸ਼ਹਿਰ ਲਈ ਸਹੂਲਤਾਂ ਵਿੱਚ ਵਾਧਾ ਕਰਨਾ ਸ਼ਾਮਲ ਸਨ। ਮਮਦਾਨੀ ਨੇ ਇਹ ਵਾਅਦਾ ਵੀ ਕੀਤਾ ਕਿ ਡੋਨਾਲਡ ਟਰੰਪ ਦੀ ਤਾਨਾਸ਼ਾਹੀ ਅੱਗੇ ਡਟੇਗਾ, ਜੋ ਉਸ ਬਾਰੇ ਲਗਾਤਾਰ ਕੂੜ ਪ੍ਰਚਾਰ ਹੀ ਨਹੀਂ ਕਰ ਰਿਹਾ ਸੀ, ਬਲਕਿ ਮਮਦਾਨੀ ਦੇ ਜਿੱਤਣ ਦੀ ਸੂਰਤ ਵਿੱਚ ਨਿਊਯਾਰਕ ਨੂੰ ਮਿਲਣ ਵਾਲੇ ਫੰਡਾਂ ਵਿੱਚ ਵੀ ਵੱਡੀ ਕਟੌਤੀ ਦੀਆਂ ਧਮਕੀਆਂ ਦੇ ਰਿਹਾ ਸੀ। ਉਸ ਨੂੰ ਤਾਂ ਮਮਦਾਨੀ ਦੇ ਵਾਅਦਿਆਂ ਵਿੱਚੋਂ ਕਮਿਊਨਿਜ਼ਮ ਦੀ ਬੋਅ ਆ ਰਹੀ ਸੀ। ਟਰੰਪ ਡਰਾ ਰਿਹਾ ਸੀ ਕਿ ਮਮਦਾਨੀ ਦੇ ਜਿੱਤਣ ਦੀ ਸੂਰਤ ਵਿੱਚ ਨਾ ਤਾਂ ਨਿਊਯਾਰਕ ਬਚੇਗਾ, ਸਫ਼ਲ ਹੋਣਾ ਤਾਂ ਦੂਰ ਦੀ ਗੱਲ। ਨਿਊਯਾਰਕ ਆਰਥਿਕ ਅਤੇ ਸਮਾਜਿਕ ਤੌਰ 'ਤੇ ਬਰਬਾਦ ਹੋ ਜਾਵੇਗਾ। ਟਰੰਪ ਦੀਆਂ ਊਝਾਂ ਅਤੇ ਦੂਸ਼ਣਬਾਜ਼ੀ ਆਪਣੇ ਪਰਮ ਮਿੱਤਰ ਨਰਿੰਦਰ ਮੋਦੀ ਦੀ ਤਰਜ਼ 'ਤੇ ਹੀ ਸਨ, ਜੋ ਆਪਣੇ ਕਿਸੇ ਵੀ ਅਤੇ ਕਿਸੇ ਪੱਧਰ ਦੇ ਵਿਰੋਧੀ ਨੂੰ ਕੁਚਲਣ ਲਈ ਕੋਈ ਵੀ ਕੁਫ਼ਰ ਤੋਲ ਸਕਦੇ ਹਨ। ਨੌਜਵਾਨ ਮਮਦਾਨੀ ਤੋਂ ਟਰੰਪ ਬਿਲਕੁੱਲ ਉਸੇ ਤਰ੍ਹਾਂ ਭੈਅ ਖਾ ਰਿਹਾ ਹੈ, ਜਿਵੇਂ ਨਰਿੰਦਰ ਮੋਦੀ ਜੇ ਐੱਨ ਯੂ ਦੇ ਵਿਦਿਆਰਥੀਆਂ ਕਨ੍ਹੱਈਆ ਕੁਮਾਰ, ਉਮਰ ਖ਼ਾਲਿਦ ਵਗੈਰਾ ਨੌਜਵਾਨਾਂ ਤੋਂ ਖਾਂਦਾ ਹੈ। ਪਿੱਛੇ ਜਿਹੇ ਸੋਸ਼ਲ ਮੀਡੀਆ 'ਤੇ ਨਰਿੰਦਰ ਮੋਦੀ ਦੀ ਇੱਕ ਕਲਿਪ ਚੱਲ ਰਹੀ ਸੀ, ਜਿਸ ਵਿੱਚ ਉਹ ਕਮਿਊਨਿਸਟ ਵਿਚਾਰਧਾਰਾ ਨੂੰ ਖ਼ਤਰਨਾਕ ਦੱਸ ਰਿਹਾ ਹੈ। ਬਿਲਕੁੱਲ ਇਸੇ ਤਰ੍ਹਾਂ ਹੀ ਡੋਨਾਲਡ ਟਰੰਪ ਮਮਦਾਨੀ ਦੀ ਚੋਣ ਇੱਕ ਮੇਅਰ ਦੀ ਚੋਣ ਨਾ ਹੋ ਕੇ ਇੱਕ ਪੜ੍ਹੇ ਲਿਖੇ ਮੁਸਲਿਮ ਨੌਜਵਾਨ ਤੋਂ ਮਿਲੇ ਇੱਕ ਵੱਡੇ ਵਿਚਾਰਧਾਰਕ ਚੈਲਿੰਜ ਦੇ ਤੌਰ 'ਤੇ ਲੈ ਰਿਹਾ ਹੈ। ਮਮਦਾਨੀ ਦਾ ਅਫਰੀਕੀ-ਏਸ਼ੀਆਈ ਮੂਲ ਦਾ ਹੋਣਾ ਵੀ ਨਰਿੰਦਰ ਮੋਦੀ ਦੀ ਘੁਸਪੈਠੀਆ ਸਿਆਸਤ ਵਾਂਗ ਹੀ ਹੈ, ਜੋ ਇਹ ਬਿਰਤਾਂਤ ਸਿਰਜ ਕੇ ਭਾਰਤ ਵਿੱਚ ਮੁਸਲਮਾਨ ਘੱਟ-ਗਿਣਤੀ ਨੂੰ ਚੋਣ ਪ੍ਰਬੰਧ ਵਿੱਚੋਂ ਖ਼ਾਰਜ ਕਰਨ 'ਤੇ ਲੱਗੀ ਹੋਈ ਹੈ। ਮਮਦਾਨੀ ਵੱਲੋਂ ਇਜ਼ਰਾਈਲ ਦੀ ਜਿਊਨਵਾਦੀ ਸਰਕਾਰ ਵੱਲੋਂ ਫ਼ਲਸਤੀਨੀਆਂ ਦੀ ਕੀਤੀ ਨਸਲਕੁਸ਼ੀ ਖਿਲਾਫ਼ ਲਏ ਗਏ ਸਪੱਸ਼ਟ ਸਟੈਂਡ ਨੇ ਟਰੰਪ ਨੂੰ ਨਿਊਯਾਰਕ ਦੀ ਵੱਡੀ ਯਹੂਦੀ ਵਸੋਂ ਨੂੰ ਮਮਦਾਨੀ ਦੀ ਚੋਣ ਮੁਹਿੰਮ ਨੂੰ ਠੁੱਸ ਕਰਨ ਲਈ ਵਰਤਿਆ। ਇੱਥੇ ਇਹ ਵੀ ਵਰਨਣਯੋਗ ਹੈ ਕਿ ਅਮਰੀਕਾ ਦੇ ਕਿਸੇ ਸ਼ਹਿਰ ਨਾਲੋਂ ਨਿਊਯਾਰਕ ਵਿੱਚ ਸਭ ਤੋਂ ਵੱਧ ਯਹੂਦੀ ਵਸੋਂ ਹੈ, ਪਰ ਮਮਦਾਨੀ ਦੇ ਰਹਿਣਯੋਗ ਸ਼ਹਿਰ ਦੇ ਵਾਅਦੇ ਦਾ ਸੋਸ਼ਲ ਮੀਡੀਆ 'ਤੇ ਪ੍ਰਚਾਰ, ਉਸ ਦੇ ਉਸਾਰੂ ਸੰਵਾਦ ਕਰਨ ਦੀ ਕਲਾ ਨੇ ਵੋਟਰਾਂ ਖਾਸ ਕਰਕੇ ਨੌਜਵਾਨਾਂ ਅਤੇ ਪਹਿਲੀ ਵਾਰ ਬਣੇ ਵੋਟਰਾਂ ਨੇ ਉਸ ਦਾ ਚੋਣ ਪ੍ਰਚਾਰ ਜ਼ਰਬਾਂ ਖਵਾ ਦਿੱਤੀਆਂ। ਕਈ ਅਗਾਂਹਵਧੂ ਗਰੁੱਪਾਂ ਨੇ ਵਲੰਟੀਅਰਾਂ ਦੀ ਇੱਕ ਫ਼ੌਜ ਖੜੀ ਕਰ ਦਿੱਤੀ, ਜਿਸ ਨੇ ਪਹਿਲੇ ਪੜਾਅ ਵਿੱਚ ਹੀ ਵੋਟਰਾਂ ਨੂੰ ਘਰੋਂ ਬਾਹਰ ਕੱਢ ਲਿਆ। ਕੁੱਲ ਵੀਹ ਲੱਖ ਤੋਂ 'ਤੇ ਵੋਟਰਾਂ ਨੇ ਆਪਣੇ ਹੱਕ ਦਾ ਇਸਤੇਮਾਲ ਕੀਤਾ। ਪਹਿਲੇ ਦੋ ਘੰਟਿਆਂ ਵਿੱਚ ਹੀ ਕੁੱਲ 735377 ਵੋਟਾਂ ਪੈ ਚੁੱਕੀਆਂ ਸਨ, ਜੋ 2021 ਨਾਲੋਂ ਪੰਜ ਗੁਣਾ ਜ਼ਿਆਦਾ ਸਨ।ਨਿਊਯਾਰਕ ਸਿਟੀ ਬੋਰਡ ਆਫ਼ ਇਲੈਕਸ਼ਨ ਮੁਤਾਬਿਕ 1969 ਤੋਂ ਬਾਅਦ ਪਹਿਲੀ ਵਾਰ ਮੇਅਰ ਦੀ ਚੋਣ ਵਿੱਚ ਐਨੀ ਜ਼ਿਆਦਾ ਵੋਟਿੰਗ ਹੋਈ।ਵੋਟਾਂ ਪੈਣ ਤੋਂ ਇੱਕ ਘੰਟੇ ਦੇ ਅੰਦਰ ਹੀ ਮਮਦਾਨੀ ਦੀ ਜਿੱਤ ਕੰਧ 'ਤੇ ਲਿਖੇ ਸੱਚ ਵਾਂਗ ਸਾਫ਼ ਦਿਸਣ ਲੱਗ ਪਈ ਸੀ।

ਵੈਸੇ ਨਿਊਯਾਰਕ ਦੇ ਮੇਅਰ ਦੀ ਚੋਣ ਕਈ ਉਤਰਾਵਾਂ- ਚੜ੍ਹਾਵਾਂ ਵਿੱਚੋਂ ਲੰਘੀ। ਮੌਜੂਦਾ ਮੇਅਰ ਏਰਿਕ ਐਡਮਜ਼, ਜਿਹੜਾ ਖੁਦ ਡੈਮੋਕਰੇਟ ਪਾਰਟੀ ਦਾ ਮੈਂਬਰ ਸੀ। ਉਸ ਨੇ ਖ਼ੁਦ ਦੁਬਾਰਾ ਡੈਮੋਕਰੇਟਿਕ ਪਾਰਟੀ ਦਾ ਉਮੀਦਵਾਰ ਬਣਨ ਦੀ ਕੋਸ਼ਿਸ਼ ਕੀਤੀ, ਭਾਵੇਂ ਕਿ ਉਸ ਦਾ ਕਾਰਜਕਾਲ ਸਕੈਂਡਲ ਭਰਪੂਰ ਸੀ ਅਤੇ ਲੋਕਪ੍ਰਿਅਤਾ ਦਾ ਗ੍ਰਾਫ ਵੀ ਬਹੁਤ ਹੇਠਾਂ ਚਲਿਆ ਗਿਆ ਸੀ, ਪਰ ਟਰੰਪ ਪ੍ਰਸ਼ਾਸਨ ਦੀ ਉਸ 'ਤੇ ਮਿਹਰ ਹੋਈ, ਭ੍ਰਿਸ਼ਟਾਚਾਰ ਦੇ ਦੋਸ਼ ਵਾਪਸ ਲੈ ਲਏ ਗਏ। ਜਿਵੇਂ ਭਾਰਤ ਵਿੱਚ ਹੁੰਦਾ ਹੈ ਕਿ ਕਿਸੇ ਵੀ ਭ੍ਰਿਸ਼ਟ ਸਿਆਸਤਦਾਨ ਦੇ ਜਦੋਂ ਦੋਸ਼ ਵਾਪਸ ਲੈ ਲਏ ਜਾਣ, ਉਹ ਜਾਂ ਤਾਂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਜਾਂਦਾ ਹੈ ਜਾਂ ਵਿਰੋਧੀ ਧਿਰ ਦੀਆਂ ਵੋਟਾਂ ਖ਼ਰਾਬ ਕਰਨ ਲਈ ਆਜ਼ਾਦ ਉਮੀਦਵਾਰ ਵਜੋਂ ਖੜਾ ਹੋ ਜਾਂਦਾ ਹੈ। ਉਵੇਂ ਹੀ ਮਮਦਾਨੀ ਦੇ ਰਾਹ ਦਾ ਰੋੜਾ ਬਣਨ ਲਈ ਏਰਿਕ ਐਡਮਜ਼ ਆਪਣੀ ਡੈਮੋਕਰੇਟਿਕ ਪਾਰਟੀ ਨੂੰ ਲੱਤ ਮਾਰਦੇ ਹੋਏ ਬਤੌਰ ਆਜ਼ਾਦ ਉਮੀਦਵਾਰ ਮੇਅਰ ਦੀ ਚੋਣ ਵਿੱਚ ਕੁੱਦ ਪਿਆ।

67 ਸਾਲਾ ਐਂਡਰਿਊ ਕਿਊਮੋ ਦੀ ਉਮੀਦਵਾਰੀ ਇਸ ਕਰਕੇ ਵੀ ਮਹੱਤਵਪੂਰਨ ਸੀ ਕਿ ਉਹ ਵੱਡੇ ਘਰ ਨਾਲ ਸੰਬੰਧਤ ਹੈ। ਉਸ ਦਾ ਬਾਪ ਮੇਰੀਓ ਕਿਊਮੋ ਨਿਊਯਾਰਕ ਦਾ ਸਾਬਕਾ ਗਵਰਨਰ ਸੀ ਅਤੇ ਐਂਡਰਿਊ ਕਿਊਮੋ ਵੀ 2011 ਤੋਂ 2021 ਤੱਕ ਖ਼ੁਦ ਨਿਊਯਾਰਕ ਦਾ ਗਵਰਨਰ ਰਿਹਾ ਸੀ। ਉਸ ਤੇ ਨਾ ਸਿਰਫ਼ ਕੋਵਿਡ ਮਹਾਂਮਾਰੀ ਦੇ ਸਮੇਂ ਕੁਪ੍ਰਬੰਧ ਦੇ ਇਲਜ਼ਾਮ ਲੱਗੇ ਸਨ, ਬਲਕਿ ਬਹੁਤ ਸਾਰੀਆਂ ਔਰਤਾਂ ਨੇ ਉਸ 'ਤੇ ਸਰੀਰਕ ਛੇੜਛਾੜ ਦੇ ਸੰਗੀਨ ਇਲਜ਼ਾਮ ਲਗਾਏ ਸਨ। ਉਸ ਤੋਂ ਬਾਅਦ ਉਹ ਮਹਾਂ-ਦੋਸ਼ ਦੀ ਕਾਰਵਾਈ ਤੋਂ ਡਰਦਿਆਂ ਅਸਤੀਫ਼ਾ ਦੇ ਗਿਆ ਸੀ। ਜਿਵੇਂ ਭਾਰਤ ਵਿੱਚ ਵੀ ਬ੍ਰਿਜਭੂਸ਼ਨ ਸਿੰਘ ਵਰਗੇ ਸਿਆਸਤਦਾਨ ਸਿਆਸਤ ਵਿੱਚ ਟਿਕੇ ਰਹਿੰਦੇ ਹਨ, ਉਸੇ ਤਰ੍ਹਾਂ ਐਂਡਰਿਊ ਕਿਊਮੋ ਨੇ ਗਵਰਨਰੀ ਤੋਂ ਹੇਠਲੇ ਪਦ ਮੇਅਰ ਰਾਹੀਂ ਮੁੜ ਪ੍ਰਸੰਗਿਕ ਹੋਣ ਦੀ ਕੋਸ਼ਿਸ਼ ਕੀਤੀ। ਮਮਦਾਨੀ ਦੇ ਚੋਣ ਵਾਅਦਿਆਂ ਨੂੰ ਚੁਰਾ ਕੇ ਜੁਮਲੇ ਛੱਡੇ ਅਤੇ ਏਰਿਕ ਐਡਮਜ਼ ਨੂੰ ਚੋਣ ਮੈਦਾਨ ਵਿੱਚੋਂ ਲਾਂਭੇ ਕਰਕੇ ਉਸ ਨਾਲ ਹੱਥ ਮਿਲਾ ਲਿਆ ਤਾਂ ਜੋ ਨਿਊਯਾਰਕ ਸ਼ਹਿਰ ਨੂੰ ਮਮਦਾਨੀ ਦੀ ਅਨਾੜੀ, ਗੈਰ-ਤਜਰਬੇਕਾਰ ਅਤੇ ਅਰਾਜਕਤਾਵਾਦੀ ਸਿਆਸਤ ਤੋਂ ਬਚਾਇਆ ਜਾ



ਸਕੇ! ਮਮਦਾਨੀ ਬਾਰੇ ਨਾਟ ਏ ਸੂਟੇਬਲ ਬੁਆਏ ਦਾ ਭੰਡੀ ਪ੍ਰਚਾਰ ਵੀ ਕੀਤਾ ਗਿਆ। ਕਿਊਮੋ ਨੇ 71 ਸਾਲਾ ਕਰਟਿਸ ਸਿਲਵਾ ਨੂੰ ਵੀ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਕੀਤੀ ਤਾਂ ਜੋ ਮਮਦਾਨੀ ਵਿਰੋਧੀ ਵੋਟਾਂ ਵੰਡੀਆਂ ਨਾ ਜਾਣ। ਸਿਲਵਾ ਨੇ 2021 ਵਿੱਚ ਐਡਮਜ਼ ਦੇ ਖਿਲਾਫ਼ ਮੇਅਰ ਦੀ ਚੋਣ ਲੜੀ ਸੀ ਅਤੇ ਹੁਣ ਉਸ ਨੂੰ ਲੱਗਦਾ ਸੀ ਕਿ ਜੇਕਰ ਹੁਣ ਨਹੀਂ ਤਾਂ ਕਦੇ ਵੀ ਨਹੀਂ। ਇਸ ਕਰਕੇ ਉਸ ਨੇ ਚੋਣ ਮੈਦਾਨ ਵਿੱਚੋਂ ਹਟਣ ਤੋਂ ਇਨਕਾਰ ਕਰ ਦਿੱਤਾ। ਸਿਲਵਾ ਨੇ ਅਕਤੂਬਰ ਵਿੱਚ ਹੋਈਆਂ ਬਹਿਸਾਂ ਵਿੱਚ ਮਮਦਾਨੀ ਅਤੇ ਕਿਊਮੋ ਨੂੰ ਇੱਕ ਸਿੱਕੇ ਦੇ ਦੋ ਪਾਸੇ ਕਹਿ ਕੇ ਨਿੰਦਿਆ ਸੀ।

ਜ਼ੋਹਰਾਨ ਮਮਦਾਨੀ ਦੀ ਜਿੱਤ ਅਗਾਂਹਵਧੂ ਅਤੇ ਖੁੱਲ੍ਹੀ ਸੋਚ ਵਾਲੇ ਨਿਊਯਾਰਕ ਅਤੇ ਡੈਮੋਕਰੇਟਿਕ ਪਾਰਟੀ ਲਈ ਵੀ ਇੱਕ ਮੀਲ-ਪੱਥਰ ਸਾਬਤ ਹੋ ਸਕਦੀ ਹੈ, ਕਿਉਂਕਿ ਨਿਊਯਾਰਕ ਸ਼ਹਿਰ ਲਈ ਹੁਣ ਡੋਨਾਲਡ ਟਰੰਪ ਦੇ ਇਸ਼ਾਰਿਆਂ 'ਤੇ ਨੱਚਣਾ ਸੰਭਵ ਨਹੀਂ।

ਮੀਰਾ ਨਾਇਰ ਦੀਆਂ ਫਿਲਮਾਂ ਮਿਸਸਿੱਪੀ ਮਸਾਲਾ, ਮਾਨਸੂਨ ਵੈਡਿੰਗ ਅਤੇ ਦ ਨੇਮਸੇਕ ਨੇ ਖੂਬ ਨਾਂਅ ਕਮਾਇਆ ਹੈ, ਪਰ ਮਮਦਾਨੀ ਨੇ ਆਪਣਾ ਰਾਹ ਆਪ ਤਰਾਸ਼ਿਆ ਹੈ। ਮੀਰਾ ਨਾਇਰ ਦੀਆਂ ਫਿਲਮਾਂ ਦੇ ਪਾਤਰਾਂ 'ਤੇ ਅਕਸਰ ਲੋੜ ਤੋਂ ਜ਼ਿਆਦਾ ਅਮਰੀਕਨ ਹੋਣ ਦੇ ਇਲਜ਼ਾਮ ਲੱਗਦੇ ਰਹੇ ਹਨ, ਪਰ ਮਮਦਾਨੀ ਦੇ ਵਿਰੋਧੀਆਂ ਨੇ ਉਸ 'ਤੇ ਘਟੀਆ ਦਰਜੇ ਦਾ ਅਮਰੀਕਨ ਦੀ ਇਲਜ਼ਾਮ ਤਰਾਸ਼ੀ ਕੀਤੀ ਅਤੇ ਜਚਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਨੂੰ ਅਗਵਾਈ ਦੇਣ ਦੇ ਕਾਬਲ ਨਹੀਂ। ਮਮਦਾਨੀ ਦੀ ਕਿਸੇ ਦੂਰ ਦੇ ਰਿਸ਼ਤੇ ਵਿੱਚੋਂ ਆਂਟੀ ਲੱਗਦੀ ਇੱਕ ਔਰਤ ਦੀ ਕਹਾਣੀ ਫੈਲਾਈ ਗਈ, ਜਿਸ ਨੂੰ 9/11 ਤੋਂ ਬਾਅਦ ਹਿਜਾਬ ਪਹਿਨਣ ਲਈ ਟਰੋਲ ਹੋਣਾ ਪਿਆ ਸੀ ਅਤੇ ਅਮਰੀਕਾ ਦੀ ਬਦਨਾਮੀ ਦਾ ਕਾਰਨ ਬਣਿਆ ਸੀ। ਉਸੇ ਆਧਾਰ 'ਤੇ ਮਮਦਾਨੀ ਨੂੰ ਆਂਟੀ ਨੈਸ਼ਨਲ ਵੀ ਗਰਦਾਨਿਆ ਗਿਆ। ਮਮਦਾਨੀ ਦੀ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਉਹ ਆਪਣੀਆਂ ਉਂਗਲਾਂ ਨਾਲ ਬਰਿਆਨੀ ਖਾ ਰਿਹਾ ਹੈ। ਟੈਕਸਾਸ ਤੋਂ ਅਮਰੀਕੀ ਕਾਂਗਰਸ ਦੇ ਇੱਕ ਮੈਂਬਰ ਬ੍ਰੈਂਡਨ ਗਿਲ ਨੇ ਪ੍ਰਤੀਕਿਰਿਆ ਪ੍ਰਗਟ ਕੀਤੀ, ਸੱਭਿਅਕ ਲੋਕ ਇਸ ਤਰ੍ਹਾਂ ਖਾਣਾ ਨਹੀਂ ਖਾਂਦੇ। ਜੇਕਰ ਕੋਈ ਪੱਛਮ ਦੇ ਰਿਵਾਜ ਨਹੀਂ ਅਪਣਾ ਸਕਦਾ ਤਾਂ ਉਸ ਨੂੰ ਵਾਪਸ ਆਪਣੀ ਤੀਜੀ ਦੁਨੀਆ ਵਿੱਚ ਚਲੇ ਜਾਣਾ ਚਾਹੀਦਾ ਹੈ। ਮਮਦਾਨੀ ਦੇ ਪਿਤਾ ਮਹਿਮੂਦ ਮਮਦਾਨੀ ਨੂੰ ਈਦੀ ਅਮੀਨ ਦੇ ਸਮੇਂ ਯੁਗਾਂਡਾ ਛੱਡਣਾ ਪਿਆ ਸੀ। ਉਸ 'ਤੇ ਵੀ ਅਮਰੀਕਾ ਪ੍ਰਤੀ ਅਹਿਸਾਨਫਰਮੋਸ਼ ਹੋਣ ਦੇ ਇਲਜ਼ਾਮ ਲਗਾਏ ਗਏ। ਹਿੰਦੁਸਤਾਨ ਦੀਆਂ ਹਿੰਦੂਤਵੀ ਤਾਕਤਾਂ ਦੀਆਂ ਅਮਰੀਕੀ ਸ਼ਾਖਾਵਾਂ ਅਮਰੀਕਨ ਫਾਰ ਹਿੰਦੂਜ਼ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਆਫ਼ ਅਮਰੀਕਾ ਨੇ ਵੀ ਮਮਦਾਨੀ ਦੇ ਖਿਲਾਫ਼ ਬਿਆਨਬਾਜ਼ੀ ਕੀਤੀ ਸੀ, ਕਿਉਂਕਿ ਉਹ ਮੋਦੀ ਸਰਕਾਰ ਦੀਆਂ ਫਿਰਕੂ ਅਤੇ ਵੰਡ-ਪਾਊ ਜੁਗਤਾਂ ਦਾ ਵਿਰੋਧੀ ਹੈ।

ਮੀਰਾ ਨਾਇਰ ਦੀ ਫ਼ਿਲਮ 'ਸਲਾਮ ਬੰਬੇ' ਆਸਕਰ ਐਵਾਰਡ ਲਈ ਨਾਮਜ਼ਦ ਹੋਈ ਸੀ, ਪਰ ਹੁਣ ਸਲਾਮ ਨਿਊਯਾਰਕ ਕਹਿਣਾ ਬਣਦਾ ਹੈ ਜਿਸ ਨੇ ਮੇਕ ਅਮਰੀਕਾ ਗ੍ਰੇਟ ਅਗੇਨ ਵਰਗੇ ਜੁਮਲਿਆਂ ਦੇ ਚਪੇੜ ਮਾਰੀ ਹੈ ਅਤੇ ਦਰਸਾਇਆ ਹੈ ਕਿ ਕੋਈ ਵੀ ਮੁਲਕ ਜਾਂ ਸਮਾਜ ਸਾਰਿਆਂ ਨੂੰ ਨਾਲ ਲੈ ਕੇ (Inclusiveness) ਨਾਲ ਹੀ ਮਹਾਨ ਬਣਦਾ ਹੈ। ਆਸ ਕੀਤੀ ਜਾਣੀ ਬਣਦੀ ਹੈ ਕਿ ਅਮਰੀਕੀ ਰਾਜਨੀਤੀ ਕੋਈ ਸੁਖਾਵਾਂ ਮੋੜ ਕੱਟੇਗੀ, ਕਿਉਂਕਿ ਅੱਜ ਦੇ ਸਮੇਂ ਵਿੱਚ ਜਮਹੂਰੀ, ਅਗਾਂਹਵਧੂ, ਸਮਾਜਵਾਦੀ ਅਤੇ ਲਿਬਰਲ ਤਾਕਤਾਂ ਮੁਸ਼ਕਿਲ ਦੌਰ ਵਿੱਚੋਂ ਲੰਘ ਰਹੀਆਂ ਹਨ। ਮਮਦਾਨੀ ਡੈਮੋਕਰੇਟਿਕ ਸੋਸ਼ਲਿਸਟਸ ਆਫ਼ ਅਮਰੀਕਾ (ਡੀ ਐੱਸ ਏ) ਨਾਲ ਵੀ ਜੁੜਿਆ ਰਿਹਾ ਹੈ, ਜਿਸ ਦੀ ਸਥਾਪਨਾ 1982 ਵਿੱਚ ਬਹੁਤ ਸਾਰੀਆਂ ਅਗਾਂਹਵਧੂ ਤਨਜੀਮਾਂ ਨੇ ਰਲ ਕੇ ਕੀਤੀ ਸੀ। ਡੀ ਐੱਸ ਏ ਦੀਆਂ ਜੜ੍ਹਾਂ ਵੀਹਵੀਂ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਸ਼ੁਰੂ ਹੋਈ ਅਮਰੀਕੀ ਸਮਾਜਵਾਦੀ ਲਹਿਰ ਨਾਲ ਜੁੜੀਆਂ ਹੋਈਆਂ ਹਨ। ਇਸ ਲਹਿਰ ਨੇ ਹੀ ਸੱਠਵਿਆਂ ਵਿੱਚ ਵੀਅਤਨਾਮ ਜੰਗ ਵਿਰੋਧੀ ਮੁਹਿੰਮ ਦੀ ਅਗਵਾਈ ਕੀਤੀ ਸੀ। ਵਧਦੀ ਆਰਥਿਕ ਅਸਮਾਨਤਾ ਨੂੰ 2016 ਵਿੱਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਡੈਮੋਕਰੇਟਿਕ ਪਾਰਟੀ ਦੀ ਉਮੀਦਵਾਰ ਦੀ ਚੋਣ ਵਿੱਚ ਬਰਨੀ ਸੈਂਡਰਜ ਨੇ ਵੀ ਉਭਾਰਿਆ ਸੀ, ਪਰ ਉਹ ਹਿਲੇਰੀ ਕਲਿੰਟਨ ਤੋਂ ਮਾਤ ਖਾ ਗਿਆ ਸੀ। ਸਰਮਾਏਦਾਰਾਨਾ ਅਮਰੀਕੀ ਢਾਂਚੇ ਦੇ ਖੋਖਲੇਪਣ ਨੂੰ 9/11 ਤੋਂ ਬਾਅਦ ਪੈਦਾ ਹੋਈ ਪੀੜ੍ਹੀ ਸਮਝ ਰਹੀ ਹੈ।ਉਸ ਤੋਂ ਬਾਅਦ 2008 ਦੀ ਆਰਥਿਕ ਮੰਦਹਾਲੀ ਅਤੇ ਕੋਵਿਡ ਮਹਾਂਮਾਰੀ ਨੇ ਤਾਂ ਇਸ ਤਬਾਹਕੁੰਨ ਢਾਂਚੇ ਦਾ ਹੀਜ-ਪਿਆਜ਼ ਹੋਰ ਨੰਗਾ ਕਰ ਦਿੱਤਾ ਹੈ।

ਮਮਦਾਨੀ ਦੀ ਜਿੱਤ ਵਿੱਚ ਲਾਤੀਨੀ ਅਮਰੀਕੀ ਅਤੇ ਏਸ਼ੀਆ/ਅਰਬ ਪਿਛੋਕੜ ਵਾਲੇ ਲੋਕਾਂ ਨੇ ਹੀ ਨਹੀਂ, ਬਲਕਿ ਨੇਤਨਯਾਹੂ ਦੀ ਬੁਰਛਾਗਰਦੀ ਦਾ ਵਿਰੋਧ ਕਰਨ ਵਾਲੇ ਯਹੂਦੀਆਂ ਅਤੇ ਨੌਜਵਾਨ ਅਮਰੀਕੀਆਂ ਨੇ ਭਰਵਾਂ ਯੋਗਦਾਨ ਪਾਇਆ ਹੈ। ਯੂਰਪ ਦੇ ਕੁੱਝ ਖੱਬੇ ਪੱਖੀ ਚਿੰਤਕ ਵੀ ਮਮਦਾਨੀ ਦੀ ਚੋਣ ਮੁਹਿੰਮ 'ਤੇ ਨੇੜਿਓਂ ਨਜ਼ਰ ਰੱਖ ਰਹੇ ਸਨ।

ਇੱਕ ਖਦਸ਼ਾ ਇਹ ਵੀ ਹੈ ਕਿ ਕੀ ਮਮਦਾਨੀ ਦੀ ਅਮੀਰਾਂ 'ਤੇ ਟੈਕਸ ਲਾਓ, ਗਰੀਬਾਂ ਨੂੰ ਖਵਾਓ ਨੀਤੀ ਨੂੰ ਕਾਮਯਾਬ ਹੋਣ ਦਿੱਤਾ ਜਾਵੇਗਾ ਕਿ ਨਹੀਂ? ਖ਼ੁਦ ਡੈਮੋਕਰੇਟਿਕ ਪਾਰਟੀ ਦਾ ਇੱਕ ਤਕੜਾ ਹਿੱਸਾ ਜਿਹੜਾ ਵਿੱਚ-ਵਿਚਾਲੇ ਰਾਹ 'ਤੇ ਚੱਲਦਾ ਹੈ, ਉਸ ਨੂੰ ਵੀ ਮਮਦਾਨੀ ਦੀ ਸਮਾਜਵਾਦੀ, ਮੁਸਲਿਮ ਅਤੇ ਏਸ਼ੀਆਈ ਪਛਾਣ ਤੋਂ ਡਰ ਲੱਗਦਾ ਹੈ ਕਿ ਕਿਤੇ ਟਰੰਪ ਅਤੇ ਰਿਪਬਲਿਕਨ ਪਾਰਟੀ ਉਹਨਾਂ ਦੀਆਂ ਵੋਟਾਂ ਹੀ ਨਾ ਖਰਾਬ ਕਰ ਦੇਵੇ, ਜਿਵੇਂ ਭਾਰਤ ਵਿੱਚ ਕਾਂਗਰਸ ਦਾ ਇੱਕ ਹਿੱਸਾ ਭਾਜਪਾ ਦੇ ਹਿੰਦੂਤਵੀ ਰਾਹ ਦੀ ਵਕਾਲਤ ਕਰਦਾ ਨਜ਼ਰ ਆਉਂਦਾ ਹੈ, ਪਰ ਅੱਜ ਜਦੋਂ ਡੋਨਾਲਡ ਟਰੰਪ ਆਪਣੀਆਂ ਕਰਤੂਤਾਂ ਕਰਕੇ ਕੁਲ ਆਲਮ ਵਿੱਚ ਤੌਏ-ਤੌਏ ਕਰਵਾ ਰਿਹਾ ਹੈ ਤਾਂ ਜ਼ੋਹਰਾਨ ਮਮਦਾਨੀ ਇੱਕ ਆਸ ਬਣ ਕੇ ਉੱਭਰਿਆ ਹੈ। ਇਹ ਭਵਿੱਖ ਹੀ ਦੱਸੇਗਾ ਕਿ ਉਹ ਅਮਰੀਕਾ ਦੀ ਦਿਸ਼ਾ ਬਦਲਣ ਵਿੱਚ ਕਿੰਨਾ ਕੁ ਕਾਮਯਾਬ ਹੁੰਦਾ ਹੈ ਜਾਂ ਫਿਰ ਆਮ ਆਦਮੀ ਪਾਰਟੀ ਦੀ ਤਰ੍ਹਾਂ ਗੋਤੇ ਖਾਂਦਾ ਨਜ਼ਰ ਆਵੇਗਾ।

**#ਸੰਪਰਕ : 98728-44163**

# ਪੀ ਯੂ ਦੀ ਭੰਗ ਹੋਈ ਸੈਨੇਟ ਦਾ ਜੀਵਨ-ਬਿਊਰਾ

**ਡਾ. ਲਾਭ ਸਿੰਘ ਖੀਵਾ**

1857 ਤੇ 1882 ਵਿੱਚ ਸਥਾਪਤ ਹੋਈਆਂ ਕ੍ਰਮਵਾਰ ਕਲਕੱਤਾ ਯੂਨੀਵਰਸਿਟੀ ਤੇ ਪੰਜਾਬ ਯੂਨੀਵਰਸਿਟੀ ਲਾਹੌਰ ਦੇਸ਼ ਦੀਆਂ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚ ਸੈਨੇਟ ਤੇ ਸਿੰਡੀਕੇਟ ਦਾ ਪ੍ਰਸ਼ਾਸਨਿਕ ਢਾਂਚਾ ਰਿਹਾ ਹੈ। ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਸੰਯੁਕਤ ਪੰਜਾਬ ਵਿੱਚ ਸਥਾਪਤ ਹੋਈ, ਜਿਸ ਕਰਕੇ ਇਸ ਨੂੰ ਵਿਰਾਸਤੀ ਰੁਤਬਾ ਦਿੱਤਾ ਜਾਂਦਾ ਹੈ। ਜਿਵੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਪੰਜਾਬੀਆਂ ਦੀ ਭਾਵੁਕ ਸਾਂਝ ਹੈ, ਇਉਂ ਹੀ ਪੰਜਾਬ ਯੂਨੀਵਰਸਿਟੀ ਨਾਲ ਹੈ। ਲਾਹੌਰ ਤੋਂ ਆ ਕੇ ਇਹ ਯੂਨੀਵਰਸਿਟੀ ਸ਼ਰਨਾਰਥੀਆਂ ਵਾਂਗ ਸ਼ਿਮਲਾ ਤੇ ਹੁਸ਼ਿਆਰਪੁਰ ਵਿੱਚ ਆਪਣਾ ਜੀਵਨ ਬਸਰ ਕਰਦੀ ਰਹੀ। ਆਖਰ 1952 ਵਿੱਚ ਚੰਡੀਗੜ੍ਹ ਪੂਰਬੀ ਪੰਜਾਬ ਦੀ ਰਾਜਧਾਨੀ ਬਣਨ ਨਾਲ ਇਸ ਨੂੰ ਹੌਲੀ-ਹੌਲੀ ਇੱਥੇ ਪੱਕਾ ਟਿਕਾਣਾ ਮਿਲਿਆ। ਪੰਜਾਬ ਯੂਨੀਵਰਸਿਟੀ ਐਕਟ 7, 1947 ਬਣਨ ਨਾਲ ਇਹ ਅਣਵੰਡੇ ਪੰਜਾਬ ਦੀ 1966 ਤੱਕ ਸਾਂਝੀ ਯੂਨੀਵਰਸਿਟੀ ਰਹੀ।

ਪੂਰਬੀ ਪੰਜਾਬ ਦੇ ਰਾਜਪਾਲ ਨੇ 26 ਨਵੰਬਰ 1947 ਨੂੰ ਇਸ ਐਕਟ 'ਤੇ ਦਸਤਖ਼ਤ ਕੀਤੇ ਤੇ ਫਿਰ ਇਹ ਯੂਨੀਵਰਸਿਟੀ 1947 -1956 ਤੇ 1956 - 1966 ਤੱਕ ਸਾਂਝੇ ਭਾਰਤੀ ਪੰਜਾਬ ਦੀ ਵਿਧਾਨ ਸਭਾ ਦੇ ਨਿਰਦੇਸ਼ਾਂ ਤਹਿਤ ਕੰਮ ਕਰਦੀ ਰਹੀ ਹੈ। ਚੁਣੀ ਹੋਈ ਸੈਨੇਟ ਤੇ ਸਿੰਡੀਕੇਟ ਇਸ ਦੀ ਪ੍ਰਸ਼ਾਸਨਿਕ ਅਧਿਕਾਰੀ ਦੇ ਤੌਰ 'ਤੇ ਕਾਰਜਸ਼ੀਲ ਰਹੀ।

ਮਸਲਾ 1966 ਵਿੱਚ ਸੰਯੁਕਤ ਪੰਜਾਬ ਦੇ ਪੁਨਰ-ਗਠਨ ਸਮੇਂ ਉਤਪੰਨ ਹੁੰਦਾ ਹੈ, ਜਦੋਂ ਪੰਜਾਬ ਲਈ ਤਾਮੀਰ ਹੋਈ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ (ਯੂਟੀ) ਹੋਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਇਸ ਮੁਤਾਬਕ ਪੰਜਾਬ ਯੂਨੀਵਰਸਿਟੀ ਕੇਂਦਰ- ਰਾਜ (Centre-State) ਦਾ ਸਾਂਝਾ ਅਦਾਰਾ ਕਹਿ ਕੇ ਇਹਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਕੇਂਦਰ ਕੋਲ ਚਲੀਆਂ ਜਾਂਦੀਆਂ ਹਨ। ਪੰਜਾਬ ਦੇ ਰਾਜਪਾਲ ਦੀ ਥਾਂ ਯੂਨੀਵਰਸਿਟੀ ਦਾ ਚਾਂਸਲਰ ਉਪ- ਰਾਸ਼ਟਰਪਤੀ ਬਣ ਜਾਂਦਾ ਹੈ ਤੇ ਉਪ-ਕੁਲਪਤੀ ਦੀ ਨਿਯੁਕਤੀ ਵੀ ਇਹ ਕਰਦਾ ਹੈ। ਕੇਂਦਰ ਸਰਕਾਰ ਯੂਨੀਵਰਸਿਟੀ ਦੇ ਬਜਟ ਵਿੱਚ ਹਿੱਸਾ ਪਾ ਕੇ ਪੂਰੀ ਤਰ੍ਹਾਂ ਆਪਣੀ ਘੁਸਪੈਠ ਕਰ ਲੈਂਦੀ ਹੈ। ਸੈਨੇਟ ਦੀਆਂ ਚੋਣਾਂ, ਇਸ ਵਿੱਚ ਨਾਮਜ਼ਦਗੀਆਂ ਅਤੇ ਅਕਾਦਮਿਕ ਨਿਯੁਕਤੀਆਂ ਵਿੱਚ ਉਪ- ਰਾਸ਼ਟਰਪਤੀ ਦੀ ਦਖ਼ਲਅੰਦਾਜ਼ੀ ਵਧਦੀ ਹੈ। ਯੂਨੀਵਰਸਿਟੀ ਦੇ ਫੈਕਲਟੀ ਮੈਂਬਰ ਦਿੱਲੀ ਦਰਬਾਰ ਵਿੱਚ ਹਾਜ਼ਰੀ ਭਰਨ ਦੇ ਮੌਕੇ ਲੱਭਦੇ ਹਨ। ਰਾਜਧਾਨੀ, ਯੂਨੀਵਰਸਿਟੀ, ਪਾਣੀਆਂ /ਡੈਮਾਂ ਦੀ ਵੰਡ, ਭਾਸ਼ਾਈ ਨੀਤੀ ਤੇ ਸਕੂਲ ਸਿੱਖਿਆ 'ਤੇ ਕੇਂਦਰ ਦਾ ਗਲਬਾ ਕੇਂਦਰ ਪ੍ਰਤੀ ਪੰਜਾਬੀਆਂ ਵਿੱਚ ਬੇਗਾਨਗੀ (alienation) ਦੀ ਭਾਵਨਾ ਜਗਾਉਂਦਾ ਹੈ। ਇਸ ਭਾਵਨਾ ਦੇ ਦੂਰਰਸ ਸਿੱਟੇ ਅਤੀਤ ਵਿੱਚ ਪੰਜਾਬ ਨੂੰ ਝੱਲਣੇ ਪਏ ਤੇ ਕੇਂਦਰ ਨੂੰ ਵੀ। ਭਵਿੱਖ ਦੀ ਕੀ ਗਰੰਟੀ ਹੋ ਸਕਦੀ ਹੈ?

- ਚੋਣਾਂ ਰਾਹੀਂ ਲੋਕਤਾਂਤਰਿਕ ਢੰਗ ਨਾਲ ਵਰ੍ਹਿਆਂ ਤੋਂ ਚੱਲ ਰਹੀ ਪੰਜਾਬ ਯੂਨੀਵਰਸਿਟੀ ਦੀ ਪ੍ਰਸ਼ਾਸਨ ਪ੍ਰਣਾਲੀ ਵਿੱਚ ਹੁਣੇ-ਹੁਣੇ ਕੀਤੀ ਭੰਨ-ਤੋੜ ਨੇ ਇਸ ਬੇਗਾਨਗੀ ਨੂੰ ਪ੍ਰਚੰਡ ਕੀਤਾ ਹੈ। ਪੰਜਾਬ ਪੁਨਰ-ਗਠਨ ਐਕਟ 1966 ਦੇ ਸੈਕਸ਼ਨ 72 ਦਾ ਗ਼ੈਰਕਾਨੂੰਨੀ ਆਸਰਾ ਲੈ ਕੇ ਸੈਨੇਟ ਮੈਂਬਰਾਂ ਦੀ ਨਫ਼ਰੀ ਤਿਹਾਈ ਕਰ ਦਿੱਤੀ ਹੈ। ਸਾਬਕਾ ਵਿਦਿਆਰਥੀਆਂ ਦੀ ਪ੍ਰਤੀਨਿਧਤਾ 'ਤੇ ਕਾਟਾ ਫੇਰ ਦਿੱਤਾ ਹੈ। ਅੱਗੇ ਤੋਂ ਨਿਰੋਲ ਅਕਾਦਮਿਕ ਸ਼ਖ਼ਸ ਹੀ ਚੁਣੇ ਜਾਣੇ ਹਨ, ਅਰਥਾਤ ਸੈਨੇਟ ਦੇ ਜੀਵਨ ਬਿਓਰੇ ਦੀ ਪ੍ਰੈਸੀ (pre-cis) ਬਣਾ ਦਿੱਤੀ ਹੈ। ਨਾਮਜ਼ਦ ਮੈਂਬਰਾਂ ਨਾਲ ਇਸ ਦਾ ਸੰਤੁਲਨ ਹੀ ਵਿਗਾੜ ਦਿੱਤਾ ਹੈ। ਚੁਣੇ ਹੋਏ ਚੰਦ ਟੀਏ/ਡੀਏ ਯਾਫ਼ਤਾ ਸੈਨੇਟਰ ਨਾਮਜ਼ਦ ਮੈਂਬਰਾਂ ਅੱਗੇ ਪਤਾ ਨਹੀਂ ਕਿਵੇਂ ਟਿਕਣਗੇ? ਭੂਤਕਾਲੀ 90 ਮੈਂਬਰੀ ਸੈਨੇਟ ਯੂਨੀਵਰਸਿਟੀ ਦੀ ਪਾਰਲੀਮੈਂਟ ਵਾਂਗ ਕੰਮ ਕਰਦੀ ਸੀ। ਸੈਨੇਟ ਦਾ ਭੌਤਿਕ ਜੀਵਨ ਬਿਓਰਾ ਤਾਂ ਬਦਲਿਆ ਹੀ ਹੈ, ਪਰ ਇਸ ਦੇ ਕਿਰਦਾਰ ਨੂੰ ਵੀ ਕਰੂਪ ਕੀਤਾ ਹੈ। ਹੁਣ ਨਾਮਜ਼ਦ ਸਿੰਡੀਕੇਟ ਕਿਸੇ ਵੀ ਤਰ੍ਹਾਂ ਸੈਨੇਟਰਾਂ ਨੂੰ ਜਵਾਬਦੇਹ ਨਹੀਂ ਹੋਵੇਗੀ। ਪਹਿਲਾਂ ਸਿੰਡੀਕੇਟ ਨੂੰ ਸੈਨੇਟ ਚੁਣਦੀ ਸੀ ਤੇ ਹਰ ਤਰ੍ਹਾਂ ਦੇ ਕਾਰਜਕਾਰੀ ਹੱਕ ਸਿੰਡੀਕੇਟ ਨੂੰ ਸੌਂਪ ਦਿੱਤੇ ਜਾਂਦੇ ਸਨ, ਪਰ ਲਏ ਫੈਸਲਿਆਂ 'ਤੇ ਆਖਰੀ ਮੋਹਰ ਸੈਨੇਟ ਹੀ ਲਾਉਂਦੀ ਸੀ।

ਹੁਣ ਜਦੋਂ ਸਿੰਡੀਕੇਟ ਮੈਂਬਰ ਮੌਜੂਦਾ ਉਪ-ਕੁਲਪਤੀ ਨਾਮਜ਼ਦ ਕਰੇਗਾ, ਉਸ ਲਈ ਲਾਜ਼ਮੀ ਨਹੀਂ ਕਿ ਉਹ ਸੈਨੇਟ ਦੀ ਮੋਹਰ ਦਾ ਮੁਥਾਜ ਹੋਵੇ। ਇਉਂ ਜਾਪਦਾ ਹੈ ਕਿ ਜਿਵੇਂ ਕਿਸੇ ਵਿਧਾਨ ਸਭਾ/ ਸੰਸਦ ਦੀ ਕੈਬਨਿਟ ਰਾਜਪਾਲ/ਰਾਸ਼ਟਰਪਤੀ ਗਠਨ ਕਰੇਗਾ ਤੇ ਕੈਬਨਿਟ ਵਿਧਾਨ ਸਭਾ/ ਸੰਸਦ ਦਾ ਸਾਹਮਣਾ ਕਰਨ ਤੋਂ ਆਜ਼ਾਦ ਹੋਵੇਗੀ। ਸਿਰਫ਼ ਸੈਨੇਟ/ਸਿੰਡੀਕੇਟ ਦੇ ਕਿਰਦਾਰ/ਚਿਹਰੇ-ਮੋਹਰੇ 'ਤੇ ਗ਼ੈਰ- ਜਮਹੂਰੀ ਕੂਚੀ ਨਹੀਂ ਫੇਰੀ ਗਈ, ਚੋਣਾਂ ਰਾਹੀਂ ਗਠਿਤ ਹੁੰਦੇ ਅਕਾਦਮਿਕ ਕੌਂਸਲ ਤੇ ਬੋਰਡ ਆਫ਼ ਸਟੱਡੀਜ਼ ਵੀ ਇਸ ਕੂਚੀ ਥੱਲੇ ਆ ਸਕਦੇ ਹਨ, ਕਿਉਂਕਿ ਇਹ ਦੋਵੇਂ ਉਚੇਰੀ ਸਿੱਖਿਆ ਦੇ ਪਾਠਕ੍ਰਮ ਨਿਰਧਾਰਿਤ ਕਰਦੇ ਹਨ। ਇਸ ਪਾਠਕ੍ਰਮ ਦੇ ਕਿਰਦਾਰ ਨੂੰ ਵੀ ਆਪਣੇ ਮੁਤਾਬਕ ਸੱਤਾਧਾਰੀ ਪਾਰਟੀ ਨੇ ਰੰਗਣਾ ਹੈ। ਅਕਾਦਮਿਕ ਅਦਾਰਿਆਂ ਦੇ ਜੀਵਨ ਬਿਓਰੇ ਨੂੰ ਹੀ ਸਿਰਫ਼ ਪੁੱਠਾ ਗੇੜ ਨਹੀਂ ਦੇਣਾ, ਹੋਰ ਬੜੇ ਅਦਾਰੇ/ਸੰਸਥਾਵਾਂ/ ਖੇਤਰ ਹਨ, ਜਿਹੜੇ ਇੱਕੋ ਰੰਗ ਦੀ ਪਿਚਕਾਰੀ ਦੇ ਨਿਸ਼ਾਨੇ 'ਤੇ ਹਨ, ਪਰ ਵਿੱਦਿਅਕ ਸੰਸਥਾਨਾਂ ਦੀ ਤਰਜੀਹੀ ਸੂਚੀ ਹੈ।

**ਸੰਪਰਕ : 94171-78487**

# ਇਨ੍ਹਾਂ ਜ਼ਖ਼ਮਾਂ ਦਾ ਕੀ ਕਹਿਣਾ...

**ਗੁਰਬਿੰਦਰ ਸਿੰਘ ਮਾਣਕ**

ਅਕਸਰ ਕਿਹਾ ਜਾਂਦਾ ਹੈ ਕਿ ਆਜ਼ਾਦੀ ਤੋਂ ਬਾਅਦ ਦੇਸ਼ ਨੇ ਹਰ ਖੇਤਰ ਵਿਚ ਹੀ ਵਿਕਾਸ ਦੀਆਂ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ।ਬਾਹਰੀ ਵਿਕਾਸ ਤਾਂ ਜ਼ਰੂਰ ਹੋਇਆ ਹੈ, ਪਰ ਸਾਡੇ ਮਨਾਂ ਵਿਚ ਪਈਆਂ ਸਦੀਆਂ ਪੁਰਾਣੀਆਂ ਧਾਰਨਾਵਾਂ,ਅਜੇ ਵੀ ਜਿਉਂ ਦੀਆਂ ਤਿਉਂ ਕਾਇਮ ਹਨ।ਸਿੱਖਿਆ, ਵਿਗਿਆਨ ਤੇ ਤਕਨਾਲੋਜੀ ਦੇ ਸਮਿਆਂ ਵਿਚ ਵੀ ਸਾਡੇ ਮਹਾਨ ਭਾਰਤ ਵਿਚ ਜਾਤ-ਪਾਤੀ ਪ੍ਰਬੰਧ ਦਾ ਘਿਨਾਉਣਾ ਵਰਤਾਰਾ ਅੱਜ ਵੀ ਦੇਸ਼ ਦੇ ਮੱਥੇ 'ਤੇ ਬਦਨੁਮਾ ਦਾਗ ਬਣਿਆ ਹੋਇਆ ਹੈ।ਇਕ ਵਾਰ ਫਿਰ ਮਨਾਂ ਨੂੰ ਵਲੂੰਧਰਨ ਵਾਲੀਆਂ ਘਿਨਾਉਣੀਆਂ ਘਟਨਾਵਾਂ ਨੇ ਹਰ ਸੰਵੇਦਨਸ਼ੀਲ ਬੰਦੇ ਨੂੰ ਕੰਬਣੀ ਛੇੜ ਦਿੱਤੀ ਹੈ।ਪਹਿਲੀ ਘਟਨਾ,ਦੇਸ਼ ਦੀ ਸਰਵਉੱਚ ਅਦਾਲਤ ਦੇ ਚੀਫ ਜਸਟਿਸ ਮਾਣਯੋਗ ਬੀ ਆਰ ਗਵਈ ਨੂੰ ਅਦਾਲਤੀ ਕਾਰਵਾਈ ਦੌਰਾਨ ਹੀ ਇਕ ਵਕੀਲ ਵੱਲੋਂ ਉਨ੍ਹਾਂ ਵੱਲ ਜੁੱਤੀ ਸੁੱਟਣ ਦੀ ਕੋਸ਼ਿਸ਼ ਕਰਕੇ ਬੇਇੱਜ਼ਤ ਕਰਨਾ ਅੰਤਾਂ ਦੀ ਘਿਨਾਉਣੀ ਘਟਨਾ ਹੈ।ਇਸ ਨਾਲ ਦੁਨੀਆ ਭਰ ਵਿਚ ਦੇਸ਼ ਦੇ ਅਕਸ ਨੂੰ ਵੀ ਗਹਿਰਾ ਧੱਕਾ ਲੱਗਾ ਹੈ।ਇਹ ਦੇਸ਼ ਵਿਚ ਲਗਾਤਾਰ ਫੈਲਾਈ ਜਾ ਰਹੀ ਫਿਰਕੂ ਨਫਰਤ,ਦਲਿਤਾਂ ਪ੍ਰਤੀ ਸੰਵੇਦਨਹੀਣਤਾ ਤੇ ਅਸਹਿਣਸ਼ੀਲਤਾ ਦਾ ਪ੍ਰਗਟਾਵਾ ਹੈ।ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਜੇਕਰ ਏਨੇ ਉੱਚੇ ਅਹੁਦੇ 'ਤੇ ਬੈਠੇ, ਸਨਮਾਨਯੋਗ ਮੁੱਖ ਜੱਜ ਪ੍ਰਤੀ ਇਸ ਤਰ੍ਹਾਂ ਦਾ ਵਿਹਾਰ ਕਰਨ ਦੀ ਕੋਈ ਜੁਰਅਤ ਕਰ ਸਕਦਾ ਹੈ ਤਾਂ ਬਾਕੀ ਸਾਧਾਰਨ ਲੋਕਾਂ ਨੂੰ ਕਿੰਨੇ ਦਰਦ ਸਹਿਣੇ ਪੈਂਦੇ ਹੋਣਗੇ।

ਲਾਹਨਤ ਹੈ ਅਜਿਹੇ ਵਕੀਲ ਦੀ ਸੋਚ ਤੇ ਮਾਨਸਿਕਤਾ 'ਤੇ।ਦੂਜੇ ਪਾਸੇ ਜਸਟਿਸ ਗਵਈ, ਇਸ ਅਚਾਨਕ ਵਾਪਰੀ ਘਟਨਾ ਤੋਂ ਬਾਅਦ ਵੀ ਉਤੇਜਿਤ ਨਹੀਂ ਹੋਏ ਤੇ ਪੂਰੀ ਤਰ੍ਹਾਂ ਸ਼ਾਂਤ-ਚਿੱਤ ਰਹੇ।ਉਨ੍ਹਾ ਅਦਾਲਤੀ ਕਾਰਵਾਈ ਨੂੰ ਵੀ ਜਾਰੀ ਰੱਖਣ ਲਈ ਕਿਹਾ।ਇਹ ਗੱਲ ਉਨ੍ਹਾਂ ਦੇ ਉੱਚੇ-ਸੁੱਚੇ ਕਿਰਦਾਰ ਨੂੰ ਦਰਸਾਉਂਦੀ ਹੈ ਕਿ ਉਨ੍ਹਾਂ ਏਨੀ ਵੱਡੀ ਘਟਨਾ ਹੋਣ ਦੇ ਬਾਵਜੂਦ ਇਕ ਤਰ੍ਹਾਂ ਨਾਲ ਉਸ ਨੂੰ ਮੁਆਫ ਹੀ ਕਰ ਦਿੱਤਾ ਹੈ।ਕੀ ਸਰਕਾਰ ਜਾਂ ਸਥਾਨਕ ਪ੍ਰਸ਼ਾਸਨ ਦਾ ਕੋਈ ਫਰਜ਼ ਨਹੀਂ ਬਣਦਾ ਕਿ ਏਨੀ ਨਿਰਾਦਰ ਭਰੀ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਨੂੰ ਬਣਦੀ ਸਜ਼ਾ ਦਿੱਤੀ ਜਾਵੇ।ਇਸ ਤੋਂ ਵੀ ਮਾੜਾ ਪੱਖ ਇਹ ਹੈ ਕਿ ਅਜੇ ਵੀ ਗੋਦੀ ਮੀਡੀਆ ਇਸ ਘਟਨਾ ਦੇ ਦੋਸ਼ੀ ਨੂੰ ਚੈਨਲਾਂ 'ਤੇ ਹਾਈਲਾਈਟ ਕਰਕੇ ਇਕ ਤਰ੍ਹਾਂ ਨਾਲ ਨਿਆਂ ਵਿਵਸਥਾ ਦਾ ਨਿਰਾਦਰ ਕਰ ਰਿਹਾ ਹੈ।

ਹਾਲ ਹੀ ਵਿਚ ਵਾਪਰੀ ਦੂਜੀ ਘਟਨਾ, ਇਸ ਤੋਂ ਵੀ ਵੱਧ ਹੌਲਨਾਕ ਹੈ।ਇਸ ਘਟਨਾ ਤੋਂ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ ਕਿ ਕੋਈ ਦਲਿਤ ਵਿਅਕਤੀ ਆਪਣੀ ਮਿਹਨਤ ਤੇ ਲਗਨ ਦੀ ਬਦੌਲਤ ਭਾਵੇਂ ਜਿੰਨੇ ਮਰਜ਼ੀ ਉੱਚੇ ਅਹੁਦੇ ਉੱਤੇ ਪਹੁੰਚ ਜਾਵੇ, ਪਰ ਅਖਾਉਤੀ ਉੱਚੀ-ਜਾਤ ਦੇ ਹੰਕਾਰੀ ਤੇ ਅਭਿਮਾਨੀ ਲੋਕ ਉਨ੍ਹਾਂ ਨਾਲ ਦੁਰਵਿਹਾਰ ਤੇ ਜਬਰ ਕਰਨ ਦਾ ਕੋਈ ਮੌਕਾ ਨਹੀਂ ਗਵਾਉਂਦੇ।ਹਰਿਆਣਾ ਦੇ ਸੀਨੀਅਰ ਆਈ ਪੀ ਐਸ ਅਧਿਕਾਰੀ ਵਾਈ ਪੂਰਨ ਕੁਮਾਰ ਦੀ ਖੁਦਕੁਸ਼ੀ ਨੇ ਹਰ ਸੰਵੇਦਨਸ਼ੀਲ ਮਨੁੱਖ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ।ਅੱਠ ਸਫਿਆਂ ਦੇ ਖੁਦਕੁਸ਼ੀ ਨੋਟ ਤੋਂ ਇਹ ਸਪੱਸ਼ਟ ਹੈ ਕਿ ਇਹ ਉੱਚ ਅਫਸਰ, ਜਾਤੀ ਅਧਾਰਤ ਅਪਮਾਨ ਦਾ ਸ਼ਿਕਾਰ ਹੋਇਆ ਹੈ।ਇਸ ਘਟਨਾ ਨੇ ਸਾਡੇ ਸਿਸਟਮ ਦੇ ਅੰਦਰਲੀ ਗਲਾਜ਼ਤ ਨੂੰ ਸਪੱਸ਼ਟ ਰੂਪ ਵਿਚ ਸਾਹਮਣੇ ਲੈ ਆਂਦਾ ਹੈ।ਵਾਈ. ਪੂਰਨ ਕੁਮਾਰ ਦੀ ਪਤਨੀ ਅਮਨੀਤ ਪੀ. ਕੁਮਾਰ ਵੀ ਹਰਿਆਣੇ ਵਿਚ ਆਈ ਏ ਐੱਸ ਅਧਿਕਾਰੀ ਹੈ।ਪੂਰਨ ਕੁਮਾਰ ਪਿਛਲੇ ਪੰਜ ਸਾਲਾਂ ਤੋਂ ਜਾਤੀ-ਅਧਾਰਤ ਨਿਰਾਦਰ ਤੇ ਵਿਤਕਰੇ ਸਹਿ ਰਿਹਾ ਸੀ।ਉਸ ਦੁਆਰਾ ਲਿਖੇ ਖੁਦਕੁਸ਼ੀ ਨੋਟ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਆਪਣੇ ਉੱਚ ਅਫਸਰਾਂ ਨੂੰ ਇਨ੍ਹਾਂ ਤਾਹਨੇ-ਮਿਹਣਿਆਂ ਤੇ ਵਿਤਕਰਿਆਂ ਦੇ ਖਿਲਾਫ ਅਨੇਕਾਂ ਵਾਰ ਬੇਨਤੀਆਂ ਕੀਤੀਆਂ, ਪਰ ਉਸ ਦੀ ਕਿਸੇ ਨੇ ਨਹੀਂ ਸੁਣੀ, ਸਗੋਂ ਉਸ ਨੂੰ ਹਰ ਵਾਰ ਬੇਇੱਜ਼ਤ ਕੀਤਾ ਗਿਆ।ਉਸ ਦੀ ਯੋਗਤਾ ਨੂੰ ਦਰਕਿਨਾਰ ਕਰਕੇ ਉਸ ਨੂੰ ਘੱਟ ਮਹੱਤਤਾ ਵਾਲੇ ਵਿਭਾਗਾਂ ਵਿਚ ਲਾ ਕੇ ਮਾਨਸਿਕ ਰੂਪ ਵਿਚ ਪ੍ਰੇਸ਼ਾਨ ਕੀਤਾ ਗਿਆ।ਉਸ ਨੇ ਖੁਦਕੁਸ਼ੀ ਨੋਟ ਵਿਚ ਉਨ੍ਹਾਂ ਪੰਦਰਾਂ ਆਈ ਏ ਐੱਸ ਤੇ ਆਈ ਪੀ ਐੱਸ ਅਧਿਕਾਰੀਆਂ ਦੇ ਬਕਾਇਦਾ ਨਾ ਲਿਖੇ ਹਨ, ਜਿਨ੍ਹਾਂ ਨੇ ਉਸ ਨੂੰ ਜਾਤ ਦੇ ਆਧਾਰ 'ਤੇ ਮਾਨਸਿਕ ਰੂਪ ਵਿਚ ਏਨਾ ਪੀੜਤ ਕਰ ਦਿੱਤਾ ਕਿ ਉਹ ਬੇਵੱਸ ਤੇ ਲਾਚਾਰ ਹੋ ਗਿਆ।

ਬਰਦਾਸ਼ਤ ਕਰਨ ਦੀ ਵੀ ਕੋਈ ਸੀਮਾ ਹੁੰਦੀ ਹੈ, ਕੋਈ ਕਿੰਨਾ ਕੁ ਸਹਿ ਸਕਦਾ ਹੈ।ਇਨ੍ਹਾਂ ਮੰਦਭਾਗੀਆਂ ਸਥਿਤੀਆਂ ਵਿਚ ਹੀ ਉਸ ਦਾ ਸਬਰ ਜਵਾਬ ਦੇ ਗਿਆ ਤੇ ਉਸ ਨੇ ਮੌਤ ਨੂੰ ਗਲੇ ਲਾ ਲਿਆ।ਹੁਣ ਕੇਸ ਵੀ ਦਰਜ ਹੁੰਦੇ ਰਹਿਣਗੇ, ਰੌਲਾ-ਰੱਪਾ ਵੀ ਪੈਂਦਾ ਰਹੇਗਾ, ਪਰ ਉਸ ਦੇ ਬੱਚਿਆਂ, ਪਤਨੀ ਤੇ ਪਰਵਾਰ ਲਈ ਸਾਰਾ ਜਹਾਨ ਹੀ ਉੱਜੜ ਗਿਆ ਹੈ।ਸਿਆਸੀ ਨੇਤਾ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਉਲਝੇ ਕਈ ਰੰਗ ਦਿਖਾਉਣਗੇ।ਏਨਾ ਸੰਵੇਦਨਸ਼ੀਲ ਮੁੱਦਾ ਹੋਣ ਦੇ ਬਾਵਜੂਦ ਅਜੇ ਤੱਕ ਡੀ ਜੀ ਪੀ ਸ਼ਤਰੂਜੀਤ ਕਪੂਰ ਨੂੰ ਅਹੁਦੇ ਤੋਂ ਹਟਾਇਆ ਨਹੀਂ ਗਿਆ।

ਉਂਜ ਇਹ ਕੋਈ ਪਹਿਲੀ ਘਟਨਾ ਨਹੀਂ ਹੈ।ਦੇਸ਼ ਵਿਚ ਹਰ ਰੋਜ਼ ਹੀ ਅਜਿਹੀਆਂ ਦਰਦਨਾਕ ਤੇ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਹਨ।ਇਹ ਸ਼ਰਮਨਾਕ ਗੱਲ ਹੈ ਕਿ ਉੱਚ ਪ੍ਰਸ਼ਾਸਨਿਕ ਅਹੁਦਿਆਂ 'ਤੇ ਬੈਠੇ ਲੋਕ ਵੀ ਅਜੋਕੇ ਗਿਆਨ-ਵਿਗਿਆਨ ਦੇ ਸਮਿਆਂ ਵਿਚ ਵੀ ਜਾਤ ਦੇ ਕੋਹੜ ਦੀ ਮਾਨਸਿਕਤਾ ਦਾ ਸ਼ਿਕਾਰ ਹਨ। ਕਈ ਸਾਲ ਪਹਿਲਾਂ ਚੰਗਾਲੀਵਾਲਾ ਪਿੰਡ ਦਾ ਨੌਜਵਾਨ ਜਗਮੇਲ ਸਿੰਘ ਵੀ ਇਸ ਤਰ੍ਹਾਂ ਦੇ ਜਾਤ-ਪਾਤੀ ਅਪਮਾਨ ਦਾ ਸ਼ਿਕਾਰ ਹੋ ਕੇ ਤੁਰ ਗਿਆ ਸੀ।ਉੱਚ ਜਾਤੀ ਦੇ ਹੰਕਾਰ ਵਿਚ ਗ੍ਰੱਸੇ, ਸਮਾਜਿਕ ਤੌਰ 'ਤੇ ਰਸੂਖਵਾਨ ਧਿਰ ਤੇ ਸਿਆਸੀ ਪੁਸ਼ਤਪਨਾਹੀ ਦੀ ਸ਼ਹਿ 'ਤੇ ਜ਼ਾਲਮ ਹੱਥਾਂ ਨੇ ਜਗਮੇਲ ਨੂੰ ਅਜਿਹੀ ਮੌਤ ਦਿੱਤੀ, ਜੋ ਹਰ ਪੜ੍ਹਨ, ਸੁਣਨ ਵਾਲੇ ਦੇ ਕਾਲਜੇ ਵਿਚ ਛੇਕ ਕਰਦੀ ਹੈ।ਮਨੁੱਖੀ ਭਾਵਨਾਵਾਂ ਤੋਂ ਹੀਣੇ ਵਹਿਸ਼ੀ ਦਰਿੰਦਿਆਂ ਨੇ ਉਸ ਨੂੰ ਇਕ ਥੰਮਲੇ ਨਾਲ ਬੰਨ੍ਹ ਕੇ ਕੁੱਟਿਆ ਮਾਰਿਆ, ਲੋਹੇ ਦੀਆਂ ਰਾਡਾਂ ਨਾਲ ਉਸ ਦੀ ਲੱਤਾਂ ਤੋੜੀਆਂ, ਉਸ ਦੇ ਜ਼ਖਮਾਂ ਨੂੰ ਨੋਚਿਆ।ਜ਼ੁਲਮ ਦੀ ਇੰਤਹਾ ਤਾਂ ਉਦੋਂ ਹੋ ਗਈ, ਜਦੋਂ ਜਗਮੇਲ ਵੱਲੋਂ ਪਾਣੀ ਮੰਗਣ 'ਤੇ ਉਸ ਨੂੰ ਪਿਸ਼ਾਬ ਪੀਣ ਲਈ ਮਜਬੂਰ ਕੀਤਾ ਗਿਆ।ਅਜਿਹੀ ਹਾਲਤ ਵਿਚ ਉਹ ਜ਼ਿੰਦਗੀ-ਮੌਤ ਵਿਚਕਾਰ ਲਟਕਦਾ ਤੜਪਦਾ ਰਿਹਾ। ਆਖਰ ਜਗਮੇਲ ਦਮ ਤੋੜ ਗਿਆ ਤੇ ਪਿੱਛੇ ਛੱਡ ਗਿਆ ਹੈ ਸਾਡੇ ਮਨਾਂ ਵਿਚ ਲਗਾਤਾਰ ਗੂੜ੍ਹੀ ਹੋ ਰਹੀ ਜਾਤੀਵਾਦ ਦੀ ਮਾਨਸਿਕਤਾ ਦਾ ਘਿਨਾਉਣਾ ਸੱਚ।

ਅਜਿਹੀ ਹੀ ਇਕ ਘਿਨਾਉਣੀ ਘਟਨਾ ਇਨ੍ਹਾਂ ਦਿਨਾਂ ਵਿਚ ਹਿਮਾਚਲ ਪ੍ਰਦੇਸ਼ ਵਿਚ ਵੀ ਵਾਪਰੀ ਹੈ, ਜਿੱਥੇ ਇਕ ਬਾਰਾਂ ਸਾਲਾਂ ਦੇ ਮਸੂਮ ਬੱਚੇ ਨੂੰ ਆਪਣੀ ਜਾਨ ਗੁਆਉਣ ਲਈ ਮਜਬੂਰ ਹੋਣਾ ਪਿਆ।ਉੱਚ-ਜਾਤੀ ਦੇ ਹੰਕਾਰ ਨਾਲ ਭਰੀ ਇਕ ਔਰਤ ਨੇ ਬੱਚੇ 'ਤੇ ਇਹ ਦੋਸ਼ ਲਾਇਆ ਕਿ ਇਸ ਨੇ ਮੇਰਾ ਘਰ 'ਭਿੱਟ' ਦਿੱਤਾ ਹੈ।ਇਸ ਮਸੂਮ ਦੀ ਕੁੱਟ-ਮਾਰ ਵੀ ਕੀਤੀ ਗਈ ਤੇ ਉਸ ਨੂੰ ਡੰਗਰਾਂ ਦੇ ਵਾੜੇ ਵਿਚ ਬੰਦ ਵੀ ਕੀਤਾ ਗਿਆ।ਘਰ ਨੂੰ ਪਵਿੱਤਰ ਕਰਨ ਲਈ ਬੱਚੇ ਦੇ ਮਾਪਿਆਂ ਤੋਂ ਬੱਕਰੀ ਦੀ ਮੰਗ ਕੀਤੀ ਗਈ,ਤਾਂ ਕਿ ਉਸ ਦੀ ਬਲੀ ਦਿੱਤੀ ਜਾ ਸਕੇ, ਪਰ ਮਸੂਮ ਬੱਚੇ ਨੇ ਆਪਣੇ ਮਾਪਿਆਂ ਦੀ ਗਰੀਬੀ ਕਾਰਨ, ਅਪਮਾਨ ਸਹਿਣ ਨਾ ਕਰਦਿਆਂ ਜ਼ਹਿਰ ਖਾ ਕੇ ਆਪਣੀ ਜੀਵਨ-ਲੀਲ੍ਹਾ ਖਤਮ ਕਰ ਲਈ।

ਇਹ ਵਰਤਾਰਾ ਏਨੀ ਘਿਨਾਉਣੀ ਹੱਦ ਤੱਕ ਵਧ ਗਿਆ ਹੈ ਕਿ ਨਿੱਤ ਦਿਨ ਕਿਸੇ ਨਾ ਕਿਸੇ ਪੱਧਰ 'ਤੇ ਦਲਿਤਾਂ ਨੂੰ ਅੱਤਿਆਚਾਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਗੁਰਾਂ ਦੇ ਨਾਂਅ 'ਤੇ ਵਸਦੇ ਪੰਜਾਬ ਵਿਚ ਅਜਿਹੇ ਗੁਨਾਹਾਂ ਦਾ ਵਾਪਰਨਾ ਹੋਰ ਵੀ ਦੁਖਦਾਈ ਹੈ।ਇਹ ਤਾਂ ਗੁਰੂ ਦੀ ਸਿੱਖਿਆ ਦੀ ਬੇਅਦਬੀ ਹੈ।ਪੰਜਾਬ ਵਿਚ ਵੀ ਜਾਤੀ ਅਭਿਮਾਨ ਨਾਲ ਜੁੜੇ ਮਾਮਲੇ ਵਾਪਰਨੇ ਗੁਰੂ ਸਾਹਿਬਾਨ ਦੇ ਸਾਂਝੀਵਾਲਤਾ ਦੇ ਉਪਦੇਸ਼ਾਂ ਦੀ ਘੋਰ ਉਲੰਘਣਾ ਹੈ।ਅਕਾਲੀ -ਭਾਜਪਾ ਸਰਕਾਰ ਸਮੇਂ ਵੀ ਭੀਮ ਟਾਂਕ ਕਤਲ ਕਾਂਡ ਵਰਗੀ ਘਿਨਾਉਣੀ ਘਟਨਾ ਵਾਪਰ ਚੁੱਕੀ ਹੈ।

ਇੱਕੀਵੀਂ ਸਦੀ ਵਿਚ ਪਹੁੰਚ ਕੇ ਵੀ ਜੇ ਸਾਡੇ ਸਮਾਜ ਦੀ ਸੋਚ ਤੇ ਵਿਹਾਰ ਵਿਚ ਜਾਤੀ-ਪ੍ਰਥਾ ਜਾਰੀ ਹੈ, ਤਾਂ ਇਸ ਤੋਂ ਘਿਨਾਉਣੀ ਗੱਲ ਕੀ ਹੋ ਸਕਦੀ ਹੈ।ਅਸੀਂ ਆਪਣੇ ਆਧੁਨਿਕ ਹੋ ਜਾਣ ਦਾ ਬਹੁਤ ਦਮ ਭਰਦੇ ਹਾਂ, ਪਰ ਸਾਡੀ ਸੋਚ ਅੱਜ ਵੀ ਪੰਦਰਵੀਂ ਸਦੀ ਵਾਲੀ ਹੈ।ਮਾਨਸਿਕਤਾ ਬਦਲੇ ਬਿਨਾਂ ਕੁਝ ਨਹੀਂ ਕੀਤਾ ਜਾ ਸਕਦਾ।ਕਿਸੇ ਮਨੁੱਖ ਦਾ ਜਾਤੀ ਦੇ ਆਧਾਰ 'ਤੇ ਕਿਸੇ ਦੂਜੇ ਮਨੁੱਖ ਨੂੰ ਨਫਰਤ ਕਰਨਾ ਅਣਮਨੁੱਖੀ ਵਰਤਾਰਾ ਹੈ।ਵਿਕਾਸ ਦੀਆਂ ਟਾਹਰਾਂ ਮਾਰਨ ਵਾਲਿਆਂ ਨੂੰ ਵੀ ਇਹ ਗੱਲ ਸਮਝਣ ਦੀ ਲੋੜ ਹੈ ਕਿ ਜੇ ਅੱਜ ਵੀ ਸੰਵਿਧਾਨ ਦੀ ਮੂਲ ਭਾਵਨਾ ਦੇ ਵਿਰੁੱਧ ਅਜਿਹਾ ਵਾਪਰ ਰਿਹਾ ਹੈ ਤਾਂ ਇਸ ਲਈ ਪੂਰੀ ਤਰ੍ਹਾਂ ਸਿਆਸੀ ਸੱਤਾ 'ਤੇ ਕਾਬਜ਼ ਰਹੀਆਂ ਪਾਰਟੀਆਂ ਜ਼ਿੰਮੇਵਾਰ ਹਨ।ਸਿਆਸੀ ਪਾਰਟੀਆਂ ਦਲਿਤਾਂ ਨੂੰ ਕੇਵਲ ਵੋਟ ਬੈਂਕ ਸਮਝ ਕੇ ਹੀ ਨਾ ਵਿਹਾਰ ਕਰਨ, ਸਗੋਂ ਉਨ੍ਹਾਂ ਨੂੰ ਸਨਮਾਨਯੋਗ ਜ਼ਿੰਦਗੀ ਜਿਊਣ ਲਈ ਵਾਤਾਵਰਣ ਸਿਰਜਣ ਦੇ ਯਤਨ ਕਰਨ।ਜਾਤੀਵਾਦ ਦਾ ਦਰਦ, ਮਜਬੂਰ ਲੋਕਾਂ ਲਈ ਇਕ ਨਾਸੂਰ ਦੀ ਤਰ੍ਹਾਂ ਹੈ, ਜਿਹੜਾ ਹਮੇਸ਼ਾ ਉਨ੍ਹਾਂ ਨੂੰ ਪੀੜਤ ਕਰਦਾ ਰਹਿੰਦਾ ਹੈ।ਪੰਜਾਬੀ ਸ਼ਾਇਰ ਸੁਖਮਿੰਦਰ ਰਾਮਪੁਰੀ ਦੇ ਇਕ ਗੀਤ ਦੀਆਂ ਸਤਰਾਂ ਇਸ ਦਰਦ ਨੂੰ ਬਾਖੂਬੀ ਬਿਆਨ ਕਰਦੀਆਂ ਹਨ: 'ਇਨ੍ਹਾਂ ਜ਼ਖਮਾਂ ਦਾ ਕੀ ਕਹਿਣਾ, ਜਿਨ੍ਹਾਂ ਰੋਜ਼ ਹਰੇ ਰਹਿਣਾ।'

**# ਸੰਪਰਕ : 98153-56086**

# ਬੱਸ ਅੱਡੇ ਨੂੰ ਸ਼ਹਿਰੋਂ ਬਾਹਰ ਲਿਜਾਣ ਵਿਰੁੱਧ ਲੋਕਾਂ ਮੁੜ ਵਿਖਾਈ ਇਕਜੁੱਟਤਾ

## ਸਥਾਈ ਧਰਨਾ 201ਵੇਂ ਦਿਨ ਨੂੰ ਟੱਪਿਆ




**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਥਾਈ ਧਰਨੇ ਦੇ 201ਵੇਂ ਦਿਨ ਨਾਗਰਿਕਾਂ ਨੇ ਬਠਿੰਡਾ ਬੱਸ ਅੱਡੇ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਦੇ ਫ਼ੈਸਲੇ ਦੇ ਵਿਰੋਧ ਵਿੱਚ ਬਠਿੰਡਾ ਦੇ ਵੱਖ-ਵੱਖ ਵਰਗਾਂ ਦੇ ਨਾਗਰਿਕਾਂ ਨੇ ਇੱਕਜੁਟਤਾ ਵਿਖਾਈ। ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ ਵੱਲੋਂ ਵਪਾਰਕ, ਆਵਾਜਾਈ, ਵਿਦਿਆਰਥੀ, ਪੈਨਸ਼ਨਰ ਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮਿਲ ਕੇ ਟੀਚਰਜ਼ ਹੋਮ, ਬਠਿੰਡਾ ਵਿੱਚ ਪ੍ਰੈੱਸ ਕਾਨਫਰੰਸ ਕੀਤੀ ਗਈ, ਜੋ ਕਿ ਉਨ੍ਹਾਂ ਦੇ ਸਥਾਈ ਧਰਨੇ ਦੇ 201ਵੇਂ ਦਿਨ ਨੂੰ ਸਮਰਪਤ ਸੀ।ਇਹ ਧਰਨਾ ਸਰਕਾਰ ਵੱਲੋਂ ਮੌਜੂਦਾ ਬਠਿੰਡਾ ਬੱਸ ਅੱਡੇ ਨੂੰ ਸ਼ਹਿਰ ਦੀ ਸੀਮਾ ਤੋਂ ਬਾਹਰ ਸ਼ਿਫਟ ਕਰਨ ਦੀ ਯੋਜਨਾ ਦੇ ਵਿਰੋਧ ਵਿੱਚ ਲਗਾਤਾਰ ਜਾਰੀ ਹੈ।

ਸ਼ਹਿਰ ਦੇ ਹਰੇਕ ਵਰਗ ਦੇ ਨਾਗਰਿਕ ਇੱਕ ਸੁਰ ਵਿੱਚ ਇਕੱਠੇ ਹੋਏ ਤੇ ਇਹ ਮੰਗ ਕੀਤੀ ਕਿ ਸਰਕਾਰ ਤੁਰੰਤ ਤੇ ਅਧਿਕਾਰਕ ਤੌਰ 'ਤੇ ਬੱਸ ਅੱਡਾ ਬਾਹਰ ਲਿਜਾਣ ਦੀ ਆਪਣੀ ਯੋਜਨਾ ਰੱਦ ਕਰਨ ਦਾ ਐਲਾਨ ਕਰੇ।ਮੌਜੂਦਾ ਬੱਸ ਅੱਡਾ ਸ਼ਹਿਰ ਦੇ ਕੇਂਦਰ ਵਿੱਚ ਸਥਿਤ ਹੈ, ਜਿਸ ਕਰਕੇ ਇਹ ਹਰ ਰੋਜ਼ ਹਜ਼ਾਰਾਂ ਸਵਾਰੀਆਂ, ਵਿਦਿਆਰਥੀਆਂ, ਬਜ਼ੁਰਗਾਂ, ਮਰੀਜ਼ਾਂ ਤੇ ਪਿੰਡਾਂ ਤੋਂ ਆਉਣ ਵਾਲੇ ਲੋਕਾਂ ਲਈ ਆਸਾਨੀ ਨਾਲ ਪਹੁੰਚਯੋਗ ਹੈ।ਬੱਸ ਅੱਡੇ ਨੂੰ ਸ਼ਹਿਰ ਦੀ ਬਾਹਰੀ ਸੀਮਾ 'ਤੇ ਲਿਜਾਣ ਨਾਲ ਜਨ ਪਹੁੰਚ ਦੇ ਮਾਪਦੰਡਾਂ ਦੀ ਉਲੰਘਣਾ ਹੋਵੇਗੀ, ਲੋਕਾਂ 'ਤੇ ਵਾਧੂ ਖਰਚ ਦਾ ਬੋਝ ਪਏਗਾ ਤੇ ਖ਼ਾਸ ਕਰਕੇ ਮਹਿਲਾਵਾਂ ਦੀ ਸੁਰੱਖਿਆ 'ਤੇ ਖ਼ਤਰਾ ਪੈਦਾ ਹੋਵੇਗਾ, ਕਿਉਂਕਿ ਬਾਹਰੀ ਇਲਾਕੇ ਅਕਸਰ ਸੁੰਨੇ ਤੇ ਅਸੁਰੱਖਿਅਤ ਹੁੰਦੇ ਹਨ।ਲੋਕਾਂ ਦੀ ਇਸ ਵੱਡੀ ਸਹਿਮਤੀ ਦੇ ਬਾਵਜੂਦ ਸਰਕਾਰ ਇੱਕ ਆਗੂ ਤੇ ਉਸ ਦੇ ਸਮਰਥਕਾਂ ਦੇ ਦਬਾਅ ਹੇਠ ਫ਼ੈਸਲਾ ਲੈਂਦੀ ਰਹੀ ਅਤੇ ਬਠਿੰਡਾ ਨਿਵਾਸੀਆਂ ਤੇ ਸਮਾਜ ਦੇ ਲਗਭਗ ਹਰੇਕ ਹਿੱਸੇ ਦੀ ਰਾਏ ਨੂੰ ਅਣਡਿੱਠਾ ਕਰਦੀ ਰਹੀ।ਸੌ ਤੋਂ ਵੱਧ ਗ੍ਰਾਮ ਪੰਚਾਇਤਾਂ, ਵਪਾਰ ਮੰਡਲਾਂ, ਵਿਦਿਆਰਥੀ ਤੇ ਪੈਨਸ਼ਨਰ ਯੂਨੀਅਨਾਂ, ਸਿਹਤ ਕਰਮਚਾਰੀਆਂ, ਅਧਿਆਪਕਾਂ, ਟ੍ਰਾਂਸਪੋਰਟ ਕਰਮਚਾਰੀਆਂ ਤੇ ਮਿਊਂਸਪਲ ਕਾਰਪੋਰੇਸ਼ਨ ਮੈਂਬਰਾਂ ਵੱਲੋਂ ਇਸ ਪ੍ਰਸਤਾਵਿਤ ਤਬਦੀਲੀ ਦਾ ਵਿਰੋਧ ਕੀਤਾ ਗਿਆ ਸੀ।ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ ਨੇ ਸਰਕਾਰ ਨੂੰ ਮੁੜ ਅਪੀਲ ਕੀਤੀ ਕਿ ਉਹ ਬੱਸ ਅੱਡਾ ਬਾਹਰ ਲਿਜਾਣ ਦੀ ਯੋਜਨਾ ਰੱਦ ਕਰਨ ਦਾ ਅਧਿਕਾਰਕ ਐਲਾਨ ਕਰੇ।

# ਮ੍ਰਿਤਕ ਪਿਤਾ ਦੀ ਬੱਚਤ ਹੜੱਪਣ ਲਈ ਪੁੱਤਰ ਨੇ ਕੱਢੇ 1.53 ਲੱਖ ਰੁਪਏ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਪੁਲਸ ਨੇ ਇੱਕ ਮਾਮਲੇ ਵਿੱਚ ਇੱਕ ਵਿਅਕਤੀ ਖ਼ਿਲਾਫ਼ ਆਪਣੇ ਮ੍ਰਿਤਕ ਪਿਤਾ ਦੀ ਜੀਵਨ ਭਰ ਦੀ ਬਚਤ ਨੂੰ ਕਥਿਤ ਤੌਰ 'ਤੇ ਹੜੱਪਣ ਦੀ ਕੋਸ਼ਿਸ਼ ਕਰਨ ਤੇ ਧੋਖਾਧੜੀ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫਿਰੋਜ਼ਪੁਰ ਦੇ ਜਾਂਚ ਅਧਿਕਾਰੀ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਖਾਸਤ ਨੰਬਰ 576327 ਮਿਤੀ 18 ਅਪ੍ਰੈਲ 2025 ਨੂੰ ਪਰਮਵੀਰ ਸ਼ਰਮਾ ਪੁੱਤਰ ਮੰਗਤ ਸ਼ਰਮਾ, ਵਾਸੀ 106 ਹਰਮਨ ਨਗਰ ਫਿਰੋਜ਼ਪੁਰ ਵੱਲੋਂ ਪ੍ਰਾਪਤ ਹੋਈ ਸੀ। ਸ਼ਿਕਾਇਤਕਰਤਾ ਪਰਮਵੀਰ ਸ਼ਰਮਾ ਨੇ ਆਪਣੀ ਦਰਖਾਸਤ ਵਿੱਚ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੀ ਮੌਤ 13 ਅਕਤੂਬਰ 2024 ਨੂੰ ਹੋ ਗਈ ਸੀ। ਪਿਤਾ ਦੀ ਮੌਤ ਤੋਂ ਬਾਅਦ, ਉਨ੍ਹਾਂ ਦੇ ਜੀਵਨ ਭਰ ਦੀ ਕਮਾਈ ਤੇ ਬਚਤ ਨੂੰ ਹੜੱਪਣ ਦੀ ਮਨਸ਼ਾ ਨਾਲ ਦਰਖਾਸਤ ਦੇਣ ਵਾਲੇ ਦੇ ਭਰਾ ਬਿਕਰਮਵੀਰ ਸ਼ਰਮਾ ਨੇ ਇੱਕ ਸਾਜ਼ਿਸ਼ ਰਚੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਉੱਤਰਵਾਦੀ ਬਿਕਰਮਵੀਰ ਸ਼ਰਮਾ ਨੇ ਕਥਿਤ ਤੌਰ 'ਤੇ ਆਪਣੇ ਪਿਤਾ ਦੇ ਸਾਰੇ ਜ਼ਰੂਰੀ ਵਿੱਤੀ ਤੇ ਬੀਮਾ ਦਸਤਾਵੇਜ਼ ਆਪਣੇ ਕਬਜ਼ੇ ਵਿੱਚ ਕਰ ਲਏ। ਇਨ੍ਹਾਂ ਦਸਤਾਵੇਜ਼ਾਂ ਵਿੱਚ ਮ੍ਰਿਤਕ ਦੇ ਏਟੀਐੱਮ ਕਾਰਡ, ਬੀਮਾ ਪਾਲਸੀਆਂ ਦੇ ਜ਼ਰੂਰੀ ਕਾਗਜ਼ਾਤ ਤੇ ਬੈਂਕ ਦੀਆਂ ਸਾਰੀਆਂ ਪਾਸਬੁੱਕਾਂ ਸ਼ਾਮਲ ਸਨ। ਸ਼ਿਕਾਇਤਕਰਤਾ ਨੇ ਦੱਸਿਆ ਕਿ ਪਿਤਾ ਦੀ ਮੌਤ ਤੋਂ ਤੁਰੰਤ ਬਾਅਦ ਉੱਤਰਵਾਦੀ ਬਿਕਰਮਵੀਰ ਸ਼ਰਮਾ ਨੇ ਇਨ੍ਹਾਂ ਦਸਤਾਵੇਜ਼ਾਂ ਦੀ ਦੁਰਵਰਤੋਂ ਕੀਤੀ। ਉਸ ਨੇ ਮ੍ਰਿਤਕ ਪਿਤਾ ਦੇ ਬੈਂਕ ਖਾਤਿਆਂ ਵਿੱਚੋਂ ਕੁੱਲ 1,53,000 ਰੁਪਏ ਏਟੀਐੱਮ ਕਾਰਡਾਂ ਰਾਹੀਂ ਕਢਵਾ ਲਏ। ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਇਹ ਪੈਸੇ ਧੋਖੇ ਨਾਲ ਕਢਵਾਏ ਗਏ ਸਨ, ਕਿਉਂਕਿ ਏਟੀਐੱਮ ਕਾਰਡ ਮ੍ਰਿਤਕ ਦੀ ਮੌਤ ਤੋਂ ਬਾਅਦ ਵੀ ਬਿਕਰਮਵੀਰ ਸ਼ਰਮਾ ਨੇ ਆਪਣੇ ਕੋਲ ਰੱਖਿਆ ਹੋਇਆ ਸੀ, ਜਿਸ ਰਾਹੀਂ ਉਸ ਨੇ ਗੈਰ-ਕਾਨੂੰਨੀ ਤਰੀਕੇ ਨਾਲ ਲੈਣ-ਦੇਣ ਕੀਤਾ। ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਬਿਕਰਮਵੀਰ ਸ਼ਰਮਾ ਪੁੱਤਰ ਮੰਗਤ ਰਾਮ, ਵਾਸੀ 70 ਏਕਤਾ ਨਗਰ ਫਿਰੋਜ਼ਪੁਰ ਸ਼ਹਿਰ ਖਿਲਾਫ ਕੇਸ ਦਰਜ ਕਰ ਲਿਆ ਹੈ।

# ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

## ਸ਼ਹਿਰ 'ਚ ਭਗਤ ਨਾਮਦੇਵ ਚੌਕ ਬਣਾਇਆ ਜਾਵੇਗਾ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਟਾਂਕ ਕਸ਼ੱਤਰੀ ਸਭਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਦੀ ਰਹਿਨੁਮਾਈ ਹੇਠ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 755ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਸਥਾਨਕ ਕੱਚਾ ਥਾਂਦੇਵਾਲਾ ਰੋਡ 'ਤੇ ਸਥਿਤ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਭਵਨ ਵਿਖੇ ਮਨਾਇਆ ਗਿਆ। ਭਵਨ ਵਿੱਚ ਚੱਲੇ ਤਿੰਨ ਦਿਨਾਂ ਸਮਾਗਮ ਦੇ ਆਖਰੀ ਦਿਨ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਗੁਰਦਵਾਰਾ ਟੁੱਟੀ ਗੰਢੀ ਸ੍ਰੀ ਮੁਕਤਸਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗਗਨਪ੍ਰੀਤ ਸਿੰਘ ਦੇ ਜੱਥੇ ਵੱਲੋਂ ਤੇ ਭਗਤ ਨਾਮਦੇਵ ਦਰਬਾਰ ਸ੍ਰੀ ਮੁਕਤਸਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਛਪਾਲ ਸਿੰਘ ਬਾਵਾ ਭਾਈ ਸਤਨਾਮ ਸਿੰਘ ਬਾਵਾ ਦੇ ਕੀਰਤਨੀ ਜੱਥੇ ਵੱਲੋ2 ਭਗਤ ਨਾਮਦੇਵ ਜੀ ਦੀ ਬਾਣੀ ਦਾ ਰਸਭਿੰਨਾ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ। ਭਵਨ ਦੇ ਹੈੱਡ ਗ੍ਰੰਥੀ ਭਾਈ ਰਛਪਾਲ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਮਾਗਮ ਦੌਰਾਨ ਟਾਂਕ ਕਸ਼ੱਤਰੀ ਸਭਾ ਦੇ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਨੇ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ ਮਨਾਏ ਗਏ 755ਵੇਂ ਗੁਰਪੁਰਬ ਸਮੇਂ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਗਤਾਂ ਨੂੰ ਭਗਤ ਨਾਮਦੇਵ ਜੀ ਦੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ।

ਸਮਾਗਮ ਸਮੇਂ ਹਲਕਾ ਐੱਮ ਐੱਲ ਏ ਜਗਦੀਪ ਸਿੰਘ ਕਾਕਾ ਬਰਾੜ ਨੇ ਸੰਗਤਾਂ ਨੂੰ ਬਾਬਾ ਨਾਮਦੇਵ ਜੀ ਦੇ ਅਵਤਾਰ ਦਿਹਾੜੇ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ ਤੇ ਕਿਹਾ ਕਿ ਕੌਮਾਂ ਉਹ ਹਮੇਸ਼ਾ ਜਿਉਂਦੀਆਂ, ਜਿਹੜੀਆਂ ਸਮੇਂ ਸਿਰ ਆਪਣੇ ਪੁਰਖਿਆਂ ਨੂੰ ਯਾਦ ਕਰਦੀਆਂ ਹਨ। ਉਨ੍ਹਾ ਕਿਹਾ ਕਿ ਪਵਿੱਤਰ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਵਿਖੇ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ ਨਾਮ 'ਤੇ ਚੌਕ ਬਣਾਇਆ ਜਾਵੇਗਾ ਤੇ ਉਸ ਚੌਕ 'ਤੇ ਹੋਣ ਵਾਲੇ ਖਰਚੇ ਲਈ ਮੇਰੇ ਪਰਿਵਾਰ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਗੁਰਸੇਵਕ ਸਿੰਘ ਬਰਗਾੜੀ ਨੇ ਧਾਰਮਿਕ ਗੀਤ ਗਾ ਕੇ ਆਪਣੀ ਹਾਜ਼ਰੀ ਲਵਾਈ। ਸਮਾਗਮ ਦੌਰਾਨ ਜਗਦੀਪ ਸਿੰਘ ਕਾਕਾ ਬਰਾੜ ਐੱਮ ਐੱਲ ਏ, ਭਾਈ ਹਰਨਿਰਪਾਲ ਸਿੰਘ ਕੁੱਕੂ ਸਾਬਕਾ ਐੱਮ ਐੱਲ ਏ, ਰਾਜਬਲਵਿੰਦਰ ਸਿੰਘ ਮਰਾੜ, ਐਲੀ ਡਾ. ਬਲਵਿੰਦਰ ਸਿੰਘ ਬਰਗਾੜੀ ਪ੍ਰਧਾਨ ਅਲਾਇੰਸ ਕਲੱਬ, ਚੇਅਰਮੈਨ ਐਲੀ ਸੁਖਜੰਤ ਸਿੰਘ ਸਦਿਉੜਾ, ਜਗਸੀਰ ਸਿੰਘ ਪ੍ਰਧਾਨ ਮਹਾਰਾਜਾ ਜੱਸਾ ਸਿੰਘ ਰਾਮਗੜੀਆਂ ਵੈੱਲਫੇਅਰ ਸੁਸਾਇਟੀ, ਐਲੀ ਸੁਰਿੰਦਰ ਗਿਰਧਰ ਸਾਬਕਾ ਪ੍ਰਧਾਨ ਅਲਾਇੰਸ ਕਲੱਬ, ਅਵਤਾਰ ਸਿੰਘ ਪੁਰਬਾ ਕੈਨੇਡਾ ਤੋਂ ਇਲਾਵਾ ਸਤਿਕਾਰਤ ਸ਼ਖਸੀਅਤਾਂ ਨੂੰ ਟਾਂਕ ਕਸ਼ੱਤਰੀ ਸਭਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਭਾ ਦੇ ਸੈਕਟਰੀ ਸੁਖਦਰਸ਼ਨ ਸਿੰਘ ਤੱਗੜ, ਕੈਸ਼ੀਅਰ ਦਰਸ਼ਨ ਸਿੰਘ ਮੱਲਣ, ਸੀਨੀਅਰ ਮੀਤ ਪ੍ਰਧਾਨ ਨੱਥਾ ਸਿੰਘ ਢਿੱਲੋਂ, ਸਲਾਹਕਾਰ ਮਲਕੀਤ ਸਿੰਘ ਸਰਾਂ, ਜਗਜੀਤ ਸਿੰਘ ਫੌਜੀ ਤੋਂ ਇਲਾਵਾ ਵੱਡੀ ਗਿਣਤੀ 'ਚ ਬੀਬੀਆਂ ਮੌਜੂਦ ਸਨ।

# ਪ੍ਰਧਾਨ ਮੰਤਰੀ ਹਰਿਆਣਵੀਆਂ ਤੇ ਪੰਜਾਬੀਆਂ ਦੀ ਲੰਮੇ ਸਮੇਂ ਤੋਂ ਲਟਕਦੀ ਮੰਗ ਜਲਦ ਪ੍ਰਵਾਨ ਕਰਨ : ਪ੍ਰੋ. ਬਡੂੰਗਰ

**ਪਟਿਆਲਾ (ਰਾਜਿੰਦਰ ਥਿੰਦ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਫ਼ਿਰੋਜ਼ਪੁਰ-ਦਿੱਲੀ ਬੰਦੇ ਭਾਰਤ ਰੇਲ ਗੱਡੀ ਦੀ ਆਰੰਭਤਾ ਦਾ ਸੁਆਗਤ ਕਰਦਿਆਂ ਦੇਸ਼ ਦੇ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਭਾਈ ਮੋਦੀ ਤੇ ਰੇਲਵੇ ਮੰਤਰੀ ਦੀ ਸ਼ਲਾਘਾ ਕੀਤੀ ਹੈ।ਉਨ੍ਹਾਂ ਕਿਹਾ ਕਿ ਇਸ ਟਰੇਨ ਦੇ ਸ਼ੁਰੂ ਹੋਣ ਨਾਲ ਯਾਤਰੂਆ ਨੂੰ ਵੱਡੀ ਸਹੂਲਤ ਮਿਲ ਸਕੇਗੀ ਕਿਉਂਕਿ ਲੋਕਾਂ ਨੂੰ ਦਿੱਲੀ ਵਰਗੇ ਸ਼ਹਿਰ ਵਿੱਚ ਆਪਣੇ ਕੰਮਾਂ ਕਾਜਾਂ ਲਈ ਆਉਣਾ-ਜਾਣਾ ਬਣਿਆ ਰਹਿੰਦਾ ਸੀ ਤੇ ਇਸਦੇ ਨਾਲ ਹੀ ਦਿੱਲੀ ਵਿੱਚ ਪੈਂਦੇ ਹੋਰ ਵੱਖੋ-ਵੱਖ ਰੇਲਵੇ ਸਟੇਸ਼ਨਾਂ ਤੱਕ ਵੀ ਯਾਤਰੂ ਪਹੁੰਚ ਕੇ ਆਪਣਾ ਕੀਮਤੀ ਸਮਾਂ ਬਚਾ ਸਕਣਗੇ, ਕਿਉਂਕਿ ਪਹਿਲਾਂ ਤਾਂ ਆਉਣ-ਜਾਣ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਕਿਉਂਕਿ ਬੱਸਾਂ ਜਾਂ ਹੋਰ ਵਾਹਣ ਉਹਨਾਂ ਨੂੰ ਯਾਤਰਾ ਲਈ ਔਖਤ ਨੇ ਪੈਂਦੇ ਸਨ ਪ੍ਰੰਤੂ ਰੇਲਵੇ ਵਿਭਾਗ ਵੱਲੋਂ ਹੁਣ ਇਹ ਕਾਫੀ ਸਲਾਘਾ ਯੋਗ ਉਪਰਾਲਾ ਕੀਤਾ ਗਿਆ ਹੈ ਤੇ ਲੋਕਾਂ ਨੂੰ ਕਾਫੀ ਸਹੂਲਤ ਮਿਲ ਸਕੇਗੀ। ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕਰਦਿਆਂ ਕਿਹਾ ਕਿ ਟੋਹਾਣਾ, ਪਾਤੜਾਂ, ਸਮਾਣਾ, ਪਟਿਆਲਾ ਰੇਲ ਲਿੰਕ ਕਾਇਮ ਕਰਨ ਲਈ ਹਰਿਆਣਵੀਆਂ ਅਤੇ ਪੰਜਾਬੀਆਂ ਦਾ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਜਾਇਜ਼ ਮੰਗ ਵੀ ਜਲਦ ਤੋਂ ਜਲਦ ਪ੍ਰਵਾਨ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਇਸ ਜਾਇਜ਼ ਮੰਗ ਸਬੰਧੀ ਪਹਿਲਾਂ ਵੀ ਲਿਖਤੀ ਰੂਪ 'ਚ ਬੇਨਤੀਆਂ ਕੀਤੀਆਂ ਗਈਆਂ ਹਨ।

## ਕਾਤਰਾਂ

### ਭੁਲੇਖੇ ਨਾਲ ਮਿਆਦ ਲੰਘੀ ਦਵਾਈ ਪੀਣ ਕਾਰਨ ਨੌਜਵਾਨ ਦੀ ਮੌਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਹਮੀਦੀ (ਬਰਨਾਲਾ) ਵਿਖੇ ਇੱਕ ਮਜ਼ਦੂਰ ਪਰਵਾਰ ਨਾਲ ਸੰਬੰਧਤ ਨੌਜਵਾਨ ਦੀ ਭੁਲੇਖੇ ਨਾਲ ਗਲਤ ਦਵਾਈ ਪੀਣ ਕਾਰਨ ਮੌਤ ਹੋਣ ਦੀ ਦੁੱਖਦਾਈ ਖਬਰ ਮਿਲੀ ਹੈ।ਸੰਬੰਧਤ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਗੁਰਪਾਲ ਸਿੰਘ, ਸਹਾਇਕ ਥਾਣੇਦਾਰ ਅਮਰਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦਲਵਿੰਦਰ ਸਿੰਘ (21) ਪੁੱਤਰ ਗੁਰਮੀਤ ਸਿੰਘ ਵਾਸੀ ਹਮੀਦੀ, ਜੋ ਕਿ ਭਾਰਤੀ ਫੌਜ 'ਚ ਭਰਤੀ ਹੋ ਕੇ ਦੇਸ਼ ਸੇਵਾ ਨੂੰ ਸਮਰਪਤ ਹੋਣ ਬਾਰੇ ਸੋਚ ਰੱਖਦਾ ਸੀ, ਪਰ ਸਰੀਰਕ ਕੱਦ ਘੱਟ ਹੋਣ ਕਾਰਨ ਉਹ ਕਾਫੀ ਪ੍ਰੇਸ਼ਾਨ ਰਹਿੰਦਾ ਸੀ।ਉਸ ਦੇ ਕੱਦ ਨੂੰ ਵਧਾਉਣ ਲਈ ਦਵਾਈ ਚੱਲ ਰਹੀ ਸੀ, ਪਰ ਉਸ ਵੱਲੋਂ ਭੁਲੇਖੇ ਨਾਲ ਘਰ 'ਚ ਪਈ ਤਰੀਖ ਲੰਘੀ ਹੋਰ ਦਵਾਈ ਪੀ ਲੈਣ ਨਾਲ ਉਸ ਦੀ ਸਿਹਤ ਖਰਾਬ ਹੋ ਗਈ।ਉਸ ਨੂੰ ਤੁਰੰਤ ਸਿਵਲ ਹਸਪਤਾਲ ਬਰਨਾਲਾ ਲਿਜਾਇਆ ਗਿਆ, ਜਿਥੋਂ ਗੰਭੀਰ ਹਾਲਤ ਕਾਰਨ ਬੀ ਐੱਮ ਸੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ।ਮ੍ਰਿਤਕ ਨੌਜਵਾਨ ਦੇ ਪਿਤਾ ਗੁਰਮੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਧਾਰਾ 194 ਬੀ ਐੱਨ ਐੱਸ ਤਹਿਤ ਕਾਰਵਾਈ ਅਮਲ 'ਚ ਲਿਆਈ ਗਈ ਹੈ।

### 3 ਰੋਜ਼ਾ ਗੁਰਮਤਿ ਸਮਾਗਮ 13 ਤੋਂ

**ਦੋਰਾਹਾ (ਹਰਮਿੰਦਰ ਸੇਠ)**-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਤਿੰਨ ਰੋਜ਼ਾ ਗੁਰਮਤਿ ਸਮਾਗਮ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਰਾਹਾ ਵੱਲੋਂ 13, 14 ਤੇ 15 ਨਵੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੰਡੀ ਦੋਰਾਹਾ ਵਿਖੇ ਕਰਵਾਇਆ ਜਾ ਰਿਹਾ ਹੈ।ਸਮਾਗਮ ਦੌਰਾਨ ਕਵੀ ਦਰਬਾਰ, ਢਾਡੀ ਦਰਬਾਰ, ਵਿਸ਼ੇਸ਼ ਗੁਰਮਤਿ ਕਥਾਵਾਂ ਤੇ ਕੀਰਤਨ ਦਰਬਾਰ ਹੋਣਗੇ।15 ਨਵੰਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿਖੇ ਦਸਤਾਰ ਮੁਕਾਬਲੇ ਕਰਵਾਏ ਜਾਣਗੇ, ਜਿਸ ਵਿੱਚ ਵੱਖ-ਵੱਖ ਉਮਰ ਗਰੁੱਪਾਂ ਦੇ ਵਿਦਿਆਰਥੀ ਹਿੱਸਾ ਲੈਣਗੇ।ਇਸ ਤੋਂ ਇਲਾਵਾ ਜਗਦੀਸ਼ ਸਿੰਘ ਗਿੱਲ ਵੱਲੋਂ ਲੋੜਵੰਦ ਵਿਦਿਆਰਥੀਆਂ ਲਈ ?30,000 ਦੀ ਸਕਾਲਰਸ਼ਿਪ ਵੀ ਦਿੱਤੀ ਜਾਵੇਗੀ।

### ਪਰਾਲੀ ਨੂੰ ਅੱਗ ਲਗਾਉਣ ਵਾਲੇ 4 ਕਿਸਾਨਾਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਤੇ ਥਾਣਾ ਘੱਲ ਖੁਰਦ ਦੇ ਇਲਾਕਿਆਂ ਵਿੱਚ ਵੱਖ ਵੱਖ ਥਾਵਾਂ 'ਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ 4 ਕਿਸਾਨਾਂ ਖਿਲਾਫ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ, ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਗੱਟੀ ਰਹੀਮੇ ਕੇ, ਪਿੰਡ ਫਿੱਡੇ, ਪਿੰਡ ਸ਼ਕੂਰ ਵਿਖੇ ਅਣਪਛਾਤੇ ਕਿਸਾਨਾਂ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਹੈ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਉਕਤ ਕਿਸਾਨਾਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਗੁਰਦਾਨ ਬਾਜਵਾ ਤੇ ਜੈਸਿਕਾ ਬਾਜਵਾ ਵੱਲੋਂ ਕਿੱਕ ਬਾਕਸਿੰਗ ਚੈਂਪੀਅਨਸ਼ਿਪ 'ਤੇ ਕਬਜ਼ਾ



**ਪਟਿਆਲਾ (ਰਾਜਿੰਦਰ ਥਿੰਦ)**-ਵਿਦਿਆ ਨਗਰ ਪਟਿਆਲਾ ਵਸਨੀਕ ਪ੍ਰੇਮ ਸਿੰਘ ਦੇ ਪਰਵਾਰ 'ਚ ਉਦੋਂ ਖੁਸ਼ੀ ਦੀ ਲਹਿਰ ਫੈਲ ਗਈ, ਜਦੋਂ ਜਰਮਨ 'ਚ ਤੀਜੀ ਵਾਰ ਵਰਲਡ ਚੈਂਪੀਅਨਸ਼ਿਪ ਕਿੱਕ ਬਾਕਸਿੰਗ ਵਿੱਚ ਜਿੱਤ ਪ੍ਰਾਪਤ ਕਰ ਗਿਆ।

ਪੰਜਾਬ ਤੋਂ ਜਾ ਕੇ ਜਰਮਨ ਦੇ ਸ਼ਹਿਰ ਰੋਸ਼ਏਹਿਮ ਵਿੱਚ ਰਹਿੰਦੇ ਬਾਜਵਾ ਪਰਵਾਰ ਦੇ ਗੁਰਦਾਨ ਸਿੰਘ ਬਾਜਵਾ ਤੇ ਜੈਸਿਕਾ ਕੌਰ ਬਾਜਵਾ ਨੇ ਕਿੱਕ ਬਾਕਸਿੰਗ ਦੇ ਵਰਲਡ ਚੈਂਪੀਅਨਸ਼ਿਪ ਵਿੱਚ ਭਾਗ ਲਿਆ, ਜਿਸ ਵਿੱਚ ਗੋਲਡ ਮੈਡਲ ਜਿੱਤ ਕੇ ਪੂਰੇ ਸੰਸਾਰ ਵਿੱਚ ਤੀਜੀ ਵਾਰ ਪੰਜਾਬ ਤੇ ਜਰਮਨ ਦਾ ਨਾਂਅ ਰੌਸ਼ਨ ਕੀਤਾ।ਦੋਵੇਂ ਭੈਣ-ਭਰਾ ਨੇ 2023 ਵਿੱਚ ਕਨੇਡਾ ਦੇ ਕੈਲਗਰੀ ਸ਼ਹਿਰ 'ਚ 2024 ਵਿੱਚ ਗਰੀਸ ਵਿੱਚ ਤੇ 2025 ਵਿੱਚ ਜਰਮਨ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਕੇ ਤੇ ਡਟ ਕੇ ਮੁਕਾਬਲਾ ਕਰਦੇ ਹੋਏ ਜਿੱਤ ਪ੍ਰਾਪਤ ਕੀਤੀ ਹੈ ਤੇ ਗੋਲਡ ਮੈਡਲ ਜਿੱਤ ਕੇ ਜਰਮਨ ਦੀ ਝੋਲੀ ਵਿਚ ਪਾਏ ਹਨ।

# ਡੇਂਗੂ ਕਾਰਨ ਸੁਖਵਿੰਦਰ ਸਿੰਘ ਦੀ ਹੋਈ ਮੌਤ ਨੇ ਸਰਕਾਰ ਦੇ ਪ੍ਰਬੰਧਾਂ ਦੀ ਪੋਲ ਖੋਲ੍ਹੀ



**ਮਲੋਟ (ਓਮ ਪ੍ਰਕਾਸ਼ ਸੇਖੂ)**-ਸਥਾਨਕ ਵਾਰਡ ਨੰਬਰ 27 ਦੇ ਗੁਰਚਰਨ ਸਿੰਘ, ਜੋ ਕਿ ਪੁਲਸ ਡਿਪਾਰਟਮੈਂਟ ਵਿੱਚ ਭਾਈ ਕੇਰਾ ਚੌਕੀ ਵਿੱਚ ਤੈਨਾਤ ਨੇ, ਉਨ੍ਹਾਂ ਦੇ ਛੋਟੇ ਪੁੱਤਰ ਸੁਖਵਿੰਦਰ ਸਿੰਘ ਉਮਰ 32 ਸਾਲ ਦੀ ਨਾਮੁਰਾਦ ਬਿਮਾਰੀ ਡੇਂਗੂ ਨਾਲ ਮੌਤ ਹੋ ਗਈ। ਸੁਖਵਿੰਦਰ ਸਿੰਘ ਦੇ ਵੱਡੇ ਭਾਈ ਜਸਵਿੰਦਰ ਸਿੰਘ, ਜੋ ਬਾਜ਼ੀਗਰ ਵਣਜਾਰਾ ਸੰਘਰਸ਼ ਕਮੇਟੀ ਦੇ ਪੰਜਾਬ ਮੈਂਬਰ ਹਨ, ਨੇ ਜਾਣਕਾਰੀ ਦਿੰਦੇ ਦੱਸਿਆ ਕਿ ਉਸ ਦੇ ਭਰਾ ਸੁਖਵਿੰਦਰ ਸਿੰਘ 6 ਨਵੰਬਰ 2025 ਬਿਮਾਰ ਹੋ ਗਏ ਸਨ, ਉਹ ਕਰੀਬ 11 ਕੁ ਵਜੇ ਸਥਾਨਕ ਸਰਕਾਰੀ ਹੋਸਪੀਟਲ ਵਿੱਚ ਗਏ। ਡਾਕਟਰਾਂ ਦੇ ਕਹਿਣ 'ਤੇ ਉੱਥੇ ਟੈਸਟ ਕਰਾਉਣ ਲਈ ਸੈਂਪਲ ਵਗੈਰਾ ਦੇ ਦਿੱਤੇ ਅਤੇ ਲੈਬ ਵਾਲਿਆਂ ਨੇ ਕਿਹਾ ਕਿ 5 ਵਜੇ ਤੱਕ ਰਿਪੋਰਟਾਂ ਆ ਜਾਣਗੀਆਂ ਤਾਂ ਡਾਕਟਰ ਦੇ ਕਹਿਣ 'ਤੇ ਉਹ ਘਰ ਆ ਗਏ ਅਤੇ ਉਹ ਫਿਰ ਦੂਸਰੀ ਵਾਰ ਸ਼ਾਮ ਨੂੰ 6 ਵਜੇ ਗਏ ਡਾਕਟਰ ਨੇ ਫਿਰ ਡਰਿਪ ਵਗੈਰਾ ਲਾ ਕੇ ਘਰ ਵਾਪਸ ਤੋਰ ਦਿੱਤਾ ਅਤੇ ਰਾਤ ਨੂੰ 11 ਵਜੇ ਫਿਰ ਤਬੀਅਤ ਵਿਗੜ ਗਈ। ਉਸ ਵਕਤ ਐਮਰਜੈਂਸੀ ਵਿੱਚ ਤੈਨਾਤ ਲੇਡੀ ਡਾਕਟਰ ਨੇ ਇਹ ਕਹਿ ਕੇ ਇਲਾਜ ਨਹੀਂ ਕੀਤਾ ਕਿ ਪਹਿਲਾਂ ਇਸ ਦੀ ਟੈਸਟ ਰਿਪੋਰਟ ਲੈ ਕੇ ਆਓ। ਜਸਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਕਿਹਾ ਕਿ ਮੇਰੇ ਭਰਾ ਦੀ ਇਥੇ ਫਾਇਲ ਬਣੀ ਹੋਈ ਹੈ, ਰਿਪੋਰਟ ਇਸ ਵਕਤ ਹੋਸਪਿਟਲ ਦੇ ਅੰਦਰ ਹੀ ਹੈ ਤੇ ਤੁਸੀਂ ਉਸ ਫਾਈਲ ਦੇ ਆਧਾਰ 'ਤੇ ਇਸ ਦਾ ਇਲਾਜ ਸ਼ੁਰੂ ਕਰੋ, ਪ੍ਰੰਤੂ ਹੋਸਪਿਟਲ ਦੇ ਸਟਾਫ ਨੇ ਮਰੀਜ਼ ਦਾ ਇਲਾਜ ਨਹੀਂ ਕੀਤਾ ਤੇ ਰੈਫਰ ਕਰਨ ਵਿੱਚ ਦੇਰੀ ਹੋ ਗਈ ਅਤੇ ਜਸਵਿੰਦਰ ਸਿੰਘ ਨੇ ਕਿਹਾ ਕਿ ਫਿਰ ਅਸੀਂ ਸਰਾਂ ਹੋਸਪਿਟਲ ਚਲੇ ਗਏ, ਉਥੇ ਵੀ ਡਾਕਟਰ ਨਾ ਹੋਣ ਕਰਕੇ ਜਦੋਂ ਅਸੀਂ ਆਦੇਸ਼ ਹੋਸਪਿਟਲ ਬਠਿੰਡਾ ਪਹੁੰਚੇ ਤਾਂ ਉਸ ਦੇ ਭਰਾ ਦੀ ਤਬੀਅਤ ਜ਼ਿਆਦਾ ਖਰਾਬ ਹੋ ਚੁੱਕੀ ਸੀ, ਜਿਸ ਕਾਰਨ ਉੱਥੇ ਉਸ ਦੀ ਮੌਤ ਹੋ ਗਈ। ਜਸਵਿੰਦਰ ਸਿੰਘ ਦਾ ਕਹਿਣਾ ਹੈ ਕਿ ਜੇਕਰ ਹੋਸਪੀਟਲ ਸਰਕਾਰੀ ਦੇ ਡਾਕਟਰਾਂ ਨੇ ਜ਼ਿੰਮੇਵਾਰੀ ਨਾਲ ਮੇਰੇ ਭਰਾ ਦਾ ਇਲਾਜ ਕੀਤਾ ਹੁੰਦਾ ਤੇ ਅੱਜ ਮੇਰਾ ਭਰਾ ਸਾਡੇ ਨਾਲ ਹੁੰਦਾ। ਉਸ ਨੇ ਕਿਹਾ ਕਿ ਸਾਡਾ ਸਭ ਕੁਝ ਉੱਜੜ ਗਿਆ ਹੈ, ਮੇਰਾ ਭਰਾ ਆਪਣੀ ਪਤਨੀ ਤੇ ਚਾਰ ਸਾਲ ਦੀ ਬੱਚੀ ਨੂੰ ਰੋਂਦੇ ਕਰਲਾਉਂਦੇ ਛੱਡ ਗਿਆ ਹੈ। ਮੈਂ ਤੇ ਮੇਰਾ ਪਰਿਵਾਰ ਮੇਰੇ ਭਰਾ ਦੀ ਮੌਤ ਦਾ ਜ਼ਿੰਮੇਵਾਰ ਸਥਾਨਕ ਸਰਕਾਰੀ ਹੋਸਪੀਟਲ ਦੇ ਰਾਤ ਦੇ ਸਮੇਂ ਤੈਨਾਤ ਸਟਾਫ ਨੂੰ ਠਹਿਰਾਉਂਦੇ ਹਾਂ ਤੇ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਸ ਸਭ ਘਟਨਾ ਦੀ ਜਾਂਚ ਕਰਕੇ ਸੰਬੰਧਤ ਅਧਿਕਾਰੀਆਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ। ਉਨ੍ਹਾਂ ਬੇਨਤੀ ਕੀਤੀ ਕਿ ਸਰਕਾਰ ਵੱਲੋਂ ਆਏ ਦਿਨ ਡੇਂਗੂ ਨੂੰ ਰੋਕਣ ਦੇ ਜੋ ਉਪਰਾਲੇ ਕੀਤੇ ਜਾਂਦੇ ਹਨ, ਉਹ ਬਿਲਕੁਲ ਫੇਲ੍ਹ ਹਨ। ਇਸ ਮੌਤ ਨਾਲ ਪੂਰੇ 27 ਨੰਬਰ ਵਾਰਡ ਵਿੱਚ ਸਹਿਮ ਦਾ ਮਾਹੌਲ ਹੈ। ਨਗਰ ਕੌਂਸਲ ਤੇ ਪ੍ਰਸ਼ਾਸਨ ਅਧਿਕਾਰੀ ਨੂੰ ਬੇਨਤੀ ਕਰਦੇ ਹਾਂ ਕਿ ਡੇਂਗੂ ਵਰਗੀ ਨਾਮ ਮੁਰਾਦ ਬਿਮਾਰੀ ਨੂੰ ਰੋਕਣ ਲਈ ਸਾਰਥਕ ਉਪਰਾਲੇ ਕੀਤੇ ਜਾਣ ਤਾਂ ਜੋ ਕਿਸੇ ਹੋਰ ਦਾ ਭਰਾ ਮੇਰੇ ਭਰਾ ਵਾਂਗ ਇਸ ਦੁਨੀਆ ਤੋਂ ਨਾ ਜਾਵੇ।

# ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਵਿਅਕਤੀ ਦੀ ਮੌਤ

**ਮਾਨਸਾ (ਪਮਾਰ, ਰੀਤਵਾਲ)**-ਕਬਾੜ ਦੇ ਕਾਰੋਬਾਰੀ ਮਿੱਠੂ ਰਾਮ ਅਰੋੜਾ ਤੇ ਸ਼੍ਰੋਮਣੀ ਅਕਾਲੀ ਦਲ ਮਾਨਸਾ ਸਰਕਲ ਦੇ ਆਗੂ ਪ੍ਰੇਮ ਅਰੋੜਾ ਦੇ ਭਰਾ ਦਰਸ਼ਨ ਅਰੋੜਾ ਦੀ ਇੱਕ ਤੇਜ਼ ਰਫ਼ਤਾਰ ਕਾਰ ਵੱਲੋਂ ਟੱਕਰ ਮਾਰ ਦੇਣ ਨਾਲ ਮੌਤ ਹੋ ਗਈ।

ਦਰਸ਼ਨ ਅਰੋੜਾ ਨਹਿਰੂ ਕਾਲਜ ਰੋਡ ਵਿਖੇ ਆਪਣਾ ਕਾਰੋਬਾਰ ਚਲਾਉਂਦੇ ਸਨ।ਸ਼ਨੀਵਾਰ ਦੀ ਸ਼ਾਮ ਜਦੋਂ ਦੁਕਾਨ ਤੋਂ ਵਿਹਲੇ ਹੋ ਕੇ ਉਹ ਘਰ ਜਾਣ ਲਈ ਕਾਰ ਵਿੱਚ ਬੈਠਣ ਲੱਗਿਆ ਤਾਂ ਤਿੰਨਕੋਣੀ ਵਾਲੇ ਪਾਸਿਓਂ ਮਾਨਸਾ ਕੈਂਚੀਆਂ ਨੂੰ ਜਾ ਰਹੀ ਤੇਜ਼ ਰਫ਼ਤਾਰ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ।ਤੇਜ਼ ਰਫ਼ਤਾਰ ਕਾਰ ਦਰਸ਼ਨ ਅਰੋੜਾ ਨੂੰ ਦੂਰ ਤੱਕ ਘੜੀਸ ਕੇ ਲੈ ਗਈ, ਜਿਸ ਦੌਰਾਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।ਇਸ ਘਟਨਾ ਨੂੰ ਲੈ ਕੇ ਸ਼ਹਿਰ ਵਿੱਚ ਸੋਗ ਦੀ ਲਹਿਰ ਫੈਲ ਗਈ। ਦਰਸ਼ਨ ਅਰੋੜਾ ਦਾ ਅੱਜ ਬਾਅਦ ਦੁਪਹਿਰ ਸੇਜਲ ਅੱਖਾਂ ਦੀ ਮੌਜੂਦਗੀ ਵਿੱਚ ਰਾਮਬਾਗ ਮਾਨਸਾ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਇਸ ਦੌਰਾਨ ਥਾਣਾ ਸਿਟੀ-2 ਮਾਨਸਾ ਦੇ ਮੁਖੀ ਗੁਰਤੇਜ ਸਿੰਘ ਨੇ ਦੱਸਿਆ ਕਿ ਕਾਰ ਨੰਬਰ ਦੇ ਆਧਾਰ 'ਤੇ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ।ਉਨ੍ਹਾਂ ਕਿਹਾ ਕਿ ਛੇਤੀ ਹੀ ਕਾਰ ਚਾਲਕ ਨੂੰ ਫੜ ਲਿਆ ਜਾਵੇਗਾ।

# ਲਾਇਨਜ਼ ਕਲੱਬ ਨੇ ਹੜ੍ਹ ਪੀੜਤਾਂ ਦੀ ਸਾਰ ਲਈ, ਬੰਨ੍ਹ ਮਾਰਨ ਲਈ ਰਾਸ਼ੀ ਭੇਟ




**ਜਗਰਾਉਂ (ਅਮਿਤ ਖੰਨਾ)**-ਸੰਸਾਰ ਪੱਧਰੀ ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ ਵੱਲੋਂ ਸੁਲਤਾਨਪੁਰ ਲੋਧੀ ਦੇ ਉਪਰ ਦੀ ਵਗਦੇ ਬਿਆਸ ਦਰਿਆ ਦੀ ਲਪੇਟ ਵਿੱਚ ਆਏ ਲੋਕਾਂ ਦੀ ਸਾਰ ਲੈਂਦੇ ਹੋਏ ਰਾਹਤ ਫੰਡ ਭੇਟ ਕੀਤਾ।ਲਾਇਨਜ਼ ਕਲੱਬ ਦੇ ਖਜ਼ਾਨਚੀ ਲਾਇਨ ਗੁਰਤੇਜ ਸਿੰਘ ਐਡਵੋਕੇਟ, ਬੋਰਡ ਆਫ ਡਾਇਰੈਕਟਰ ਲਾਇਨ ਅੰਮ੍ਰਿਤ ਸਿੰਘ ਥਿੰਦ, ਲਾਇਨ ਕੁਲਦੀਪ ਸਿੰਘ ਰੰਧਾਵਾ, ਪਬਲਿਕ ਰਿਲੇਸ਼ਨ ਆਫੀਸਰ ਲਾਇਨ ਚਰਨਜੀਤ ਸਿੰਘ ਢਿੱਲੋਂ ਤੇ ਸੀਨੀਅਰ ਮੈਂਬਰ ਲਾਇਨ ਸੁਭਾਸ਼ ਕਪੂਰ ਨੇ ਦੱਸਿਆ ਕਿ ਸੁਲਤਾਨਪੁਰ ਲੋਧੀ ਦੇ ਪਿੰਡ ਸਾਂਗਰਾ ਸਮੇਤ 16 ਪਿੰਡਾਂ ਦੀ ਬਣੀ ਸਾਂਝੀ ਕਮੇਟੀ ਅਤੇ ਤਰਨਤਾਰਨ ਸਾਹਿਬ ਵਾਲੇ ਕਾਰ ਸੇਵਾ ਵਾਲੇ ਬਾਬਾ ਜੀ ਦੀ ਰਹਿਨੁਮਾਈ ਹੇਠ ਉਕਤ ਇਲਾਕੇ ਦੇ ਪਿੰਡਾਂ ਦੀ ਕਰੀਬ 3100 ਏਕੜ ਜ਼ਮੀਨ ਹੜ੍ਹਾਂ ਦੌਰਾਨ ਦਰਿਆ ਬਿਆਸ ਦੀ ਲਪੇਟ ਵਿੱਚ ਆ ਕੇ ਫ਼ਸਲਾਂ, ਘਰ ਰੁੜ੍ਹ ਗਏ ਸਨ, ਉਨ੍ਹਾਂ ਪਿੰਡਾਂ ਨੂੰ ਮੁੜ ਤੋਂ ਪੈਰਾਂ ਸਿਰ ਤੇ ਸੁਰਜੀਤ ਕਰਨ ਲਈ ਦਰਿਆ ਬਿਆਸ ਦਾ ਰੁਖ ਸਿੱਧੇ ਪਾਸੇ ਮੋੜਨ ਤੇ ਲੋਕਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਪਿਛਲੇ ਸਮੇਂ ਤੋਂ ਰਾਹਤ ਕਾਰਜ ਚੱਲ ਰਹੇ ਹਨ।ਹੜ੍ਹ ਪੀੜਤ ਰਾਹਤ ਕਮੇਟੀ ਦੇ ਆਗੂ ਨੰਬਰਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਦਾਨੀਆਂ ਦੇ ਸਹਿਯੋਗ ਨਾਲ ਦਰਿਆ ਦਾ ਬੰਨ ਅਸਲ ਜਗ੍ਹਾ ਮਾਰਨ ਲਈ ਵੱਡੀਆਂ ਮਸ਼ੀਨਾਂ ਤੇ ਟਰੈਕਟਰ ਟਰਾਲੀਆਂ ਨਾਲ ਵੱਡੀ ਪੱਧਰ ਤੇ ਕੰਮ ਚੱਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਹ ਕਾਰਜ ਉਦੋਂ ਤੱਕ ਜਾਰੀ ਰਹਿਣਗੇ, ਜਦੋਂ ਤੱਕ ਕਿਸਾਨਾਂ ਦੀ ਜ਼ਮੀਨਾਂ ਨੂੰ ਦਰਿਆ ਦੀ ਮਾਰ ਤੋਂ ਬਚਾਉਣ ਲਈ ਪੱਕਾ ਬੰਨ ਨਹੀਂ ਮਾਰਿਆ ਜਾਂਦਾ ਤੇ ਜ਼ਮੀਨ ਅਬਾਦ ਕਰਕੇ ਕਿਸਾਨਾਂ ਨੂੰ ਸੌਂਪੀ ਨਹੀਂ ਜਾਂਦੀ।ਲਾਇਨ ਗੁਰਤੇਜ ਸਿੰਘ ਐਡਵੋਕੇਟ ਨੇ ਕਮੇਟੀ ਨਾਲ ਵਾਅਦਾ ਕੀਤਾ ਕਿ ਕਲੱਬ ਵੱਲੋਂ ਹੋਰ ਰਾਸ਼ੀ ਵੀ ਭੇਜੀ ਜਾਵੇਗੀ।ਉਨ੍ਹਾਂ ਆਖਿਆ ਕਿ ਹੜ੍ਹਾਂ ਮਾਰੇ ਲੋਕਾਂ ਨੂੰ ਅਜੇ ਵੀ ਵੱਡੀਆਂ ਚੁਣੌਤੀਆਂ ਹਨ, ਜਿਨ੍ਹਾਂ ਵਿੱਚੋਂ ਲੰਘਣਾ ਦਿੱਕਤਾਂ ਭਰਿਆ ਹੈ।

# ਇਮਾਨਦਾਰੀ ਤੇ ਨੈਤਿਕ ਚਿਕਿਤਸਾ ਵਿਗਿਆਨ ਦਾ ਮਾਰਗਦਰਸ਼ਨ : ਪ੍ਰੋ. ਅਸੀਮ ਘੋਸ਼



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਵਿਖੇ ਰਾਸ਼ਟਰੀ ਚਿਕਿਤਸਾ ਵਿਗਿਆਨ ਅਕਾਦਮੀ (ਭਾਰਤ) ਦੇ 65ਵੇਂ ਕਨਵੋਕੇਸ਼ਨ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪ੍ਰੋ. ਅਸੀਮ ਘੋਸ਼ ਗਵਰਨਰ ਹਰਿਆਣਾ ਨੇ ਕਿਹਾ ਕਿ ਵਿਗਿਆਨ ਦੀ ਤਰੱਕੀ ਨੂੰ ਨੈਤਿਕਤਾ ਦਾ ਆਧਾਰ ਚਾਹੀਦਾ ਹੈ।ਅਜਿਹੇ ਯੁੱਗ ਵਿੱਚ ਜਦੋਂ ਤਕਨੀਕ ਨੈਤਿਕਤਾ ਤੋਂ ਅੱਗੇ ਨਿਕਲ ਸਕਦੀ ਹੈ ਤੇ ਵਪਾਰਕ ਦਬਾਅ ਸੇਵਾ ਤੇ ਲਾਭ ਦੀ ਰੇਖਾ ਨੂੰ ਧੁੰਦਲਾ ਕਰ ਸਕਦੇ ਹਨ, ਤੁਹਾਡੀ ਇਮਾਨਦਾਰੀ ਹੀ ਤੁਹਾਡੀ ਸਹੀ ਰਹਿਨੁਮਾਈ ਕਰੇਗੀ।ਭਾਰਤ ਦੀ ਚਿਕਿਤਸਾ ਸਿੱਖਿਆ ਤੇ ਖੋਜ ਯਾਤਰਾ ਦੇ ਇਸ ਗੌਰਵਮਈ ਮੌਕੇ ਸਮੇਂ ਕਰੀਬ 300 ਪ੍ਰਸਿੱਧ ਚਿਕਿਤਸਕ, ਖੋਜਕਾਰ ਤੇ ਵਿਦਵਾਨ ਇਕੱਠੇ ਹੋਏ।ਇਸ ਮੌਕੇ ਡਾ. ਵਿਨੋਦ ਕੁਮਾਰ ਪਾਲ ਮੈਂਬਰ ਨੀਤੀ ਆਯੋਗ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ।ਪ੍ਰੋਗਰਾਮ ਦੀ ਅਗਵਾਈ ਡਾ. ਦਿਗੰਬਰ ਬਿਹਰਾ ਪ੍ਰਧਾਨ ਐੱਨ.ਏ.ਐੱਮ.ਐੱਸ. (ਭਾਰਤ) ਨੇ ਕੀਤੀ, ਜਦਕਿ ਪ੍ਰੋ. ਵਿਵੇਕ ਲਾਲ ਡਾਇਰੈਕਟਰ ਪੀਜੀਆਈ, ਡਾ. ਰਾਧਾ ਕਾਂਤ ਰਾਠੋ ਡੀਨ (ਅਕੈਡਮਿਕਸ) ਸੀਨੀਅਰ ਫੈਕਲਟੀ ਮੈਂਬਰ ਅਤੇ ਦੇਸ਼ ਭਰ ਤੋਂ ਆਏ ਐੱਨ.ਏ.ਐੱਮ.ਐੱਸ. ਦੇ ਫੈਲੋ ਅਤੇ ਮੈਂਬਰ ਮੌਜੂਦ ਸਨ।ਨਵੇਂ ਫੈਲੋ ਤੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਪ੍ਰੋ. ਘੋਸ਼ ਨੇ ਡਾਕਟਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰੁਣਾ ਤੇ ਅੰਤਰਆਤਮਾ ਚਿਕਿਤਸਾ ਪੇਸ਼ੇ ਦੀ ਨੀਂਹ ਹਨ।ਉਨ੍ਹਾਂ ਕਿਹਾ ਕਿ ਹਰ ਪਰਚੀ ਜੋ ਤੁਸੀਂ ਲਿਖਦੇ ਹੋ, ਹਰ ਨਿਦਾਨ ਜੋ ਤੁਸੀਂ ਕਰਦੇ ਹੋ ਅਤੇ ਹਰ ਪ੍ਰਯੋਗ ਜੋ ਤੁਸੀਂ ਕਰਦੇ ਹੋ, ਉਹ ਤੁਹਾਡੇ ਨੈਤਿਕ ਦਿਸ਼ਾ-ਸੂਚਕ ਦੁਆਰਾ ਚਲਾਇਆ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਡਾਕਟਰ ਦਾ ਫਰਜ਼ ਸਿਰਫ਼ ਵਿਗਿਆਨ ਤੱਕ ਸੀਮਤ ਨਹੀਂ, ਸੇਵਾ, ਨਿਮਰਤਾ ਤੇ ਹਮਦਰਦੀ ਨੂੰ ਸਮਰਪਤ ਹੈ।ਉਨ੍ਹਾਂ ਕਿਹਾ ਕਿ ਚਿਕਿਤਸਾ ਸਿਰਫ਼ ਸਰੀਰ ਨੂੰ ਠੀਕ ਕਰਨ ਦਾ ਵਿਗਿਆਨ ਨਹੀਂ, ਇਹ ਆਤਮਾ ਨਾਲ ਸੰਵਾਦ ਹੈ।ਇਹ ਹਮਦਰਦੀ ਨਾਲ ਪ੍ਰੇਰਿਤ ਬੁੱਧੀ ਤੇ ਨੈਤਿਕਤਾ ਵਿੱਚ ਨਿੱਘੀ ਤਰੱਕੀ ਦੀ ਮੰਗ ਕਰਦੀ ਹੈ।ਉਨ੍ਹਾਂ ਡਾਕਟਰਾਂ ਨੂੰ ਅਪੀਲ ਕੀਤੀ ਕਿ ਮਰੀਜ਼ਾਂ ਨੂੰ 'ਕੇਸ' ਨਹੀਂ ਸਗੋਂ ਆਦਰ ਤੇ ਆਸ ਨਾਲ ਭਰੇ ਜੀਵਨ ਵਜੋਂ ਦੇਖਿਆ ਜਾਵੇ।ਉਨ੍ਹਾਂ ਕਿਹਾ ਕਿ ਡਾਕਟਰ ਦੀ ਹਰ ਸਲਾਹ ਇੱਕ ਵਿਸ਼ਵਾਸ ਦਾ ਕਾਰਜ ਹੈ।ਹਰ ਮਰੀਜ਼ ਸਾਡਾ ਅਧਿਆਪਕ ਹੈ।

ਵਿਸ਼ੇਸ਼ ਬੁਲਾਰੇ ਵਜੋਂ ਡਾ. ਵਿਨੋਦ ਕੁਮਾਰ ਪਾਲ ਨੇ ਕਿਹਾ ਕਿ ਐੱਨ.ਏ.ਐੱਮ.ਐੱਸ. ਨੇ ਛੇ ਦਹਾਕਿਆਂ ਤੋਂ ਚਿਕਿਤਸਾ ਉਤਕ੍ਰਿਸ਼ਟਤਾ ਤੇ ਸਮਾਜਿਕ ਜ਼ਿੰਮੇਵਾਰੀ ਨੂੰ ਜੋੜਿਆ ਹੈ।ਉਨ੍ਹਾਂ ਕਿਹਾ ਕਿ ਵਿਕਸਤ ਭਾਰਤ 2047 ਦੀ ਯਾਤਰਾ ਸਿਹਤਮੰਦ ਭਾਰਤ ਨਾਲ ਹੀ ਸ਼ੁਰੂ ਹੁੰਦੀ ਹੈ।ਸਿਹਤ ਹੀ ਵਿਕਾਸ ਦਾ ਅਸਲੀ ਇੰਜਣ ਹੈ। ਇਹ ਮਨੁੱਖੀ ਪੂੰਜੀ ਬਣਾਉਂਦੀ ਹੈ, ਉਤਪਾਦਕਤਾ ਵਧਾਉਂਦੀ ਹੈ ਤੇ ਤਰੱਕੀ ਨੂੰ ਸਥਾਈ ਬਣਾਉਂਦੀ ਹੈ।

# ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਥਾਣਾ ਠੁੱਲੀਵਾਲ (ਬਰਨਾਲਾ) ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ ਇੱਕ ਨੂੰ ਕਾਬੂ ਕਰਨ ਮਾਮਲਾ ਸਾਹਮਣੇ ਆਇਆ ਹੈ।ਇਸ ਸਬੰਧੀ ਐੱਸ ਐੱਚ ਓ ਠੁੱਲੀਵਾਲ ਗੁਰਪਾਲ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ, ਡੀ ਐੱਸ ਪੀ ਮਹਿਲ ਕਲਾਂ ਜਸਪਾਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਨਸ਼ਿਆਂ ਤੇ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਥਾਣਾ ਠੁੱਲੀਵਾਲ ਦੇ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਬੱਸ ਸਟੈਂਡ ਮਨਾਲ ਖੇਤਰ ਵਿੱਚ ਕੀਤੀ ਗਸ਼ਤ ਦੌਰਾਨ ਬਲੌਰਾ ਸਿੰਘ ਵਾਸੀ ਕੁਰੜ ਪਾਸੋਂ ਤਲਾਸ਼ੀ ਦੌਰਾਨ 114 ਨਸ਼ੀਲੀਆਂ ਗੋਲੀਆਂ ਬਰਾਮਦ ਕਰਨ ਉਪਰੰਤ ਗ੍ਰਿਫ਼ਤਾਰ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਮਿਲੀ ਖਾਸ ਸੂਚਨਾ ਤੋਂ ਪਤਾ ਲੱਗਿਆ ਸੀ ਕਿ ਬਲੌਰਾ ਸਿੰਘ ਪਿੰਡ ਕੁਰੜ, ਛਾਪਾ, ਮਨਾਲ ਆਦਿ ਪਿੰਡਾਂ 'ਚ ਨਸ਼ੀਲੀਆਂ ਗੋਲੀਆਂ ਦੀ ਸਪਲਾਈ ਕਰਨ ਆ ਰਿਹਾ ਹੈ, ਜਿਸ 'ਤੇ ਪੁਲਸ ਨੇ ਤੁਰੰਤ ਕਾਰਵਾਈ ਕਰਕੇ ਦੋਸ਼ੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ।ਪੁਲਸ ਥਾਣਾ ਠੁੱਲੀਵਾਲ ਵਿਖੇ ਬਲੌਰਾ ਸਿੰਘ ਖਿਲਾਫ ਐੱਨ ਡੀ ਪੀ ਐੱਸ ਤਹਿਤ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਭਗਵੰਤ ਸਿੰਘ ਮਾਨ ਵੱਲੋਂ ਪੁਸਤਕ 'ਸਾਡਾ ਪੰਜਾਬ' ਦਾ ਪੰਜਾਬੀ ਐਡੀਸ਼ਨ ਰਿਲੀਜ਼



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸਿੰਘ ਸੱਗੂ)**-ਭਗਵੰਤ ਸਿੰਘ ਮਾਨ ਨੇ ਮੁਨੀਸ਼ ਜਿੰਦਲ ਵੱਲੋਂ ਲਿਖੀ ਪੁਸਤਕ 'ਸਾਡਾ ਪੰਜਾਬ' ਦਾ ਪੰਜਾਬੀ ਐਡੀਸ਼ਨ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਰਿਲੀਜ਼ ਕੀਤਾ। ਭਗਵੰਤ ਸਿੰਘ ਮਾਨ ਨੇ ਮੁਨੀਸ਼ ਜਿੰਦਲ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਵੱਲੋਂ ਪੰਜਾਬ ਦੇ ਇਤਿਹਾਸ ਤੇ ਸੱਭਿਆਚਾਰ ਸਮੇਤ ਮੁਕੰਮਲ ਗਿਆਨ ਪ੍ਰਦਾਨ ਕਰਦੀ ਇਸ ਵਿਆਪਕ ਪੁਸਤਕ ਦਾ ਪੰਜਾਬੀ ਐਡੀਸ਼ਨ ਪੇਸ਼ ਕਰਨ ਲਈ ਸ਼ਲਾਘਾ ਕੀਤੀ।ਇਸ ਪੁਸਤਕ ਵਿੱਚ ਜਿੱਥੇ ਪੰਜਾਬ ਦਾ ਭੂਗੋਲ, ਪੁਰਾਤਨ, ਮੱਧਕਾਲੀਨ, ਵਰਤਮਾਨ ਇਤਿਹਾਸ ਅਤੇ ਸੱਭਿਆਚਾਰ ਨੂੰ ਸ਼ਾਮਲ ਕੀਤਾ ਗਿਆ ਹੈ, ਉਥੇ ਪੰਜਾਬ ਵਿੱਚ ਚੱਲੀਆਂ ਸਮਾਜਿਕ ਤੇ ਧਾਰਮਿਕ ਸੁਧਾਰ ਲਹਿਰਾਂ ਅਤੇ ਪੰਜਾਬ ਦੇ ਨਿਰਮਾਣ ਬਾਰੇ ਵੀ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ ਹੈ।ਪੁਸਤਕ ਵਿਚ ਸਿੱਖ ਇਤਿਹਾਸ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ।ਪੁਸਤਕ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਇਤਿਹਾਸ ਤੋਂ ਹੁਣ ਤੱਕ ਦੀ ਜਾਣਕਾਰੀ ਵਿਸਥਾਰ ਵਿੱਚ ਦਿੱਤੀ ਗਈ ਹੈ। ਸ਼੍ਰੀ ਮੁਨੀਸ਼ ਜਿੰਦਲ ਨੇ ਦੱਸਿਆ ਕਿ ਇਸ ਕਿਤਾਬ ਦਾ ਮੰਤਵ ਪੰਜਾਬ ਅਤੇ ਪੰਜਾਬੀਅਤ ਬਾਰੇ ਸਮਾਜ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨਾ ਹੈ।

ਉਨ੍ਹਾਂ ਕਿਹਾ ਪਿਛਲੇ 13 ਸਾਲਾਂ ਤੋਂ ਪ੍ਰਕਾਸ਼ਿਤ ਹੋ ਰਹੇ ਇਸ ਕਿਤਾਬ ਦੇ ਅੰਗਰੇਜ਼ੀ ਐਡੀਸ਼ਨ ਨੂੰ ਲੱਖਾਂ ਪਾਠਕਾਂ ਵੱਲੋਂ ਪ੍ਰਸ਼ੰਸਾ ਤੇ ਪਿਆਰ ਮਿਲਿਆ ਹੈ।ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਇਸਦੇ ਪੰਜਾਬੀ ਰੂਪ ਦੇ ਪ੍ਰਕਾਸ਼ਤ ਹੋਣ ਨਾਲ ਇਹ ਕਿਤਾਬ ਹਰ ਪੰਜਾਬੀ ਨੂੰ ਪੰਜਾਬ ਨਾਲ ਜੋੜੇਗੀ। ਇਹ ਕਿਤਾਬ ਮੁਕਾਬਲਾ ਪ੍ਰੀਖਿਆਵਾਂ ਖਾਸ ਕਰ ਸਿਵਲ ਸੇਵਾਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ ਸਹਾਈ ਸਿੱਧ ਹੋਵੇਗੀ।

# ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ ਦੇ ਸੱਦੇ 'ਤੇ ਕੇ ਕੇ ਯੂ, ਕੇ ਐੱਸ ਯੂ ਤੇ ਡੀ ਟੀ ਐੱਫ ਦੇ ਜਥੇ ਰਵਾਨਾ

## ਕੇਂਦਰ ਦਾ ਪੰਜਾਬ ਦੇ ਹੱਕਾਂ 'ਤੇ ਡਾਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਮਹਿਮਾ/ਹਰਾਜ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**

ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ ਦੇ ਸੱਦੇ 'ਤੇ ਜਿੱਥੇ ਸਮੁੱਚੇ ਪੰਜਾਬ ਦੇ ਇਨਸਾਫ ਪਸੰਦ ਲੋਕ ਵਲੋਂ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਉੱਥੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ, ਡੀਟੀਐੱਫ ਪੰਜਾਬ ਦੇ ਸੂਬਾ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਡੀਟੀਐੱਫ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ ਮਲਕੀਤ ਸਿੰਘ ਹਰਾਜ, ਕਿਸਾਨ ਸਟੂਡੈਂਟ ਯੂਨੀਅਨ ਜਗਰੂਪ ਸਿੰਘ ਭੁੱਲਰ ਦੀ ਅਗਵਾਈ ਹੇਠ ਵੱਡਾ ਜਥਾ ਚੰਡੀਗੜ੍ਹ ਲਈ ਰਵਾਨਾ ਹੋਇਆ।ਇਸ ਮੌਕੇ ਆਗੂ ਅਵਤਾਰ ਸਿੰਘ ਮਹਿਮਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਯੂਨੀਵਰਸਿਟੀ (ਪੀ ਯੂ) ਚੰਡੀਗੜ੍ਹ ਸਿਰਫ਼ ਇਕ ਸਿੱਖਿਆ ਸੰਸਥਾ ਨਹੀਂ, ਸਗੋਂ ਪੰਜਾਬ ਦੀ ਸੱਭਿਆਚਾਰਕ, ਬੌਧਿਕ ਤੇ ਇਤਿਹਾਸਕ ਪਛਾਣ ਦਾ ਪ੍ਰਤੀਕ ਹੈ।ਇਸ ਯੂਨੀਵਰਸਿਟੀ ਨੇ ਦਹਾਕਿਆਂ ਤੋਂ ਪੰਜਾਬ ਤੇ ਪੂਰੇ ਦੇਸ਼ ਦੇ ਕੋਨੇ-ਕੋਨੇ ਦੇ ਵਿਦਿਆਰਥੀਆਂ ਨੂੰ ਗਿਆਨ ਦੀ ਰੌਸ਼ਨੀ ਦਿੱਤੀ ਹੈ।ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦੇ ਵਿਦਿਆਰਥੀ ਵੱਡੇ ਅਫ਼ਸਰ ਬਣੇ ਹਨ ਤੇ ਪੰਜਾਬ ਦੀ ਆਵਾਜ਼ ਨੂੰ ਰਾਸ਼ਟਰੀ ਪੱਧਰ 'ਤੇ ਪਹੁੰਚਾਇਆ ਹੈ।ਆਗੂਆਂ ਨੇ ਕਿਹਾ ਕਿ ਹੁਣ ਕੇਂਦਰ ਸਰਕਾਰ ਵੱਲੋਂ ਪੰਜਾਬ ਦਿਵਸ 'ਤੇ ਨਾਦਰਸ਼ਾਹੀ ਫ਼ੁਰਮਾਨ ਜਾਰੀ ਕਰਕੇ ਇਸ ਯੂਨੀਵਰਸਿਟੀ ਨੂੰ ਪੰਜਾਬ ਦੇ ਅਧਿਕਾਰ ਖੇਤਰ ਤੋਂ ਖੋਹ ਕੇ ਕੇਂਦਰ ਸਰਕਾਰ ਦੇ ਅਧਿਕਾਰ ਵਿੱਚ ਲਿਆਉਣਾ ਪੰਜਾਬ ਤੇ ਪੰਜਾਬੀਅਤ ਨਾਲ ਸਰਾਸਰ ਧੱਕਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਸ ਸੰਸਥਾ ਦੀ ਸੁਤੰਤਰਤਾ ਤੇ ਪੰਜਾਬ ਦੇ ਹਿੱਸੇ 'ਤੇ ਡਾਕਾ ਮਾਰਨਾ ਬਹੁਤ ਹੀ ਘਟੀਆ ਵਰਤਾਰਾ ਹੈ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਸੈਨੇਟ ਤੇ ਪ੍ਰਬੰਧਕੀ ਢਾਂਚੇ 'ਚ ਕੇਂਦਰੀ ਨਿਯੁਕਤ ਪ੍ਰਬੰਧਨਾਂ ਦੀ ਵਾਧੂ ਹਿੱਸੇਦਾਰੀ ਤੇ ਪੰਜਾਬ ਦੇ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਹੈ।ਇਹ ਨੀਤੀਆਂ ਸਿਰਫ਼ ਇਕ ਯੂਨੀਵਰਸਿਟੀ 'ਤੇ ਨਹੀਂ, ਸਗੋਂ ਸੂਬਾਈ ਅਧਿਕਾਰਾਂ, ਸੰਵਿਧਾਨਕ ਸੰਘੀ ਢਾਂਚੇ ਤੇ ਪੰਜਾਬ ਦੇ ਮਾਣ 'ਤੇ ਸਿੱਧਾ ਹਮਲਾ ਹੈ।ਇਸ ਮੌਕੇ ਆਗੂ ਸਰਬਜੀਤ ਸਿੰਘ ਭਾਵੜਾ, ਗੁਰਵਿੰਦਰ ਸਿੰਘ ਖੋਸਾ, ਭਗਤ ਸਿੰਘ, ਗੁਰਪ੍ਰੀਤ ਸਿੰਘ ਪੰਨੂ ਨੇ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਆਪਣੀਆਂ ਸੰਸਥਾਵਾਂ ਨੂੰ ਆਪਣੀ ਮਿਹਨਤ ਤੇ ਕੁਰਬਾਨੀਆਂ ਨਾਲ ਖੜ੍ਹਾ ਕੀਤਾ ਹੈ, ਜਿਨ੍ਹਾਂ ਵਿੱਚੋਂ ਪੀ ਯੂ ਚੰਡੀਗੜ੍ਹ ਇੱਕ ਹੈ।ਉਨ੍ਹਾਂ ਚੇਤਾਵਨੀ ਦਿੰਦੇ ਕਿਹਾ ਕਿ ਪੰਜਾਬ ਦੇ ਹੱਕਾਂ 'ਤੇ ਡਾਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਪੰਜਾਬ ਦੀ ਹਰ ਆਵਾਜ਼, ਹਰ ਯੂਨੀਅਨ ਤੇ ਹਰ ਵਿਦਿਆਰਥੀ ਇਸ ਮਾਮਲੇ ਵਿੱਚ ਇਕਜੁੱਟ ਹੈ।


## ਪਬਲਿਕ ਨੋਟਿਸ

**ICICI Bank** Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

### ਸੋਨਾ ਈ-ਨਿਲਾਮੀ ਕਮ ਸੌਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 21 ਨਵੰਬਰ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰਬਰ | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਬੋਹਰ | |
| 189462004625 | ਰਾਮ ਜੀ ਲਾਲ |
| ਬਰਾਂਚ ਦਾ ਨਾਂਅ : ਅਹਿਮਦਗੜ੍ਹ | |
| 096862003884 | ਸਰਬਰਿਸ |
| 096862004487 | ਬੇਬੀ ਬੇਬੀ |
| 096862004583 | ਸਾਦਿਕ ਅਲੀ |
| ਬਰਾਂਚ ਦਾ ਨਾਂਅ : ਅਜਨਾਲਾ | |
| 108362009074 | ਜਗਤਾਰ ਸਿੰਘ |
| ਬਰਾਂਚ ਦਾ ਨਾਂਅ : ਅਮਰਗੜ੍ਹ | |
| 381162000527 | ਸੰਦੀਪ ਕੁਮਾਰ |
| 381162001839 | ਦਰਸ਼ਨਾ ਦੇਵੀ |
| ਬਰਾਂਚ ਦਾ ਨਾਂਅ : ਅਮਲੋਹ | |
| 151462000665 | ਰਣਜੀਤ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਰਣਜੀਤ ਐਵੇਨਿਊ | |
| 060862001724 | ਸੁਮਨ ਦੇਵੀ |
| ਬਰਾਂਚ ਦਾ ਨਾਂਅ : ਬਲਾਚੌਰ, ਪੰਜਾਬ | |
| 357262001678 | ਰੰਜਨਾ |
| 357262001525 | ਜਸਵਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਬਰੇਟਾ | |
| 382362000703 | ਬੀਰ ਸਿੰਘ |
| 382362001981 | ਬੰਟੀ ਸਿੰਘ |
| ਬਰਾਂਚ ਦਾ ਨਾਂਅ : ਬਰਨਾਲਾ | |
| 051862001973 | ਜਗਦੇਵ ਸਿੰਘ |
| ਬਰਾਂਚ ਦਾ ਨਾਂਅ : ਬਟਾਲਾ-ਅਰਬਨ ਅਸਟੇਟ | |
| 241562001083 | ਪਰਗਟ ਸਿੰਘ ਨੱਤ |
| ਬਰਾਂਚ ਦਾ ਨਾਂਅ : ਬਠਿੰਡਾ | |
| 016362005825 | ਸੰਤੋਸ਼ ਕੁਮਾਰੀ |
| ਬਰਾਂਚ ਦਾ ਨਾਂਅ : ਬੇਗੋਵਾਲ | |
| 152262001853 | ਅਮਰਜੀਤ ਕੌਰ |
| ਬਰਾਂਚ ਦਾ ਨਾਂਅ : ਭਦੌੜ, ਪੰਜਾਬ | |
| 356462002737 | ਬਲਜੀਤ ਸਿੰਘ |
| 356462002952 | ਗੁਰਜੈਪਾਲ ਸਿੰਘ |
| ਬਰਾਂਚ ਦਾ ਨਾਂਅ : ਭਾਦਸੋਂ | |
| 400562001850 | ਸਰਬਜੀਤ ਕੌਰ |
| ਬਰਾਂਚ ਦਾ ਨਾਂਅ : ਭਗਤਾ | |
| 372862001148 | ਜਗਮੀਤ ਸਿੰਘ |
| 372862001636 | ਸੁਖਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ-ਬੈਂਕ ਸਟਰੀਟ | |
| 659057015012 | ਪੂਨਮ ਰਾਣੀ |
| ਬਰਾਂਚ ਦਾ ਨਾਂਅ : ਭਵਾਨੀਗੜ੍ਹ | |
| 282962001384 | ਜੈਕ੍ਰਿਸ਼ਨ ਸਿੰਘ |
| ਬਰਾਂਚ ਦਾ ਨਾਂਅ : ਭਿੱਖੀ | |
| 381962002366 | ਅਜੈਬ ਸਿੰਘ |
| ਬਰਾਂਚ ਦਾ ਨਾਂਅ : ਭਿੱਖੀਵਿੰਡ, ਪੰਜਾਬ | |
| 361005003832 | ਬਲਜੀਤ ਕੌਰ |
| ਬਰਾਂਚ ਦਾ ਨਾਂਅ : ਦਾਦ | |
| 563862000046 | ਕੁਲਤਾਜ ਸਿੰਘ |
| ਬਰਾਂਚ ਦਾ ਨਾਂਅ : ਦਸੂਹਾ, ਪੰਜਾਬ | |
| 357562001707 | ਸੀਮਾ ਰਾਣੀ |
| ਬਰਾਂਚ ਦਾ ਨਾਂਅ : ਡੇਰਾਬਸੀ | |
| 096762003631 | ਰੁਪੇਸ਼ ਧੀਮਾਨ |
| 096762004212 | ਪ੍ਰਦੀਪ ਸਿੰਘ |
| ਬਰਾਂਚ ਦਾ ਨਾਂਅ : ਧਲੇਵਾਂ | |
| 767162000536 | ਜਰਨੈਲ ਸਿੰਘ |
| ਬਰਾਂਚ ਦਾ ਨਾਂਅ : ਧਰਮਕੋਟ, ਪੰਜਾਬ | |
| 356262001782 | ਸੁਖਦੇਵ ਸਿੰਘ |
| ਬਰਾਂਚ ਦਾ ਨਾਂਅ : ਦੀਨਾਨਗਰ, ਪੰਜਾਬ | |
| 355962002092 | ਤਰਸੇਮ ਲਾਲ |
| 355962001598 | ਅਨੀਤਾ ਅਨੀਤਾ |
| ਬਰਾਂਚ ਦਾ ਨਾਂਅ : ਗੜ੍ਹਸ਼ੰਕਰ | |
| 150962001464 | ਵਿਜੇ ਕੁਮਾਰ |
| 150962001488 | ਵਿਜੇ ਕੁਮਾਰ |
| 150962001627 | ਕਮਲਜੀਤ |
| ਬਰਾਂਚ ਦਾ ਨਾਂਅ : ਗੋਨਿਆਣਾ ਮੰਡੀ | |
| 380362002747 | ਜਸਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਗੁਰਦਾਸਪੁਰ | |
| 050162004817 | ਗਣੇਸ਼ਪਾਲ ਸ਼ਰਮਾ |
| 050162003114 | ਜਸਬੀਰ ਸਿੰਘ |
| 050157000076 | ਮਨੋਜ ਤਿਵਾੜੀ |
| ਬਰਾਂਚ ਦਾ ਨਾਂਅ : ਹੁਸ਼ਿਆਰਪੁਰ-ਚੰਡੀਗੜ੍ਹ ਰੋਡ | |
| 342762000618 | ਊਸ਼ਾ ਰਾਣੀ |
| ਬਰਾਂਚ ਦਾ ਨਾਂਅ : ਜਲਾਲਾਬਾਦ | |
| 211862000730 | ਹਰਬੰਸ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ-ਮਕਸੂਦਾਂ | |
| 432262000528 | ਸੁਨੀਲ ਕੁਮਾਰ |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ ਰੋਡ | |
| 246857000007 | ਦੇਵੀਕਾ ਦੇਵੀਕਾ |
| ਬਰਾਂਚ ਦਾ ਨਾਂਅ : ਜਲੰਧਰ-ਰਾਮਾਂ ਮੰਡੀ | |
| 217662000607 | ਰਾਣੀ ਦੇਵੀ |
| 217662001004 | ਸ਼ਾਕਿਆ ਗਜੇਂਦਰ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ-ਇੰਡਸਟ੍ਰੀਅਲ ਏਰੀਆ | |
| 246762000993 | ਦੀਪਕ ਕੁਮਾਰ ਸ਼ਰਮਾ |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ | |
| 008062003477 | ਹਰਦੀਪ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ-ਨੂਰਮਹਿਲ | |
| 007962001902 | ਕੁਲਵਿੰਦਰ ਕੌਰ |
| ਬਰਾਂਚ ਦਾ ਨਾਂਅ : ਕਪੂਰਥਲਾ | |
| 044962003254 | ਗੁਰਦੀਪ ਸਿੰਘ |
| 044962003258 | ਪਰਮਿੰਦਰ ਕੌਰ |
| ਬਰਾਂਚ ਦਾ ਨਾਂਅ : ਕਪੂਰਥਲਾ-ਸੁਲਤਾਨਪੁਰ ਰੋਡ | |
| 189562001906 | ਦਲਜੀਤ ਕੌਰ |
| ਬਰਾਂਚ ਦਾ ਨਾਂਅ : ਕਰਾਲੀ | |
| 152462002808 | ਧਰਮਜੀਤ ਸਿੰਘ |
| ਬਰਾਂਚ ਦਾ ਨਾਂਅ : ਲੌਂਗੋਵਾਲ | |
| 178162003033 | ਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਬਹਾਦਰਕੇ ਰੋਡ | |
| 366262000658 | ਦੀਪਕ ਸ਼ਰਮਾ |
| 366262000769 | ਮੀਨਾਕਸ਼ੀ ਸ਼ਰਮਾ |
| ਬਰਾਂਚ ਦਾ ਨਾਂਅ : ਲੁਧਿਆਣਾ-ਰਾਹੋਂ ਰੋਡ | |
| 336462001465 | ਮਨਜਿੰਦਰ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਸ਼ਿੰਗਾਰ ਸਿਨੇਮਾ ਰੋਡ | |
| 366062001342 | ਸਮਰਿਧੀ ਭੰਡਾਰੀ |
| ਬਰਾਂਚ ਦਾ ਨਾਂਅ : ਲੁਧਿਆਣਾ-ਫਿਰੋਜ਼ ਗਾਂਧੀ ਮਾਰਕਿਟ | |
| 001762015863 | ਮਿਥਲੇਸ਼ ਕੁਮਾਰ ਮਹਿਤੋ |
| ਬਰਾਂਚ ਦਾ ਨਾਂਅ : ਲੁਧਿਆਣਾ-ਜਮਾਲਪੁਰ | |
| 057862003403 | ਹਰਦੀਪ ਕੌਰ |
| ਬਰਾਂਚ ਦਾ ਨਾਂਅ : ਮਾਹਿਲਪੁਰ | |
| 374062000355 | ਲਾਲ ਚੰਦ |
| ਬਰਾਂਚ ਦਾ ਨਾਂਅ : ਮਜੀਠਾ, ਪੰਜਾਬ | |
| 357062002165 | ਗੋਬਿੰਦ ਕੁਮਾਰ |
| ਬਰਾਂਚ ਦਾ ਨਾਂਅ : ਮਖੁ | |
| 377662001798 | ਸਰੂਪ ਸਿੰਘ |
| ਬਰਾਂਚ ਦਾ ਨਾਂਅ : ਮਾਲੇਰਕੋਟਲਾ | |
| 249662002411 | ਪੂਜਾ ਗੋਇਲ |
| ਬਰਾਂਚ ਦਾ ਨਾਂਅ : ਮਲੋਟ | |
| 151962004952 | ਸੁਰਿੰਦਰ ਕੁਮਾਰ |
| 151962005280 | ਗੁਰਮੀਤ ਸਿੰਘ ਭੁੱਲਰ |
| ਬਰਾਂਚ ਦਾ ਨਾਂਅ : ਮਾਨਸਾ | |
| 044662004054 | ਗੁਰਬਿੰਦਰ ਸਿੰਘ |
| 044662005101 | ਸੰਦੀਪ ਕੁਮਾਰ |
| ਬਰਾਂਚ ਦਾ ਨਾਂਅ : ਮੁਹਾਲੀ-ਸੈਕਟਰ 67 | |
| 366962000910 | ਅਵਨੀਤ ਸਿੰਘ |
| ਬਰਾਂਚ ਦਾ ਨਾਂਅ : ਮੁਕੇਰੀਆਂ | |
| 087762001783 | ਪੂਜਾ ਰਾਣੀ |
| ਬਰਾਂਚ ਦਾ ਨਾਂਅ : ਮੁਕੇਰੀਆਂ | |
| 087762003253 | ਦੁਰਗਾ ਲਕਸ਼ਮੀ ਕੇ |
| ਬਰਾਂਚ ਦਾ ਨਾਂਅ : ਮੁਕਤਸਰ | |
| 078862005641 | ਗੁਰਭਾਗ ਸਿੰਘ |
| ਬਰਾਂਚ ਦਾ ਨਾਂਅ : ਮੁੱਲਾਂਪੁਰ ਦਾਖਾ | |
| 151662002629 | ਕਮਲਜੀਤ ਕੌਰ |
| ਬਰਾਂਚ ਦਾ ਨਾਂਅ : ਨਾਭਾ | |
| 078962004581 | ਕਰਮਜੀਤ ਕੁਮਾਰ |
| ਬਰਾਂਚ ਦਾ ਨਾਂਅ : ਨੰਗਲ | |
| 152362002762 | ਲਕਸ਼ਮੀ ਦੇਵੀ |
| ਬਰਾਂਚ ਦਾ ਨਾਂਅ : ਪਠਾਨਕੋਟ-ਡਲਹੌਜੀ ਰੋਡ | |
| 393062000586 | ਸਾਗਰ ਸ਼ਰਮਾ |
| ਬਰਾਂਚ ਦਾ ਨਾਂਅ : ਪਠਾਨਕੋਟ-ਮਮੂਨ ਕੈਂਟ | |
| 096557000003 | ਸ਼ਿਵਾਨੀ ਪ੍ਰਸ਼ਾਤ ਤਾਇੜੇ |
| ਬਰਾਂਚ ਦਾ ਨਾਂਅ : ਪਟਿਆਲਾ-ਲੀਲ੍ਹਾ ਭਵਨ | |
| 016262007193 | ਇਸਮਾਈਲ ਖਾਨ |
| ਬਰਾਂਚ ਦਾ ਨਾਂਅ : ਪਟਿਆਲਾ-ਅਰਬਨ ਅਸਟੇਟ | |
| 079062002001 | ਅੰਮ੍ਰਿਤ ਸਿੰਘ |
| ਬਰਾਂਚ ਦਾ ਨਾਂਅ : ਪੱਟੀ | |
| 150562008253 | ਗੁਰਬਿੰਦਰ ਸਿੰਘ |
| ਬਰਾਂਚ ਦਾ ਨਾਂਅ : ਪੱਟੀ ਸੰਦਲੀ ਮਹਿਰਾਜ | |
| 435662001204 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਫਗਵਾੜਾ | |
| 632162003241 | ਜਸਵੰਤ ਸਿੰਘ |
| ਬਰਾਂਚ ਦਾ ਨਾਂਅ : ਫਗਵਾੜਾ-ਹੁਸ਼ਿਆਰਪੁਰ ਰੋਡ | |
| 373962000241 | ਗੁਰਦਿਆਲ ਗੁਰਦਿਆਲ |
| ਬਰਾਂਚ ਦਾ ਨਾਂਅ : ਫਿਲੌਰ | |
| 078662001961 | ਵਿਪਨ ਧੀਮਾਨ |
| ਬਰਾਂਚ ਦਾ ਨਾਂਅ : ਕਾਦੀਆਂ | |
| 411862000515 | ਗੁਰਜੰਟ ਸਿੰਘ |
| 411862001234 | ਨਵਿੰਦਰ ਸਿੰਘ |
| 411862001378 | ਸੁਖਜਿੰਦਰ ਕੌਰ |
| ਬਰਾਂਚ ਦਾ ਨਾਂਅ : ਰਾਜਪੁਰਾ | |
| 047762004579 | ਅਰਜੋਮ ਕੇਰੀਅਰ ਸਲਿਊਸ਼ਨ |
| ਬਰਾਂਚ ਦਾ ਨਾਂਅ : ਰਈਆ | |
| 214362003778 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਰੋਪੜ | |
| 055362002292 | ਬਲਵਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357162007242 | ਰਾਮ ਸਿੰਘ |
| ਬਰਾਂਚ ਦਾ ਨਾਂਅ : ਸਮਾਣਾ | |
| 152162005893 | ਭੁਪਿੰਦਰ ਸਿੰਘ |
| 152162006875 | ਗੁਰਦਿੱਤ ਸਿੰਘ |
| ਬਰਾਂਚ ਦਾ ਨਾਂਅ : ਸੰਗਤ | |
| 383562002174 | ਸੰਦੀਪ ਕੌਰ |
| ਬਰਾਂਚ ਦਾ ਨਾਂਅ : ਸਰਦੂਲਗੜ੍ਹ | |
| 356762004159 | ਜਗਜੀਤ ਸਿੰਘ |
| ਬਰਾਂਚ ਦਾ ਨਾਂਅ : ਸੈਕਟਰ 70 ਮੁਹਾਲੀ | |
| 660057015005 | ਨੀਰਜ ਸਰੋਜ |
| ਬਰਾਂਚ ਦਾ ਨਾਂਅ : ਸ਼ਾਹਕੋਟ | |
| 216662001733 | ਅਮਰਇਕਬਾਲ ਸਿੰਘ |
| ਬਰਾਂਚ ਦਾ ਨਾਂਅ : ਸਿੱਧਵਾਂ ਬੇਟ | |
| 398062000572 | ਬੂਟਾ ਸਿੰਘ |
| ਬਰਾਂਚ ਦਾ ਨਾਂਅ : ਸਰਹਿੰਦ | |
| 150662003927 | ਸਰਬਜੀਤ ਕੌਰ |
| 150662003981 | ਰਛਪਾਲ ਕੌਰ |
| ਬਰਾਂਚ ਦਾ ਨਾਂਅ : ਸੁਹਾਣਾ | |
| 565362000044 | ਦੀਪਕ ਕੁਮਾਰ |
| ਬਰਾਂਚ ਦਾ ਨਾਂਅ : ਸੋਥਾ | |
| 745962000195 | ਯੁਵਰਾਜ ਸਿੰਘ |
| ਬਰਾਂਚ ਦਾ ਨਾਂਅ : ਸਰਦੂਲਗੜ੍ਹ, ਪੰਜਾਬ | |
| 356362002225 | ਲਾਭ ਸਿੰਘ |
| ਬਰਾਂਚ ਦਾ ਨਾਂਅ : ਸੁਲਤਾਨਪੁਰ ਲੋਧੀ | |
| 272462000929 | ਜਸਪ੍ਰੀਤ ਸਿੰਘ |
| 272462001654 | ਮਨਪ੍ਰੀਤ ਕੌਰ |
| 272462001664 | ਹਰਮੇਸ਼ ਸਿੰਘ |
| ਬਰਾਂਚ ਦਾ ਨਾਂਅ : ਸੁਨਾਮ | |
| 152662001434 | ਮੱਖਣ ਸਿੰਘ |
| ਬਰਾਂਚ ਦਾ ਨਾਂਅ : ਤਲਵੰਡੀ ਸਾਬੋ | |
| 150762006189 | ਕੁਲਵੰਤ ਸਿੰਘ |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | |
| 087862002525 | ਨਵਜੋਤ ਕੌਰ |
| 087862002634 | ਵਿਸ਼ਾਲ ਰਾਏ |
| 087862002770 | ਭੂਰਾ ਰਾਮ |
| ਬਰਾਂਚ ਦਾ ਨਾਂਅ : ਤਰਨ-ਤਾਰਨ | |
| 050562003516 | ਇੰਦਰਜੀਤ ਕੌਰ |
| 050562004247 | ਸੁਖਵਿੰਦਰ ਸਿੰਘ ਕੰਗ |
| ਬਰਾਂਚ ਦਾ ਨਾਂਅ : ਜ਼ੀਰਾ | |
| 199762003222 | ਪਵਨ ਕੋਛੜ |
| ਬਰਾਂਚ ਦਾ ਨਾਂਅ : ਕਾਲਾ ਅੰਬ | |
| 372962000524 | ਮੁਹੰਦਰ ਇਕਰਮ |
| ਬਰਾਂਚ ਦਾ ਨਾਂਅ : ਮੁੰਬਈ-ਦਾਹੀਸਰ ਵੈਸਟ | |
| 123562002584 | ਹਰਕੀਰਤ ਸਿੰਘ |
| ਬਰਾਂਚ ਦਾ ਨਾਂਅ : ਪੰਚਕੂਲਾ-ਸੈਕਟਰ 16 | |
| 184562000747 | ਬ੍ਰਿਜੇਸ਼ ਕੁਮਾਰ |
| ਬਰਾਂਚ ਦਾ ਨਾਂਅ : ਰਾਜਪੁਰਾ | |
| 047762004579 | ਅਰੋਜ਼ਮ ਕੈਰੀਅਰ ਸਲਿਊਸ਼ਨ |

ਮਿਤੀ : 11.11.2025
ਸਥਾਨ : ਲੁਧਿਆਣਾ, ਮਾਲੇਰਕੋਟਲਾ, ਮਾਨਸਾ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਮੁਕਤਸਰ, ਤਰਨ ਤਾਰਨ, ਰੂਪਨਗਰ, ਬਰਨਾਲਾ, ਪਠਾਨਕੋਟ, ਫਰੀਦਕੋਟ, ਮੋਗਾ, ਚੰਡੀਗੜ੍ਹ, ਮੁਹਾਲੀ

ਸਹੀ/- ਅਧਿਕਾਰਤ ਅਫਸਰ
ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਟਿਡ

## ਮਰਹੂਮ ਕੰਵਲਜੀਤ ਸਿੰਘ ਢਿੱਲੋਂ ਦਾ ਦੋਗਾਣਾ 'ਦਾਣਾ ਪਾਣੀ' ਰਿਲੀਜ਼ ਲਈ ਤਿਆਰ

### ਗਾਇਕ ਬਲਧੀਰ ਮਾਹਲਾ ਵੱਲੋਂ ਸ਼ੂਟਿੰਗ ਮੁਕੰਮਲ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਉੱਘੇ ਸ਼ਾਇਰ ਮਰਹੂਮ ਕੰਵਲਜੀਤ ਸਿੰਘ ਢਿੱਲੋਂ ਢੁੱਡੀ ਦੀ ਮਿੱਠੀ ਯਾਦ ਨੂੰ ਸਮਰਪਤ ਵਾਤਾਵਰਨ ਦੀ ਸੰਭਾਲ ਹਿੱਤ ਲਿਖੇ ਦੋਗਾਣੇ 'ਦਾਣਾ ਪਾਣੀ' ਦੀ ਸ਼ੂਟਿੰਗ ਲੋਕ ਗਾਇਕ ਬਲਧੀਰ ਮਾਹਲਾ ਵੱਲੋਂ ਪੂਰੀ ਕਰ ਲਈ ਗਈ ਹੈ।ਇਸ ਦੋਗਾਣੇ ਦੀ ਸ਼ੂਟਿੰਗ ਪਿੰਡ ਲੁਹਾਮ ਮੁਦਕੀ (ਫਿਰੋਜ਼ਪੁਰ) ਦੇ ਆਸ-ਪਾਸ ਦੀਆਂ ਖੂਬਸੂਰਤ ਲੋਕੇਸ਼ਨਾਂ 'ਤੇ ਸ੍ਰੀਮਤੀ ਸੁਖਦੀਪ ਕੌਰ ਢਿੱਲੋਂ ਅਤੇ ਮੱਲ੍ਹੀ ਪਰਵਾਰ ਦੇ ਸਹਿਯੋਗ ਨਾਲ ਮੁਕੰਮਲ ਕੀਤੀ ਗਈ ਹੈ।ਬਲਧੀਰ ਮਾਹਲਾ ਆਫੀਸ਼ੀਅਲ ਚੈਨਲ ਦੇ ਪ੍ਰੈਸ ਸਕੱਤਰ ਡਾ. ਧਰਮ ਪ੍ਰਵਾਨਾ ਨੇ ਦੱਸਿਆ ਕਿ ਇਸ ਦੋਗਾਣੇ ਦੇ ਬੋਲ ਮਰਹੂਮ ਸ਼ਾਇਰ ਕੰਵਲਜੀਤ ਸਿੰਘ ਢਿੱਲੋਂ ਦੇ ਲਿਖੇ ਹੋਏ ਹਨ।ਦੋਗਾਣੇ ਵਿੱਚ ਬਲਧੀਰ ਮਾਹਲਾ ਨਾਲ ਸਹਿ-ਗਾਇਕਾ ਸੋਫੀਆ ਗਿੱਲ ਨੇ ਆਵਾਜ਼ ਦਿੱਤੀ ਹੈ।ਸੰਗੀਤ ਪ੍ਰਸਿੱਧ ਸੰਗੀਤਕਾਰ ਰਵਿੰਦਰ ਟੀਨਾ ਨੇ ਨਾਮਵਰ ਰਿਕਾਰਡਿੰਗ ਇੰਜਨੀਅਰ ਸੰਗੀਤ ਕੰਡਿਆਰਾ ਦੇ ਸਹਿਯੋਗ ਨਾਲ ਤਿਆਰ ਕੀਤਾ ਹੈ।ਵੀਡੀਓ ਨਿਰਦੇਸ਼ਕ ਗੁਰਬਾਜ ਗਿੱਲ ਹਨ। ਡੀ.ਪੀ.ਓ ਬੇਅੰਤ ਚੱਕਵਾਲਾ ਤੇ ਮੰਗਲ ਮੱਤਾ ਹਨ। ਮੁੱਖ ਭੂਮਿਕਾ ਪ੍ਰਸਿੱਧ ਐਕਟਰ ਇੰਦਰ ਮਾਨ ਤੇ ਜੱਸ ਕੌਰ ਦੀ ਹੈ। ਬਾਕੀ ਕਲਾਕਾਰਾਂ 'ਚ ਫਿਲਮੀ ਅਦਾਕਾਰ ਅਮਰਜੀਤ ਸੇਖੋਂ, ਬਲਕਰਨ ਮੱਲ੍ਹੀ, ਮਾਤਾ ਜਸਵਿੰਦਰ ਕੌਰ, ਬਲਵਿੰਦਰ ਕਲਸੀ, ਗਗਨ ਬਰਾੜ, ਬਲਤੇਜ ਮੱਲ੍ਹੀ, ਰਜਨੀ, ਪ੍ਰਿਅੰਕਾ, ਡਾ. ਧਰਮ ਪ੍ਰਵਾਨਾ, ਗੁਰਪ੍ਰੀਤ ਬਰਾੜ, ਮਿਸ ਜੋਤ, ਜੱਸੀ ਬਡੂਵਾਲੀਆ, ਗੁਰਤੇਜ ਮੱਲ੍ਹੀ, ਜਗਤਾਰ ਗੋਟੂ ਤੇ ਵਿੱਕੀ ਆਦਿ ਨੇ ਆਪੋ-ਆਪਣੀਆਂ ਭੂਮਿਕਾਵਾਂ ਨਿਭਾਈਆਂ ਹਨ। ਮੇਕਅਪ ਕਲਾਕਾਰ ਕੁਲਵੰਤ ਥਰਾਜਵਾਲਾ ਤੇ ਗਗਨ ਮੇਕਅਪ ਓਵਰ ਹਨ।

## ਸਰਕਾਰ ਦੀ ਫੋਕੀ ਬਿਆਨਬਾਜ਼ੀ ਸੂਬੇ ਦੀ ਸਥਿਤੀ ਨਹੀਂ ਸੁਧਾਰ ਸਕਦੀ : ਆਗੂ

■ ਮਾਨਸਾ ਗੋਲੀ ਕਾਂਡ ਦੇ ਪੁਖ਼ਤਾ ਹੱਲ ਨੂੰ ਪੁਲਸ ਪ੍ਰਸ਼ਾਸਨ ਸਮਾਂਬੱਧ ਕਰੇ



**ਮਾਨਸਾ (ਆਤਮਾ ਸਿੰਘ ਪਮਾਰ)**-ਬੀਤੇ ਦਿਨੀਂ ਮਾਨਸਾ ਵਿਖੇ ਹੋਏ ਬਹੁ-ਚਰਚਿਤ ਗੋਲੀ ਕਾਂਡ ਸਬੰਧੀ ਗਠਿਤ 21 ਮੈਂਬਰੀ ਸੰਘਰਸ਼ ਕਮੇਟੀ ਦੀ ਇੱਕ ਅਹਿਮ ਮੀਟਿੰਗ ਸਥਾਨਕ ਸ੍ਰੀ ਲਕਸ਼ਮੀ ਨਰਾਇਣ ਮੰਦਰ ਵਿਖੇ ਚਮਕੌਰ ਸਿੰਘ ਸਿੱਧੂ ਮੂਸਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਪਿਛਲੇ ਸਮੇਂ ਦੌਰਾਨ ਹੋਏ ਸੰਘਰਸ਼ ਤੇ ਮੌਜੂਦਾ ਹਾਲਤਾਂ ਦਾ ਰੀਵਿਊ ਕੀਤਾ ਗਿਆ।ਮੀਟਿੰਗ 'ਚ ਸ਼ਾਮਲ ਆਗੂਆਂ ਨੇ ਹੋਈ ਇਸ ਮੰਦਭਾਗੀ ਘਟਨਾ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਕੀਤੀ ਫੋਕੀ ਬਿਆਨਬਾਜ਼ੀ ਸੂਬੇ ਦੀ ਵਿਗੜ ਚੁੱਕੀ ਅਮਨ ਕਾਨੂੰਨ ਦੀ ਹਾਲਤ ਨੂੰ ਸੁਧਾਰ ਨਹੀਂ ਸਕੀ, ਸਗੋਂ ਨਸ਼ਿਆਂ ਤੇ ਗੈਂਗਸਟਰਾਂ ਦਾ ਖੁੱਲਮ ਖੁੱਲ੍ਹਾ ਬੋਲਬਾਲਾ ਹੈ ਅਤੇ ਆਮ ਲੋਕਾਂ 'ਚ ਦਹਿਸ਼ਤ ਤੇ ਡਰ ਦਾ ਮਾਹੌਲ ਜਿਉਂ ਦੀ ਤਿਉਂ ਬਰਕਰਾਰ ਹੈ।ਚੋਰੀਆਂ, ਲੁੱਟਾਂ-ਖੋਹਾਂ, ਫਿਰੌਤੀਆਂ ਤੇ ਡਕੈਤੀਆਂ 'ਚ ਅਥਾਹ ਵਾਧਾ ਹੋਇਆ ਹੈ, ਜਿਨ੍ਹਾਂ ਨੂੰ ਕਾਬੂ ਕਰਨ ਵਿੱਚ ਪੁਲਸ ਪ੍ਰਸ਼ਾਸਨ ਤੇ ਸਰਕਾਰ ਪੂਰੀ ਤਰ੍ਹਾਂ ਨਾਕਾਮ ਰਹੀ ਹੈ।ਇਸ ਮੌਕੇ ਆਗੂਆਂ ਨੇ ਕਿਹਾ ਕਿ ਅਮਨ ਕਾਨੂੰਨ ਦੀ ਬਿਹਤਰੀ, ਭਾਈਚਾਰਕ ਸਾਂਝ ਤੇ ਸਮਾਜਿਕ ਸਮੱਸਿਆਵਾਂ 'ਤੇ ਇਕੱਠੇ ਹੋ ਕੇ ਲੜਨ ਦੀ ਅਣਸਰਦੀ ਤੇ ਵੱਡੀ ਲੋੜ ਹੈ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਡੀ ਆਈ ਜੀ ਰੇਂਜ ਬਠਿੰਡਾ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਦੇ ਸੀਨੀਆਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕਮੇਟੀ ਨਾਲ ਹੋਈ ਮੀਟਿੰਗ 'ਚ ਕਮੇਟੀ ਵੱਲੋਂ ਗੋਲੀ ਕਾਂਡ ਦੇ ਮੁੱਖ ਸੂਤਰਧਾਰ ਤੇ ਸਾਜ਼ਿਸ਼ ਕਰਤਾਵਾਂ ਅਤੇ ਜ਼ਿੰਮੇਵਾਰ ਅਧਿਕਾਰੀਆਂ ਦੀ ਜ਼ਿੰਮੇਵਾਰੀ ਫਿਕਸ ਕਰਨ ਤੇ ਅਮਨ ਕਾਨੂੰਨ ਦੀ ਸਥਿਤੀ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਤੁਰੰਤ ਕਾਰਵਾਈ ਕਰਨ ਦੀ ਮੰਗ ਰੱਖੀ ਸੀ, ਜਿਸ ਲਈ ਪੁਲਸ ਪ੍ਰਸ਼ਾਸਨ ਵੱਲੋਂ ਸੱਤ ਦਿਨ ਦਾ ਸਮਾਂ ਮੰਗਿਆ ਗਿਆ ਸੀ।ਡੀ ਆਈ ਜੀ ਵੱਲੋਂ ਕੇਸ ਦੀ ਤਹਿ ਤੱਕ ਪੜਤਾਲ ਕਰਨ ਤੇ ਦੋਸ਼ੀਆਂ 'ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆ ਕੇ ਪੀੜਤ ਪਰਵਾਰ ਨੂੰ ਇਨਸਾਫ਼ ਦੇਣ ਆਦਿ ਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਸਖ਼ਤੀ ਨਾਲ ਰੋਕਣ ਦਾ ਵਿਸ਼ਵਾਸ ਦਿਵਾਇਆ ਸੀ, ਪ੍ਰੰਤੂ ਪੁਲਸ ਪ੍ਰਸ਼ਾਸਨ ਵੱਲੋਂ ਭਾਵੇਂ ਕੁੱਝ ਕਥਿਤ ਦੋਸ਼ੀਆਂ ਦੀ ਗ੍ਰਿਫ਼ਤਾਰੀ ਦਾ ਦਾਅਵਾ ਕੀਤਾ ਗਿਆ ਹੈ, ਪ੍ਰੰਤੂ ਕਮੇਟੀ ਦੀ ਮੰਗ ਹੈ ਕਿ ਪੁਲਸ ਵਾਰਦਾਤ ਦੇ ਮੁੱਖ ਸਾਜ਼ਿਸ਼ ਘਾੜੇ ਤੇ ਇਸ 'ਚ ਸ਼ਾਮਲ ਸਥਾਨਕ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਲੋਕਾਂ ਸਾਹਮਣੇ ਪੇਸ਼ ਕਰੇ, ਪ੍ਰੰਤੂ ਜਾਪਦਾ ਹੈ ਪੁਲਸ ਪ੍ਰਸ਼ਾਸਨ ਉਕਤ ਵਾਅਦੇ 'ਤੇ ਖਰਾ ਉਤਰਦਾ ਦਿਖਾਈ ਨਹੀਂ ਦੇ ਰਿਹਾ।ਉਨ੍ਹਾਂ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਫੋਕੇ ਸਟੇਜੀ ਭਾਸ਼ਣ ਵਾਰ ਵਾਰ ਲੋਕਾਂ ਦੇ ਗਲਿਓਂ ਹੇਠ ਨਹੀਂ ਉੱਤਰ ਰਹੇ।ਇਸ ਲਈ ਸੁਹਿਰਦਤਾ ਨਾਲ ਅਮਨ ਕਾਨੂੰਨ ਦੀ ਸਥਿਤੀ ਨੂੰ ਬਹਾਲ ਕਰਨ, ਹੋ ਰਹੀਆਂ ਘਟਨਾਵਾਂ ਨੂੰ ਰੋਕਣ ਤੇ ਜ਼ਿੰਮੇਵਾਰ ਅਧਿਕਾਰੀਆਂ ਅਤੇ ਸਾਜ਼ਿਸ਼ ਕਰਤਾਵਾਂ ਨੂੰ ਲੋਕ ਕਟਿਹਰੇ 'ਚ ਨੰਗਾ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।ਅਜਿਹਾ ਨਾ ਹੋਣ ਦੀ ਸਥਿਤੀ 'ਚ ਮੁਲਤਵੀ ਅੰਦੋਲਨ ਮੁੜ ਤੋਂ ਸ਼ੁਰੂ ਕਰਨ ਬਾਰੇ ਵਿਚਾਰਿਆ ਜਾ ਸਕਦਾ ਹੈ।ਮੀਟਿੰਗ ਦੌਰਾਨ ਉੱਘੇ ਆਰ ਟੀ ਆਈ ਐਕਟੀਵਿਸਟ ਤੇ ਕਮੇਟੀ ਮੈਂਬਰ ਮਾਨਿਕ ਗੋਇਲ, ਰੁਲਦੂ ਸਿੰਘ ਮਾਨਸਾ, ਮੁਨੀਸ਼ ਬੱਬੀ ਦਾਨੇਵਾਲੀਆ, ਐਡਵੋਕੇਟ ਗੁਰਲਾਭ ਮਾਹਲ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਮਨਦੀਪ ਗੋਰਾ, ਜਤਿੰਦਰ ਆਗਰਾ, ਕ੍ਰਿਸ਼ਨ ਚੌਹਾਨ, ਹਰਿੰਦਰ ਮਾਨਸ਼ਾਹੀਆ, ਧੰਨਾ ਮੱਲ ਗੋਇਲ, ਰਾਜਵਿੰਦਰ ਰਾਣਾ, ਸੁਮੀਰ ਛਾਬੜਾ, ਅੰਕੁਸ਼ ਜਿੰਦਲ, ਬਲਜੀਤ ਸ਼ਰਮਾ, ਹਰਵਿੰਦਰ ਭਾਰਦਵਾਜ, ਮਨਜੀਤ ਸਿੰਘ ਸਦਿਉੜਾ, ਭੀਮ ਸੈਨ, ਸਤੀਸ਼ ਕੁਮਾਰ ਨੀਟੂ, ਕਰਨੈਲ ਸਿੰਘ ਮਾਨਸਾ ਆਦਿ ਹਾਜ਼ਰ ਸਨ।

## ਧੂਰੀ ਵਿਕਾਸ ਮੰਚ ਨੇ ਹਲਕੇ ਦੀਆਂ ਮੁਸ਼ਕਲਾਂ ਸੰਬੰਧੀ ਮੁੱਖ ਮੰਤਰੀ ਨੂੰ ਮੰਗ ਪੱਤਰ ਸੌਂਪਿਆ

■ ਸਿਵਲ ਹਸਪਤਾਲ 'ਚ ਮਾਹਰ ਡਾਕਟਰਾਂ ਦੀ ਕਮੀ ਪੂਰੀ ਕਰਨ ਦੀ ਮੰਗ

**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ, ਮੋਹਿਤ ਗਰਗ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਐਤਵਾਰ ਨੂੰ ਆਪਣੀ ਧੂਰੀ ਫੇਰੀ ਦੌਰਾਨ ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਨਾਲ ਗੱਲਬਾਤ ਸਮੇਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਧੂਰੀ ਵਿਕਾਸ ਮੰਚ ਦੇ ਇੱਕ ਵਫ਼ਦ ਨੇ ਹਲਕੇ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਮੰਗ ਪੱਤਰ ਮੁੱਖ ਮੰਤਰੀ ਨੂੰ ਸੌਂਪਿਆ।ਵਫ਼ਦ 'ਚ ਸ਼ਾਮਲ ਪ੍ਰਧਾਨ ਅਮਨ ਗਰਗ, ਜਨਰਲ ਸਕੱਤਰ ਹੰਸ ਰਾਜ ਬਜਾਜ, ਖਜ਼ਾਨਚੀ ਸੁਰਿੰਦਰਪਾਲ ਸਿੰਘ ਨੀਟਾ ਤੇ ਵਾਈਸ ਚੇਅਰਮੈਨ ਅਭਿਨਵ ਗੋਇਲ ਨੇ ਮੰਗ ਪੱਤਰ ਰਾਹੀਂ ਮੰਚ ਵੱਲੋਂ ਜਿੱਥੇ ਧੂਰੀ ਦੇ ਸਿਵਲ ਹਸਪਤਾਲ 'ਚ ਮਾਹਰ ਡਾਕਟਰਾਂ ਦੀ ਘਾਟ ਪੂਰੀ ਕਰਨ, ਡਾਇਲਸਿਜ਼ ਮਸ਼ੀਨ ਸਥਾਪਤ ਕਰਨ, ਪੁਰਾਣੇ ਬਸ ਸਟੈਂਡ ਸਾਹਮਣੇ ਸਥਿਤ ਫੂਡ ਸਪਲਾਈ ਦੇ ਗੁਦਾਮਾਂ ਵਾਲੀ ਜਗ੍ਹਾ 'ਚ ਨਵਾਂ ਆਧੁਨਿਕ ਸਹੂਲਤਾਂ ਵਾਲਾ ਬਸ ਸਟੈਂਡ ਬਣਾਉਣ, ਹਾਦਸਿਆਂ ਨੂੰ ਠੱਲਣ ਲਈ ਮਾਲੇਰਕੋਟਲਾ ਤੋਂ ਸੰਗਰੂਰ ਤੱਕ ਰਾਜ ਮਾਰਗ 'ਤੇ ਡਿਵਾਈਡਰ ਬਣਾਉਣ, ਧੂਰੀ-ਬਰਨਾਲਾ ਬਾਇਆ ਸੇਖਾ ਤੇ ਧੂਰੀ-ਨਾਭਾ ਬਾਇਆ ਛੀਟਾਂਵਾਲਾ ਸੜਕ ਨੂੰ 24 ਫੁੱਟ ਚੌੜੀ ਕਰਨ, ਪੁਰਾਣੇ ਓਵਰ ਬਰਿੱਜ ਨੂੰ ਸੰਗਰੂਰ ਬਾਈਪਾਸ ਤੱਕ ਵਧਾਉਣ, ਬੱਬਨਪੁਰ ਨਹਿਰ ਦੇ ਪੁਲ ਤੋਂ ਜੰਡੇ ਪੁਲਾਂ ਤੱਕ ਨਹਿਰ ਕਿਨਾਰੇ ਸੜਕ ਬਣਾਉਣ ਤੇ ਸਥਾਨਕ ਡਾਕਘਰ ਵਿਖੇ ਪਾਸਪੋਰਟ ਸੇਵਾ ਕੇਂਦਰ ਬਣਾਉਣ ਸਮੇਤ ਹੋਰ ਮੰਗਾਂ ਮੁੱਖ ਮੰਤਰੀ ਦੇ ਧਿਆਨ 'ਚ ਲਿਆਂਦੀਆਂ ਅਤੇ ਮੁੱਖ ਮੰਤਰੀ ਵੱਲੋਂ ਵਫ਼ਦ ਵੱਲੋਂ ਧਿਆਨ 'ਚ ਲਿਆਂਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਛੇਤੀ ਹੱਲ ਕਰਨ ਦਾ ਭਰੋਸਾ ਦਿਵਾਇਆ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ, ਓ ਐੱਸ ਡੀ ਸੁਖਵੀਰ ਸਿੰਘ ਸੁੱਖੀ, ਫੂਡ ਕਮਿਸ਼ਨ ਪੰਜਾਬ ਦੇ ਮੈਂਬਰ ਜਸਵੀਰ ਸਿੰਘ ਜੱਸੀ ਸੇਖੋਂ, ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਪੰਜਾਬ ਗਊਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਤੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ: ਅਨਵਰ ਭਸੌੜ ਆਦਿ ਮੌਜੂਦ ਸਨ।

## ਐੱਸ ਪੀ ਐੱਸ ਹਸਪਤਾਲ ਵੱਲੋਂ ਸਮਰਾਲਾ 'ਚ ਡਾਇਲਸਿਸ ਸੁਵਿਧਾ ਸ਼ੁਰੂ



**ਸਮਰਾਲਾ (ਸੁਰਜੀਤ ਸਿੰਘ)**-ਲੋਕ ਭਲਾਈ ਕਾਰਜਾਂ ਵਿੱਚ ਮੋਹਰੀ ਨਾਮਧਾਰੀ ਸੰਪਰਦਾਇ ਨੇ ਸਿਹਤ ਸੇਵਾਵਾਂ ਵਿੱਚ ਵੀ ਵੱਡਾ ਨਾਮਣਾ ਖੱਟਿਆ ਹੈ।ਇਸੇ ਕੜੀ ਦੇ ਸਿਲਸਿਲੇ ਵਿੱਚ ਐੱਸ ਪੀ ਐੱਸ ਹਸਪਤਾਲ ਵੱਲੋਂ ਸਮਰਾਲਾ ਵਿੱਚ ਅੱਜ ਐੱਸ ਪੀ ਐੱਸ ਡੇਅ ਕੇਅਰ ਕਲੀਨਿਕਸ ਦਾ ਉਦਘਾਟਨ ਕੀਤਾ ਗਿਆ ਹੈ, ਜਿਸ ਵਿੱਚ ਮਰੀਜ਼ਾਂ ਨੂੰ ਓਪੀਡੀ ਵਿੱਚ 50 ਪ੍ਰਤੀਸ਼ਤ ਤੱਕ ਦੀ ਛੋਟ ਦਿੱਤੇ ਜਾਣ ਦਾ ਪ੍ਰਾਵਧਾਨ ਦੱਸਿਆ ਗਿਆ ਹੈ।ਇਸ ਕਲੀਨਿਕਸ ਦਾ ਉਦਘਾਟਨ ਇਥੇ ਡਾ. ਜੈ ਸਿੰਘ ਸੰਧੂ ਐੱਮ ਡੀ ਨੇ ਕੀਤਾ।ਇਸ ਤੋਂ ਪਹਿਲਾਂ ਮਰੀਜ਼ਾਂ ਦੀ ਸੁੱਖ ਸ਼ਾਂਤੀ ਲਈ ਬਲਵਿੰਦਰ ਸਿੰਘ ਝੱਲ ਨੇ ਅਰਦਾਸ ਕੀਤੀ।ਡਾ. ਜੈ ਸਿੰਘ ਸੰਧੂ ਐੱਮ ਡੀ ਨੇ ਦੱਸਿਆ ਕਿ ਇਸ ਪੇਂਡੂ ਖੇਤਰ ਵਿੱਚ ਐੱਸਪੀਐੱਸ ਹਸਪਤਾਲ ਮਰੀਜ਼ਾਂ ਨੂੰ ਅੰਤਰਰਾਸ਼ਟਰੀ ਪੱਧਰ ਦੀਆਂ ਸੇਵਾਵਾਂ ਉਪਲਬੱਧ ਕਰਾਏਗਾ।ਉਨ੍ਹਾਂ ਦੱਸਿਆ ਕਿ ਇਸ ਕਲੀਨਿਕਸ ਵਿੱਚ ਮੈਡੀਸਿਨ ਦੇ ਡਾ. ਗੁਰਵਿੰਦਰ ਸਿੰਘ ਵਿਰਕ ਤੇ ਔਰਤਾਂ ਰੋਗਾਂ ਦੇ ਮਾਹਰ ਡਾਕਟਰ ਪੂਨਮ ਚੌਹਾਨ ਸੇਵਾਵਾਂ ਦੇਣਗੇ। ਐੱਸ ਪੀ ਐੱਸ ਹਸਪਤਾਲ ਦੇ ਸੀ ਓ ਯੋਗਿੰਦਰ ਨਾਥ ਅਵਧਿਆ ਨੇ ਦੱਸਿਆ ਕਿ ਕਲੀਨਿਕਸ ਵਿੱਚ ਡੇਅ ਕੇਅਰ ਸਰਵਿਸ, ਫਾਰਮੇਸੀ, ਲੈਬ ਤੇ ਡਾਇਲਸਿਸ ਸੇਵਾਵਾਂ ਆਰੰਭ ਕੀਤੀਆਂ ਗਈਆਂ ਹਨ।ਇਸ ਮੌਕੇ ਡਾ. ਸੰਧੂ ਨੇ ਆਏ ਮਹਿਮਾਨਾਂ ਨੂੰ ਸਨਮਾਨਤ ਕੀਤਾ।ਇਸ ਮੌਕੇ ਡਾ. ਜੀ ਐੱਲ ਅਵਸਥੀ, ਡਾ. ਕਤਿਆਲ, ਡਾ. ਰਵਿੰਦਰ ਕੂਕਾ, ਕਾਕਾ ਯੁਵਰਾਜ ਸੰਧੂ, ਡਾ. ਸ਼ਿਵਾਨੀ ਟੰਡਨ, ਡਾ. ਕਣਵ ਕੌਸ਼ਲ, ਡਾ. ਆਨੰਦ, ਤੇਜਦੀਪ ਰੰਧਾਵਾ, ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ, ਗੈਰੀ ਕੰਗ, ਮਨਕੰਵਰ ਮਾਨ, ਰਮਨ ਸੇਖੋਂ, ਸਰਬਜੀਤ ਡਾਬਾ ਤੇ ਪੀ ਆਰ ਓ ਲਖਬੀਰ ਸਿੰਘ ਬੱਦੋਵਾਲ ਹਾਜ਼ਰ ਸਨ।

### ਸ਼ੈਲਰ ਮਾਲਕਾਂ ਨੇ ਮੁੱਖ ਮੰਤਰੀ ਕੋਲ ਲਾਈ ਗੁਹਾਰ

## ਐੱਫ ਸੀ ਆਈ ਗੋਦਾਮਾਂ 'ਚ ਥਾਂ ਮੁਹੱਈਆ ਕਰਾਉਣ ਤੇ ਬਦਰੰਗੀ ਦੀ ਛੂਟ ਮੰਗੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**

ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਸੂਬਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਬਿੱਲੂ ਦੀ ਅਗਵਾਈ ਹੇਠ ਸ਼ੈਲਰ ਮਾਲਕਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਉਨ੍ਹਾਂ ਦੀ ਧੂਰੀ ਫ਼ੇਰੀ ਦੌਰਾਨ ਮੁਲਾਕਾਤ ਕਰਦਿਆਂ ਇੱਕ ਮੰਗ ਪੱਤਰ ਸੌਂਪਿਆ।

ਸੂਬਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਬਿੱਲੂ ਨੇ ਦੱਸਿਆ ਕਿ ਮੰਗ ਪੱਤਰ ਰਾਹੀਂ ਐੱਫ.ਸੀ.ਆਈ. ਗੋਦਾਮਾਂ ਵਿੱਚ ਜਗ੍ਹਾ ਦੀ ਕਮੀ ਕਾਰਨ ਪੈਦਾ ਹੋਈ ਗੰਭੀਰ ਸਮੱਸਿਆ ਵੱਲ ਧਿਆਨ ਦਿਵਾਇਆ ਹੈ।ਉਨ੍ਹਾਂ ਦੱਸਿਆ ਕਿ ਇਸ ਸਮੇਂ ਧੂਰੀ ਦੇ ਐੱਫ.ਸੀ.ਆਈ. ਗੋਦਾਮਾਂ ਵਿੱਚ ਸਟੋਰੇਜ ਸਪੇਸ ਦੀ ਘਾਟ ਕਾਰਨ ਤਕਰੀਬਨ 5 ਹਜ਼ਾਰ ਰਾਈਸ ਕਨਸਾਈਟਮੈਂਟਾਂ ਮਿਲਡ ਰਾਈਸ ਦੀ ਡਲਿਵਰੀ ਕਰਨੀ ਹੈ, ਪਰ ਗੋਦਾਮਾਂ 'ਚ ਜਗ੍ਹਾ ਨਾ ਹੋਣ ਕਾਰਨ ਡਿਲਿਵਰੀ ਬਿਲਕੁਲ ਠੱਪ ਹੋਣ ਦੀ ਸੰਭਾਵਨਾ ਹੈ ਤੇ ਸ਼ੈਲਰ ਮਾਲਕਾਂ ਅੰਦਰ ਡਰ ਪਾਇਆ ਜਾ ਰਿਹਾ ਹੈ, ਕਿਉਂਕਿ ਇਸ ਨਾਲ ਮਿੱਲਰਾਂ ਨੂੰ ਵੱਡਾ ਆਰਥਿਕ ਨੁਕਸਾਨ ਹੋ ਰਿਹਾ ਹੈ ਅਤੇ ਤਿਆਰ ਚੌਲ ਦੀ ਗੁਣਵੱਤਾ 'ਤੇ ਵੀ ਅਸਰ ਪੈਣ ਦਾ ਖਤਰਾ ਹੈ, ਕਿਉਂਕਿ ਲੰਬੇ ਸਮੇਂ ਤਕ ਮਿੱਲਾਂ ਵਿੱਚ ਚੌਲ ਰੱਖਣ ਨਾਲ ਨਮੀ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਖਰੀਦ ਸੀਜ਼ਨ ਦੌਰਾਨ ਵੀ ਇਸੇ ਤਰ੍ਹਾਂ ਦੀ ਸਥਿਤੀ ਬਣੀ ਸੀ, ਜਦੋਂ ਧੂਰੀ ਦੇ ਮਿੱਲਰਾਂ ਨੂੰ ਆਪਣਾ ਚੌਲ ਉੱਤਰ ਪ੍ਰਦੇਸ਼, ਹਰਿਆਣਾ, ਪਠਾਨਕੋਟ, ਗੁਰਦਾਸਪੁਰ ਆਦਿ ਦੂਰ-ਦੁਰੇ ਇਲਾਕਿਆਂ ਵਿੱਚ ਭੇਜਣਾ ਪਿਆ ਸੀ।ਮਿੱਲਰਾਂ ਨੇ ਉਹ ਚੌਲ ਆਪਣੀ ਖ਼ਰਚੇ 'ਤੇ ਦੂਰ ਭੇਜਿਆ ਸੀ, ਪਰ ਅਜੇ ਤੱਕ ਉਨ੍ਹਾਂ ਨੂੰ ਆਵਾਜਾਈ ਦਾ ਭਾੜਾ ਨਹੀਂ ਮਿਲਿਆ ਹੈ।ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਸਰਕਾਰ ਨਾਲ ਇਸ ਬਾਰੇ ਗੱਲਬਾਤ ਕਰਕੇ ਤੁਰੰਤ ਧੂਰੀ ਗੋਦਾਮਾਂ 'ਚ ਵਾਧੂ ਸਟੋਰੇਜ ਦੀ ਵਿਵਸਥਾ ਕੀਤੀ ਜਾਵੇ ਜਾਂ ਫਿਰ ਦੂਰਲੇ ਇਲਾਕਿਆਂ ਵਿੱਚ ਚੌਲ ਪੁਚਾਉਣ ਦੀ ਆਵਾਜਾਈ 'ਤੇ ਕਿਰਾਏ ਦੀ ਨਿਆਂਸੰਗਤ ਅਦਾਇਗੀ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਪੰਜਾਬ 'ਚ ਆਏ ਹੜ੍ਹਾਂ ਕਾਰਨ ਝੋਨੇ ਦੀ ਫ਼ਸਲ ਵਿੱਚ ਕਾਫ਼ੀ ਨੁਕਸਾਨ ਤੇ ਬਦਰੰਗੀ ਆਈ ਹੈ।ਇਸ ਕਰਕੇ ਕੇਂਦਰ ਸਰਕਾਰ ਪਾਸੋਂ ਨੁਕਸਾਨ ਤੇ ਬਦਰੰਗੀ ਬਾਰੇ ਮਿਆਰਾਂ ਵਿੱਚ ਛੂਟ ਮਿਲਣੀ ਬਹੁਤ ਜ਼ਰੂਰੀ ਹੈ ਤਾਂ ਜੁ ਕਿਸਾਨਾਂ ਤੇ ਮਿੱਲਰਾਂ ਦੇ ਹਿਤ ਸੁਰੱਖਿਅਤ ਰਹਿ ਸਕਣ।

## ਪੀ ਡਬਲਯੂ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**

ਪੀ.ਡਬਲਯੂ.ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਜਲਾਲਾਬਾਦ ਦੀ ਮੀਟਿੰਗ ਬ੍ਰਾਂਚ ਪ੍ਰਧਾਨ ਪਰਮਜੀਤ ਸਿੰਘ ਦੀ ਅਗਵਾਈ ਹੇਠ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਕੀਤੀ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਸੂਬਾ ਜਨਰਲ ਸਕੱਤਰ ਫੁੰਮਣ ਸਿੰਘ ਕਾਠਗੜ੍ਹ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਵਰਗ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਤੋਂ ਭੱਜ ਰਹੀ ਹੈ, ਕਿਉਂਕਿ ਮੁਲਾਜ਼ਮ ਮੰਗਾਂ ਦਾ ਕੋਈ ਹੱਲ ਨਹੀਂ ਨਹੀਂ ਕੀਤਾ ਜਾ ਰਿਹਾ। ਪਿਛਲੇ 4 ਸਾਲ ਤੋਂ ਸਰਕਾਰ ਨੇ ਮੁਲਾਜ਼ਮਾਂ ਦੀ ਇਕ ਵੀ ਮੰਗ ਪੂਰੀ ਨਹੀਂ ਕੀਤੀ ਗਈ ਹੈ। ਮੁਲਾਜ਼ਮ ਵਰਗ ਦਾ 16 ਪ੍ਰਤੀਸ਼ਤ ਡੀ.ਏ. ਨਹੀਂ ਦਿੱਤਾ ਜਾ ਰਿਹਾ। ਇਨਲਿਸਟਮੈਂਟ ਤੇ ਆਊਟਸੋਰਸ 'ਤੇ ਰੱਖੇ ਕਾਮਿਆਂ ਨੂੰ ਮਹਿਕਮੇ ਵਿੱਚ ਲੈਣ ਦੀ ਬਜਾਏ ਨਵੇਂ ਪੱਤਰ ਜਾਰੀ ਕੀਤੇ ਜਾ ਰਹੇ ਕਿ 58 ਸਾਲ ਵਾਲੇ ਕਾਮਿਆਂ ਨੂੰ ਫਾਰਗ ਕੀਤਾ ਜਾਵੇ, ਪਰ ਜਥੇਬੰਦੀ ਮੰਗ ਕਰਦੀ ਹੈ ਕਿ ਇਨ੍ਹਾਂ ਕਾਮਿਆਂ ਨੂੰ ਹਟਾਉਣ ਦੀ ਬਜਾਏ ਇਨ੍ਹਾਂ ਦੇ ਇੱਕ ਪਰਿਵਾਰ ਨੂੰ ਨੌਕਰੀ ਦਿੱਤੀ ਜਾਵੇ। ਮਹਿਕਮੇ ਵਿੱਚ ਖਾਲੀ ਪਈਆਂ ਪੋਸਟਾਂ 'ਤੇ ਰੈਗੂਲਰ ਭਰਤੀ ਕੀਤੀ ਜਾਵੇ। ਜਿਹੜੇ ਕਰਮਚਾਰੀਆਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਵਾਰਸਾਂ ਦੇ 3 ਸਾਲਾਂ ਤੋਂ ਰੁਕੇ ਕੇਸਾਂ ਤੇ ਜਲਦੀ ਨੌਕਰੀ ਦਿੱਤੀ ਜਾਵੇ। ਸੀਵਰੇਜ ਬੋਰਡ ਦੇ ਕਾਮਿਆਂ 'ਤੇ ਜੋਕਿ 2004 ਤੋਂ ਪਹਿਲਾਂ ਭਰਤੀ ਕੀਤੇ ਗਏ ਹਨ, ਉਨ੍ਹਾਂ 'ਤੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ 19 ਨਵੰਬਰ 2025 ਨੂੰ ਸੈਕਟਰ 35 ਚੰਡੀਗੜ੍ਹ ਸਥਾਨਕ ਸਰਕਾਰ ਦੇ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ।

16 ਨਵੰਬਰ 2025 ਨੂੰ ਮੁਲਾਜ਼ਮ-ਪੈਨਸ਼ਨਰਜ਼ ਦੇ ਸਾਂਝੇ ਫਰੰਟ ਵੱਲੋਂ ਧੂਰੀ ਵਿੱਚ ਰੈਲੀ ਕੀਤੀ ਜਾ ਰਹੀ ਹੈ, ਜਿਸ ਦੀ ਤਿਆਰੀ ਲਈ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀ. ਮੀਤ ਪ੍ਰਧਾਨ ਹਰਵੇਲ ਸਿੰਘ, ਬੰਤਾ ਸਿੰਘ, ਪ੍ਰਤਾਪ ਸਿੰਘ, ਹਰਜੀਤ ਸਿੰਘ ਖਾਲਸਾ, ਅੱਤਰ ਸਿੰਘ, ਬਲਦੇਵ ਰਾਜ, ਰਾਜ ਕੁਮਾਰ, ਸਰਦੂਲ ਸਿੰਘ, ਸੱਜਣ ਸਿੰਘ, ਮੱਖਣ ਸਿੰਘ, ਜੰਗਲਾਤ ਵਰਕਰਜ਼ ਯੂਨੀਅਨ ਤੋਂ ਕਾਲਾ ਸਿੰਘ ਪ੍ਰਧਾਨ, ਸ਼ਾਮਾ ਨੰਦ ਕੈਸ਼ੀਅਰ ਤੇ ਬ੍ਰਾਂਚ ਪ੍ਰਧਾਨ ਪਰਮਜੀਤ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਮੁਲਾਜ਼ਮ ਮੰਗਾਂ ਦਾ ਹੱਲ ਕਰਨ ਦੀ ਮੰਗ ਕੀਤੀ ਗਈ।

## ਫਤਿਹ ਗਰੁੱਪ ਦੇ ਕਾਮਰਸ ਤੇ ਬੀ ਬੀ ਏ ਵਿਭਾਗ ਵੱਲੋਂ ਵਪਾਰ ਉਤਸਵ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਕਾਮਰਸ ਤੇ ਬੀਬੀਏ ਵਿਭਾਗ ਵੱਲੋਂ ਵਿਦਿਆਰਥੀਆਂ ਵਿੱਚ ਵਪਾਰਕ ਸੋਚ, ਹਿਸਾਬ-ਕਿਤਾਬ ਦੀ ਸਮਝ ਤੇ ਮਾਰਕੀਟ ਦੇ ਰੁਝਾਨਾਂ ਨੂੰ ਜਾਣਨ ਦੇ ਨਾਲ ਨਾਲ ਸਵੈ-ਰੁਜ਼ਗਾਰ ਦੀ ਭਾਵਨਾ ਵਿਕਸਤ ਕਰਨ ਲਈ ਵਪਾਰ ਉਤਸਵ ਦਾ ਆਯੋਜਨ ਕੀਤਾ ਗਿਆ।ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਲਾਸਰੂਮ ਪਾਠਾਂ ਤੋਂ ਇਲਾਵਾ ਅਮਲੀ ਜੀਵਨ ਵਿੱਚ ਵਪਾਰ ਤੇ ਸਟਾਰਟਅਪ ਦੇ ਤਰੀਕਿਆਂ ਨਾਲ ਜੋੜਨਾ ਸੀ।ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਸਟਾਲ ਲਗਾ ਕੇ ਉਤਪਾਦ ਵਿੱਕਰੀ, ਪ੍ਰੋਮੋਸ਼ਨਲ ਤਰੀਕੇ ਅਪਣਾਏ, ਗਾਹਕਾਂ ਨਾਲ ਸੰਚਾਰ ਕੀਤਾ ਅਤੇ ਮਾਰਕੀਟਿੰਗ ਤੇ ਮੈਨੇਜਮੈਂਟ ਦੇ ਕਈ ਪਹਿਲੂਆਂ ਦਾ ਅਭਿਆਸ ਕੀਤਾ।ਉਤਸਵ ਵਿੱਚ ਵਿਦਿਆਰਥੀਆਂ ਵੱਲੋਂ ਫੂਡ ਕਾਰਨਰ, ਹੈਂਡਮੇਡ ਪ੍ਰੋਡਕਟਸ, ਨੇਲ ਆਰਟ, ਬਿਊਟੀ ਪ੍ਰੋਡਕਟ ਪ੍ਰਦਰਸ਼ਨੀ ਆਦਿ ਦੇ ਆਕਰਸ਼ਕ ਸਟਾਲ ਲਗਾਏ ਗਏ।ਸੰਸਥਾ ਦੇ ਚੇਅਰਮੈਨ ਐੱਸ. ਐੱਸ. ਚੱਠਾ ਨੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਸਿਰਫ਼ ਪਾਠਕ੍ਰਮ ਤੱਕ ਸੀਮਿਤ ਨਹੀਂ ਰੱਖਦੇ, ਸਗੋਂ ਉਨ੍ਹਾਂ ਵਿੱਚ ਸਵੈ-ਰੋਜ਼ਗਾਰ ਤੇ ਨਵੇਂ ਵਿਚਾਰਾਂ ਨਾਲ ਅੱਗੇ ਵਧਣ ਦੀ ਹਿੰਮਤ ਪੈਦਾ ਕਰਦੇ ਹਨ।ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਬਘੇਲ ਸਿੰਘ ਨੇ ਕਿਹਾ ਕਿ ਵਪਾਰ ਉੱਤਸਵ ਜਿਹੇ ਆਯੋਜਨ ਵਿਦਿਆਰਥੀਆਂ ਦੀ ਵਿਅਕਤੀਗਤ ਵਿਕਾਸ ਦੇ ਨਾਲ ਉਨ੍ਹਾਂ ਨੂੰ ਮਾਰਕੀਟ ਦੀਆਂ ਜ਼ਮੀਨੀ ਹਕੀਕਤਾਂ ਨਾਲ ਵੀ ਜੋੜਦੇ ਹਨ।ਇਹ ਅਨੁਭਵ ਉਨ੍ਹਾਂ ਨੂੰ ਆਤਮਵਿਸ਼ਵਾਸੀ ਤੇ ਪ੍ਰੈਕਟੀਕਲ ਬਣਾਉਂਦਾ ਹੈ।ਵਿਭਾਗ ਮੁਖੀ ਪ੍ਰੋ. ਅਨੀਤਾ ਗਰਗ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਨਵਨੀਤ ਕੌਰ, ਪ੍ਰੋ. ਗੀਵਾ ਜੈਨ ਤੇ ਪ੍ਰੋ. ਦੀਪਤੀ ਨੇ ਦੱਸਿਆ ਕਿ ਇਸ ਵਪਾਰ ਉੱਤਸਵ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਤਜਰਬਾ ਦੇ ਨਾਲ ਵਪਾਰ ਦੀਆਂ ਬਾਰੀਕੀਆਂ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰਨਾ ਸੀ।

## ਕੇਂਦਰ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰ ਰਹੀ : ਗੁਰਮੀਤ ਥੂਹੀ

### ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਦੀ ਜ਼ਮੀਨ 'ਤੇ ਬਣੀ ਹੈ, ਇਸ ਲਈ ਪੰਜਾਬ ਦੀ ਹੀ ਰਹੇਗੀ



**ਨਾਭਾ (ਵਰਿੰਦਰ ਵਰਮਾ)**-ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਖੋਹਣ ਦੀ ਕਿਸੇ ਵੀ ਕੋਸ਼ਿਸ਼ ਨੂੰ ਪੰਜਾਬ ਦੀ ਇੱਕਜੁੱਟਤਾ ਕਾਮਯਾਬ ਨਹੀਂ ਹੋਣ ਦੇਵੇਗੀ।ਪੰਜਾਬ ਨਾਲ ਕੇਂਦਰ ਦੀਆਂ ਸਰਕਾਰਾਂ ਹਮੇਸ਼ਾ ਧੱਕਾ ਕਰਦੀਆਂ ਰਹੀਆਂ ਹਨ, ਪਰ ਪੰਜਾਬ ਦੇ ਲੋਕ ਉਸ ਦਾ ਜਵਾਬ ਦਿੰਦੇ ਆ ਰਹੇ ਹਨ।ਦੇਸ਼ ਦੇ ਰਾਜਾਂ ਦੇ ਹੱਕਾਂ 'ਤੇ ਕੇਂਦਰ ਸਰਕਾਰ ਲਗਾਤਾਰ ਡਾਕਾ ਮਾਰਨ ਲੱਗੀ ਹੋਈ ਹੈ। ਸੂਬਿਆਂ ਨੂੰ ਬੌਣੇ ਕੀਤਾ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਈਡੀਪੀ ਆਗੂ ਗੁਰਮੀਤ ਸਿੰਘ ਥੂਹੀ ਚੇਤਨਾ ਮਾਰਚ ਦੇ ਕਾਫਲੇ ਵੱਲੋਂ ਪਿੰਡ ਅੱਚਲ, ਸਕੋਹਾ, ਚੱਠੇ, ਤੁੰਗਾਂ, ਹਸਨਪੁਰ ਪਿੰਡਾਂ ਵਿੱਚ ਕੀਤੀਆਂ ਜਨਤਕ ਰੈਲੀਆਂ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਇਮਾਨਦਾਰ ਕਹਾਉਣ ਵਾਲੀ ਪੰਜਾਬ ਸਰਕਾਰ ਪੰਜਾਬ ਦੀਆਂ ਸ਼ਾਮਲਾਟ ਜ਼ਮੀਨਾਂ, ਖੇਤੀਬਾੜੀ ਯੂਨੀਵਰਸਿਟੀ, ਮੰਡੀ ਬੋਰਡ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਤੇ ਬਾਗਬਾਨੀ ਆਦਿ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ ਦਾ ਫੈਸਲਾ ਕਰ ਚੁੱਕੀ ਹੈ।ਪੰਚਾਇਤੀ ਜ਼ਮੀਨਾਂ ਦੀ ਨਿਸ਼ਾਨਦੇਹੀ ਦੇ ਹੁਕਮ ਵੀ ਦੇ ਦਿੱਤੇ ਗਏ ਹਨ।ਪੰਚਾਇਤਾਂ ਦੀ ਆਮਦਨ ਦਾ ਇੱਕ ਤਿਹਾਈ ਹਿੱਸਾ ਪਹਿਲਾਂ ਹੀ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਨਾਮ ਉੱਤੇ ਜਬਰੀ ਵਸੂਲਿਆ ਜਾ ਰਿਹਾ ਹੈ।ਪਾਣੀ ਨੂੰ ਪ੍ਰਦੂਸ਼ਤ ਕਰਨ ਵਾਲਿਆਂ ਖਿਲਾਫ ਹੁਣ ਸਜ਼ਾ ਦੀ ਧਾਰਾ ਖਤਮ ਕਰਕੇ ਜੁਰਮਾਨੇ ਤੱਕ ਸੀਮਤ ਕਰ ਦਿੱਤਾ ਹੈ।ਪਿੰਡਾਂ ਦੀ ਪਾਰਲੀਮੈਂਟ ਗ੍ਰਾਮ ਸਭਾ ਨੂੰ ਕਾਗਜ਼ਾਂ ਤੱਕ ਹੀ ਸੀਮਤ ਕੀਤਾ ਹੋਇਆ।ਉਨ੍ਹਾਂ ਕਿਹਾ ਕਿ ਸਾਰੇ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਤੁਰੰਤ ਇਹ ਮਤੇ ਪਾਉਣ ਕਿ ਪਿੰਡਾਂ ਦੀ ਸ਼ਾਮਲਾਟ ਜ਼ਮੀਨ ਕਿਸੇ ਵੀ ਹਾਲਤ ਵਿੱਚ ਵੇਚਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਇਸ ਮੌਕੇ ਸੰਬੋਧਨ ਕਰਦਿਆਂ ਆਈਡੀਪੀ ਦੇ ਆਗੂ ਚਮਕੌਰ ਸਿੰਘ ਅਗੇਤੀ, ਕੁਲਵਿੰਦਰ ਕੌਰ ਰਾਮਗੜ੍ਹ, ਰਾਜ ਕੌਰ ਥੂਹੀ ਨੇ ਕਿਹਾ ਕਿ ਪਾਣੀ ਪ੍ਰਦੂਸ਼ਤ ਕਰਨ ਵਾਲਿਆਂ ਨੂੰ ਖੁੱਲ੍ਹੀ ਛੁੱਟੀ ਦੇਣ ਦੇ ਕਾਨੂੰਨ ਦਾ ਫ਼ੈਸਲਾ ਗਲਤ ਹੈ, ਇਸ ਨੂੰ ਵਾਪਸ ਲਿਆ ਜਾਵੇ।ਪੰਚਾਇਤਾਂ ਦੀ ਆਮਦਨ ਦਾ ਲਗਭਗ ਇੱਕ ਤਿਹਾਈ ਹਿੱਸਾ ਵਸੂਲਣਾ ਤੁਰੰਤ ਵਾਪਸ ਲਿਆ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਿੰਦਰ ਕੌਰ, ਵਿੱਕੀ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ ਰਾਮਗੜ੍ਹ ਨੇ ਸ਼ਮੂਲੀਅਤ ਕੀਤੀ।

## ਅਮਨਦੀਪ ਹਸਪਤਾਲ ਵੱਲੋਂ ਮੁਫ਼ਤ ਹੈੱਲਥ ਚੈੱਕਅਪ ਕੈਂਪ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਅਮਨਦੀਪ ਹਸਪਤਾਲ ਵੱਲੋਂ ਖਾਲਸਾ ਗੁਰਦੁਆਰਾ ਫਿਰੋਜ਼ਪੁਰ ਕੈਂਟ ਦੇ ਸਹਿਯੋਗ ਨਾਲ ਇੱਕ ਮੁਫ਼ਤ ਸਿਹਤ ਜਾਂਚ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ 100 ਤੋਂ ਵੱਧ ਮਰੀਜ਼ਾਂ ਨੇ ਪਹੁੰਚ ਇਸ ਦਾ ਲਾਭ ਲਿਆ। ਜਾਣਕਾਰੀ ਦਿੰਦਿਆਂ ਅਮਨਦੀਪ ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਹਸਪਤਾਲ ਦਾ ਮਕਸਦ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਤੇ ਸਮੇਂ-ਸਮੇਂ ਇਸ ਤਰ੍ਹਾਂ ਦੇ ਮੁਫ਼ਤ ਕੈਂਪਾਂ ਰਾਹੀਂ ਸਮਾਜ ਦੀ ਸੇਵਾ ਕਰਨੀ ਹੈ। ਮਾਹਰ ਡਾਕਟਰਾਂ ਨੇ ਮਰੀਜ਼ਾਂ ਨੂੰ ਜੀਵਨ ਸ਼ੈਲੀ ਵਿੱਚ ਸੁਧਾਰ ਤੇ ਬਿਮਾਰੀਆਂ ਤੋਂ ਬਚਾਅ ਲਈ ਜ਼ਰੂਰੀ ਸੁਝਾਅ ਵੀ ਦਿੱਤੇ। ਇਸ ਮੌਕੇ ਖਾਲਸਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਤਿੰਦਰ ਸਿੰਘ ਨੇ ਅਮਨਦੀਪ ਹਸਪਤਾਲ ਦੀ ਇਸ ਸਮਾਜਿਕ ਪਹਿਲ ਦੀ ਸਰਾਹਨਾ ਕੀਤੀ ਤੇ ਕਿਹਾ ਕਿ ਇਸ ਤਰ੍ਹਾਂ ਦੇ ਸਿਹਤ ਕੈਂਪ ਲੋਕਾਂ ਲਈ ਬਹੁਤ ਲਾਭਦਾਇਕ ਸਾਬਿਤ ਹੋ ਰਹੇ ਹਨ। ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਵਿੱਖ 'ਚ ਵੀ ਇਸ ਤਰ੍ਹਾਂ ਦੇ ਕੈਂਪ ਜਾਰੀ ਰੱਖਣ ਦੀ ਗੱਲ ਕਹੀ। ਡਾ. ਅਭਿਸ਼ੇਕ ਅਰੋੜਾ ਨੇ ਕਮੇਟੀ ਦੇ ਸਾਰੇ ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਅਮਨਦੀਪ ਹਸਪਤਾਲ ਦੀ ਡਾਇਰੈਕਟਰ ਅਮਨਦੀਪ ਕੌਰ ਨੇ ਦੱਸਿਆ ਕਿ ਅਮਨਦੀਪ ਹਸਪਤਾਲ ਨੇ 5 ਬੈੱਡ ਨਾਲ ਸ਼ੁਰੂਆਤ ਕੀਤੀ ਸੀ ਤੇ ਹੁਣ ਇਹ 750 ਬੈੱਡ ਤੱਕ ਵਿਸਤਾਰ ਕਰ ਚੁੱਕਾ ਹੈ। ਹਸਪਤਾਲ ਵਿੱਚ ਇਸ ਵੇਲੇ 170 ਤੋਂ ਵੱਧ ਅਨੁਭਵੀ ਸਰਜਨ ਤੇ ਡਾਕਟਰ ਹਨ, ਜਿਨ੍ਹਾਂ ਨੇ ਹੁਣ ਤੱਕ 5 ਲੱਖ ਤੋਂ ਵੱਧ ਜ਼ਿੰਦਗੀਆਂ ਨੂੰ ਬਿਹਤਰ ਕੀਤਾ ਹੈ। ਹਸਪਤਾਲ ਦਾ ਟੀਚਾ 2031 ਤੱਕ 3500 ਬੈੱਡ ਦੀ ਸੁਵਿਧਾ ਪ੍ਰਦਾਨ ਕਰਨ ਦਾ ਹੈ।

## ਅਕੇਡੀਆ ਵਰਲਡ ਸਕੂਲ ਵਿਖੇ 7ਵੀਂ ਸਾਲਾਨਾ ਅਥਲੈਟਿਕ ਮੀਟ ਕਰਾਈ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਅਕੇਡੀਆ ਵਰਲਡ ਸਕੂਲ, ਨੇੜੇ ਸੀਤਾਸਰ ਮੰਦਰ ਵਿਖੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਦੀ ਅਗਵਾਈ ਹੇਠ ਸੱਤਵੀਂ ਸਾਲਾਨਾ ਅਥਲੈਟਿਕ ਮੀਟ ਕਰਾਈ ਗਈ, ਜਿਸ ਵਿੱਚ ਹਰਵਿੰਦਰ ਸਿੰਘ ਖਹਿਰਾ ਡੀ.ਐੱਸ.ਪੀ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਮੂਲੀਅਤ ਕੀਤੀ।ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਤੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨਾਲ ਵਿਦਿਆਰਥੀ ਕੌਂਸਲ ਨੇ ਮਿਲ ਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।ਮੁੱਖ ਮਹਿਮਾਨ ਵੱਲੋਂ ਝੰਡਾ ਝੁਲਾ ਕੇ ਅਥਲੈਟਿਕ ਮੀਟ ਦਾ ਆਰੰਭ ਕੀਤਾ ਗਿਆ ਤੇ ਮਾਰਚ ਪਾਸਟ ਤੋਂ ਸਲਾਮੀ ਲਈ।ਇਹ ਈਵੈਂਟ ਖੇਡਾਂ ਦੀ ਸੱਚੀ ਆਤਮਕਥਾ, ਟੀਮ ਵਰਕ ਤੇ ਵਿਦਿਆਰਥੀਆਂ ਦੀ ਸ਼ਾਨਦਾਰ ਐਥਲੈਟਿਕ ਪ੍ਰਤਿਭਾ ਦਾ ਜਸ਼ਨ ਸੀ, ਜਿਸ ਦੀ ਸ਼ੁਰੂਆਤ ਚਾਰ ਹਾਊਸਾਂ ਰੇਡਰਜ਼, ਟਰੂਪਰਜ਼, ਵਾਰੀਅਰਜ਼ ਤੇ ਗਲੇਡੀਏਟਰ ਦੇ ਵਿਦਿਆਰਥੀਆਂ ਦੁਆਰਾ ਮਾਰਚ ਪਾਸਟ ਨਾਲ ਹੋਈ।ਵਿਦਿਆਰਥੀਆਂ ਨੇ ਆਪਣੀ ਇਕਜੁੱਟਤਾ ਤੇ ਅਨੁਸ਼ਾਸਨ ਨੂੰ ਦਰਸਾਇਆ।ਹਰਵਿੰਦਰ ਸਿੰਘ ਖਹਿਰਾ (ਡੀ.ਐੱਸ.ਪੀ) ਨੇ ਆਪਣੇ ਵਡਮੁੱਲੇ ਵਿਚਾਰਾਂ ਨਾਲ ਵਿਦਿਆਰਥੀਆਂ ਦੇ ਕਦਰਯੋਗ ਯਤਨਾਂ ਦੀ ਪ੍ਰਸ਼ੰਸਾ ਕੀਤੀ ਤੇ ਉਨ੍ਹਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਸ੍ਰੇਸ਼ਠਤਾ ਪ੍ਰਾਪਤ ਕਰਨ ਲਈ ਉਤਸ਼ਾਹਤ ਕੀਤਾ।ਵਿਦਿਆਰਥੀ ਕੌਂਸਲ ਦੁਆਰਾ ਸਹੁੰ ਚੁੱਕ ਸਮਾਗਮ ਕਰਾਇਆ ਗਿਆ।ਸਕੂਲ ਦੇ ਚੇਅਰਮੈਨ ਤੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨੇ ਸਮਾਗਮ 'ਚ ਆਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਸਪੋਰਟਸ ਕੋਚ ਅਮਰਜੀਤ ਸਿੰਘ ਤੇ ਰੈਂਪੀ ਅਨੁਸਾਰ ਵੱਖ-ਵੱਖ 70 ਈਵੈਂਟਸ ਵਿੱਚ ਬੱਚਿਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਕਿੰਡਰ ਗਾਰਡਨ ਦੇ ਵਿਦਿਆਰਥੀਆਂ ਲਈ ਫਨ ਗੇਮਜ਼, 100, 200, 400 ਮੀਟਰ ਦੌੜਾਂ, ਰਿਲੇਅ ਰੇਸਾਂ, ਸ਼ਾਰਟ ਪੁੱਟ, ਲੌਂਗ ਜੰਪ, ਜੈਵਲਿਨ ਥਰੋਅ, ਡਿਸਕਸ ਥਰੋ, ਰੱਸਾ ਕੱਸੀ ਆਦਿ ਈਵੈਂਟ ਸ਼ਾਮਲ ਸਨ।ਇਸ ਤੋਂ ਇਲਾਵਾ ਮਿਸ ਰੈਂਪੀ ਦੀ ਅਗਵਾਈ ਹੇਠ ਯੋਗਾ ਕਰਾਇਆ ਗਿਆ, ਜਿਸ 'ਚੋਂ ਬੈਸਟ ਯੋਗਾ ਦੀ ਟਰਾਫ਼ੀ ਅਰਸ਼ਦੀਪ ਸਿੰਘ (ਅੱਠਵੀਂ) ਨੂੰ ਮਿਲੀ ਅਤੇ ਐਰੋਬਿਕਸ 'ਚੋਂ ਟਰੂਪਰਜ਼ ਹਾਊਸ ਜੇਤੂ ਰਿਹਾ, ਜਿਸ ਦੀ ਤਿਆਰੀ ਡਾਂਸ ਟੀਚਰ ਅਮਨ ਦੁਆਰਾ ਕਰਾਈ ਗਈ।ਇਨ੍ਹਾਂ ਮੁਕਾਬਲਿਆਂ ਵਿੱਚ ਬੈਸਟ ਐਥਲੀਟ ਮੁੰਡਿਆਂ ਵਿੱਚੋਂ ਭੀਮ ਸਿੰਘ (ਦਸਵੀਂ) ਤੇ ਲੜਕੀਆਂ 'ਚੋਂ ਨੌਵੀਂ ਕਲਾਸ ਦੀ ਹਰਨੂਰ ਕੌਰ ਨੇ ਬਾਜ਼ੀ ਮਾਰੀ। ਆਲ ਰਾਊਂਡ ਟਰੌਫੀ ਰੇਡਰਜ਼ ਹਾਊਸ ਨੇ ਜਿੱਤੀ।ਇਸ ਮੌਕੇ ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਤੇ ਪ੍ਰਿੰਸੀਪਲ ਰਣਜੀਤ ਕੌਰ ਨੇ ਕਿਹਾ ਕਿ ਪਿਛਲੇ ਇੱਕ ਮਹੀਨੇ ਤੋਂ ਵਿਦਿਆਰਥੀ ਅਥਲੈਟਿਕ ਮੀਟ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ।

## ਛੋਟੇ ਸਿੱਧੂ ਮੂਸੇਵਾਲਾ ਦੀ ਵਾਇਰਲ ਫੋਟੋ ਤੋਂ ਪਰਵਾਰ ਦੁਖੀ



**ਮਾਨਸਾ (ਰੀਤਵਾਲ)**-ਸੋਸ਼ਲ ਮੀਡੀਆ 'ਤੇ ਛੋਟੇ ਸਿੱਧੂ ਮੂਸੇਵਾਲਾ ਦੀ ਫੋਟੋ ਨਾਲ ਪਿਸਤੌਲ ਲੱਗੀ ਵਾਇਰਲ ਹੋਈ ਫੋਟੋ ਤੋਂ ਸਿੱਧੂ ਦਾ ਪਰਵਾਰ ਬਹੁਤ ਦੁਖੀ ਹੈ।ਮਾਂ ਚਰਨ ਕੌਰ ਨੇ ਕਿਹਾ, 'ਤੁਸੀਂ ਛੋਟੇ ਸਿੱਧੂ ਨੂੰ ਉਸੇ ਤਰ੍ਹਾਂ ਪਿਆਰ ਕਰ ਰਹੇ ਹੋ, ਜਿਵੇਂ ਤੁਸੀਂ ਵੱਡੇ ਸਿੱਧੂ ਨੂੰ ਪਿਆਰ ਕਰਦੇ ਹੋ, ਪਰ ਕੁਝ ਲੋਕ ਉਸ ਨੂੰ ਨਫ਼ਰਤ ਵੀ ਕਰਦੇ ਹਨ।' ਮਾਤਾ ਚਰਨ ਕੌਰ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਉਹ ਤੁਹਾਡੇ ਸਾਰਿਆਂ ਨਾਲ ਕੁਝ ਸਾਂਝਾ ਕਰਨਾ ਚਾਹੁੰਦੀ ਹੈ।ਉਹ ਜਾਣਦੀ ਹੈ ਕਿ ਤੁਸੀਂ ਛੋਟੇ ਸ਼ੁਭ ਨੂੰ ਉਹੀ ਪਿਆਰ ਤੇ ਸਤਿਕਾਰ ਦੇ ਰਹੇ ਹੋ, ਜੋ ਤੁਸੀਂ ਆਪਣੇ ਵੱਡੇ ਸ਼ੁਭ ਨੂੰ ਦਿੱਤਾ ਸੀ।ਹਾਲਾਂਕਿ, ਜੇਕਰ ਅਸੀਂ ਇੱਕ ਪਲ ਲਈ ਛੋਟੇ ਸ਼ੁਭ ਦੇ ਪਰਿਵਾਰਕ ਪਿਛੋਕੜ ਨੂੰ ਭੁੱਲ ਜਾਂਦੇ ਹਾਂ ਅਤੇ ਉਸ ਨੂੰ ਇੱਕ ਆਮ ਪਰਵਾਰ ਦੇ ਬੱਚੇ ਵਜੋਂ ਦੇਖਦੇ ਹਾਂ, ਤਾਂ ਉਸ ਦੀ ਮਾਸੂਮੀਅਤ ਕਿਸੇ ਵੀ ਹੋਰ ਬੱਚੇ ਵਰਗੀ ਹੈ।ਉਹ ਜਾਣਦੀ ਹੈ ਕਿ ਤੁਹਾਨੂੰ, ਸਾਡੇ ਵਾਂਗ, ਛੋਟੇ ਸ਼ੁਭ ਤੋਂ ਬਹੁਤ ਉਮੀਦਾਂ ਹਨ, ਪਰ ਉਹ ਅਜੇ ਵੀ ਸਾਡੀਆਂ ਉਮੀਦਾਂ ਦੀਆਂ ਮੰਗਾਂ ਨੂੰ ਸਮਝਣ ਲਈ ਕਾਫ਼ੀ ਛੋਟਾ ਹੈ।ਕਿਰਪਾ ਕਰਕੇ, ਜੇਕਰ ਤੁਸੀਂ ਉਸ ਦੇ ਛੋਟੀ ਸ਼ੁਭ ਨੂੰ ਮਿਲ ਰਹੇ ਹੋ ਅਤੇ ਉਸ ਦੀ ਤਸਵੀਰ ਖਿੱਚਵਾ ਰਹੇ ਹੋ, ਤਾਂ ਉਸ ਨੂੰ ਇੱਕ ਬੱਚੇ ਵਾਂਗ ਸਮਝੋ ਅਤੇ ਉਸ ਨੂੰ ਆਪਣੀ ਉਮਰ ਦਾ ਨਾ ਸਮਝੋ ਅਤੇ ਉਸ ਦੇ ਨਾਲ ਹੁੰਦੇ ਹੋਏ ਵੀ, ਕੋਈ ਵੀ ਗਾਲੀ-ਗਲੋਚ ਜਾਂ ਹਰਕਤ ਨਾ ਕਰੋ, ਕਿਉਂਕਿ ਅੱਜ ਵੀ ਕੁਝ ਲੋਕ ਉਸ ਦੇ ਬੱਚੇ ਨੂੰ ਨਫ਼ਰਤ ਕਰਦੇ ਹਨ ਅਤੇ ਤੁਹਾਡੇ ਦੁਆਰਾ ਦਿਖਾਏ ਗਏ ਪਿਆਰ ਤੇ ਪਰਾਹੁਣਚਾਰੀ ਨੂੰ ਇਸ ਦੇ ਉਦੇਸ਼ ਨੂੰ ਵਿਗਾੜ ਕੇ ਪੇਸ਼ ਕਰ ਸਕਦੇ ਹਨ, ਪਰ ਉਹ ਆਪਣੇ ਬੱਚੇ ਨੂੰ ਇੱਕ ਆਮ ਬੱਚੇ ਵਾਂਗ ਪਾਲਣਾ ਚਾਹੁੰਦੇ ਹਨ ਅਤੇ ਉਮੀਦ ਕਰਦੇ ਹਨ ਕਿ ਤੁਸੀਂ ਸਾਡੀਆਂ ਭਾਵਨਾਵਾਂ ਨੂੰ ਸਮਝੋਗੇ।

## ਗੁਰਦੁਆਰਾ ਬੇਰ ਸਾਹਿਬ ਲਲੌਛੀ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ

■ ਸ਼ਹਾਦਤ ਸ਼ਤਾਬਦੀ ਨੂੰ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਮਨਾਇਆ ਜਾ ਰਿਹੈ : ਜੌੜਾਮਾਜਰਾ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪਿੰਡ ਲਲੌਛੀ ਤੇ ਨਵੀਂ ਲਲੌਛੀ ਵਿਖੇ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੁਰਿਆਈ ਦਿਵਸ ਦੇ 350 ਸਾਲਾ ਸਮੇਤ ਮਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਮਹਾਨ ਵਿਦਵਾਨ, ਕਥਾਵਾਚਕਾਂ ਤੇ ਕਾਰ ਸੇਵਾ ਵਾਲੇ ਮਹਾਂਪੁਰਖਾਂ ਨੇ ਪਹੁੰਚ ਕੇ ਸੰਗਤ ਨੂੰ ਗੁਰੂ ਸਾਹਿਬ ਦੇ ਇਤਿਹਾਸ ਨਾਲ ਜੋੜਿਆ।

ਸਮਾਗਮ ਦੌਰਾਨ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਪਟਿਆਲਾ ਦੇ ਐੱਸ.ਡੀ.ਐੱਮ. ਹਰਜੋਤ ਕੌਰ ਮਾਵੀ ਤੇ ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ ਵੀ ਸ਼ਰਧਾਲੂਆਂ ਦੀ ਤਰ੍ਹਾਂ ਸ਼ਿਰਕਤ ਕਰਦੇ ਹੋਏ ਗੁਰੂ ਸਾਹਿਬ ਨੂੰ ਨਤਮਸਤਕ ਹੋਏ।ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਧਨੌਲਾ, ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਦੁਆਰਾ ਸ੍ਰੀ ਦੂੱਖ ਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ ਸਮੇਤ ਭਾਈ ਗੁਰਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਗੁਰਬਾਣੀ ਤੇ ਗੁਰੂ ਇਤਿਹਾਸ ਤੋਂ ਜਾਣੂ ਕਰਵਾਇਆ।ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਇੱਕ ਨਿਮਾਣੇ ਸ਼ਰਧਾਲੂ ਵਜੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਤ ਸਮਾਗਮ ਕਰਵਾਏ ਜਾ ਰਹੇ ਹਨ।ਇਸ ਮੌਕੇ ਪਿੰਡ ਪੰਚਾਇਤ ਤੇ ਇਲਾਕਾ ਨਿਵਾਸੀ ਸੰਗਤ ਨੇ ਪੂਰੇ ਉਤਸ਼ਾਹ ਨਾਲ ਗੁਰਪੁਰਬ ਮਨਾਉਣ ਲਈ ਗੁਰੂ ਘਰ ਵਿਖੇ ਹਾਜ਼ਰੀ ਭਰੀ।

## ਆਕਸਫੋਰਡ ਸਕੂਲ ਦਾ ਪ੍ਰਾਇਮਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਦੋਰਾਹਾ (ਹਰਮਿੰਦਰ ਸੇਠ)**-ਆਕਸਫੋਰਡ ਸੀਨੀਅਰ ਸਕੂਲ ਦੇ ਲੱਗਭਗ 50 ਦੇ ਕਰੀਬ ਹੋਣਹਾਰ ਵਿਦਿਆਰਥੀਆਂ ਨੇ ਸੈਂਟਰ ਤੇ ਬਲਾਕ ਪ੍ਰਾਇਮਰੀ ਖੇਡਾਂ ਵਿੱਚ ਹਿੱਸਾ ਲਿਆ ਅਤੇ ਸਾਲ 2022 ਤੋਂ ਪ੍ਰਾਇਮਰੀ ਖੇਡਾਂ ਵਿੱਚ ਅਪਣੀ ਮੁਹਿੰਮ ਸ਼ੁਰੂ ਕਰਨ ਤੋਂ ਬਾਅਦ ਲਗਾਤਾਰ ਚੌਥੇ ਸਾਲ ਵੀ ਅਪਣੀ ਬਾਦਸ਼ਾਹਤ ਬਰਕਰਾਰ ਰੱਖੀ।ਸੈਂਟਰ ਤੇ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਦੇ ਹੋਣਹਾਰ ਖਿਡਾਰੀਆਂ ਨੇ ਅਪਣੀ, ਅਪਣੇ ਮਾਪਿਆਂ ਤੇ ਅਪਣੇ ਕੋਚ ਸਾਹਿਬਾਨਾਂ ਦੀ ਮਿਹਨਤ ਸਦਕਾ ਫੁੱਟਬਾਲ ਵਿੱਚ 3 ਗੋਲਡ, ਬੈਡਮਿੰਟਨ ਵਿੱਚ 1 ਗੋਲਡ ਤੇ 1 ਸਿਲਵਰ, ਰੱਸਾਕਸ਼ੀ ਵਿੱਚ 1 ਗੋਲਡ, 1 ਸਿਲਵਰ, ਐਥਲੈਟਿਕਸ ਵਿੱਚ 5 ਗੋਲਡ, 5 ਸਿਲਵਰ ਤੇ 4 ਬ੍ਰੌਂਜ, ਕਰਾਟੇ ਵਿੱਚ 6 ਸਿਲਵਰ ਤੇ 3 ਬ੍ਰੌਂਜ ਮੈਡਲ ਜਿੱਤੇ। ਇਸ ਦੇ ਨਾਲ ਐਥਲੈਟਿਕਸ ਵਿੱਚ ਵੀ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿੱਚ ਕੁੜੀਆਂ ਦੀ ਰੀਲੇਅ ਟੀਮ ਨੇ ਸ਼ਾਨਦਾਰ ਗੋਲਡ ਮੈਡਲ ਜਿੱਤਿਆ, ਗੁਰਨਵ ਸਿੰਘ ਸੇਖੋਂ ਨੇ 600 ਮੀਟਰ ਗੋਲਡ, ਪ੍ਰਭਰੂਪ ਸਿੰਘ ਨੇ 100 ਮੀਟਰ ਸਪ੍ਰਿੰਟ ਵਿੱਚ ਗੋਲਡ, ਹਰਸ਼ਵੀਰ ਸਿੰਘ ਨੇ ਮੀਟਰ ਰੇਸ ਵਿੱਚ ਗੋਲਡ ਤੇ 400 ਮੀਟਰ ਵਿੱਚ ਸਿਲਵਰ, ਗੁਰਫਤਿਹ ਸਿੰਘ ਨੇ ਸ਼ਾਟਪੁੱਟ ਵਿੱਚ ਸ਼ਾਨਦਾਰ ਸਿਲਵਰ, ਨਵਰਾਜ ਸਿੰਘ ਦਿਓਲ ਨੇ ਸ਼ਾਟਪੁੱਟ ਵਿੱਚ ਹੀ ਬ੍ਰੌਂਜ, ਪ੍ਰਭਵੀਰ ਸਿੰਘ ਨੇ 200 ਮੀਟਰ ਵਿੱਚ ਸਿਲਵਰ, ਸਹਿਜਮਾਨ ਕੌਰ ਨੇ ਸ਼ਾਟਪੁੱਟ ਵਿੱਚ ਸਿਲਵਰ ਜਿੱਤੇ, ਲੜਕੀਆਂ ਦੀ ਜੇਤੂ ਰਿਲੇਅ ਟੀਮ ਵਿੱਚ ਸਹਿਜਦੀਪ ਕੌਰ, ਇਮਰਤ ਕੌਰ, ਦੀਪਿਕਾ ਤੇ ਹਰਗੁਣ ਕੌਰ ਸ਼ਾਮਲ ਹਨ। ਲੜਕਿਆਂ ਦੀ ਜੇਤੂ ਰਿਲੇਅ ਟੀਮ ਵਿੱਚ ਹਰਸ਼ਵੀਰ ਸਿੰਘ, ਪ੍ਰਭਰੂਪ ਸਿੰਘ, ਗੁਰਨਵ ਸਿੰਘ ਤੇ ਸਹਿਜਵੀਰ ਸਿੰਘ ਸ਼ਾਮਲ ਹਨ।ਜੇਤੂ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਕਰਾਟੇ ਖਿਡਾਰੀਆਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਵਿੱਚ 6 ਸਿਲਵਰ ਤੇ 3 ਬ੍ਰੌਂਜ ਦੇ ਤਮਗੇ ਜਿੱਤੇ, ਜੇਤੂ ਖਿਡਾਰੀਆਂ ਵਿੱਚ ਦਿਲਸ਼ਾਨਵੀਰ ਕੌਰ, ਦਲੇਰ ਸਿੰਘ, ਸਾਹਿਬਪ੍ਰੀਤ ਸਿੰਘ, ਸੁਖਪ੍ਰੀਤ ਸਿੰਘ, ਜੈਸਮੀਨ ਕੌਰ, ਪਰਵਾਨ ਕੌਰ ਧਾਲੀਵਾਲ, ਮੁਹੰਮਦ ਮਸਤਕੀਨ, ਗੁਰਵੀਨ ਕੌਰ ਸ਼ਾਮਲ ਹਨ।ਜ਼ਿਕਰਯੋਗ ਹੈ ਕਿ ਇਹ ਸਾਰੀਆਂ ਟੀਮਾਂ ਦੇ ਕਈ ਖਿਡਾਰੀ ਹੁਣ ਆਉਣ ਵਾਲੇ ਜ਼ਿਲ੍ਹਾ ਤੇ ਰਾਜ ਪੱਧਰੀ ਖੇਡਾਂ ਵਿੱਚ ਮਾਣ ਨਾਲ ਆਕਸਫੋਰਡ ਸੀਨੀਅਰ ਸਕੂਲ ਦੀ ਨੁਮਾਇੰਦਗੀ ਕਰਨਗੇ।

## ਸਰਪੰਚ ਰਾਜਾ ਮੱਲਕੇ ਲੋਕਾਂ ਦੇ ਦਿਲਾਂ ਦੇ ਨੇਤਾ ਬਣ ਰਹੇ ਹਨ : ਮੋਹਤਬਰ ਆਗੂ

■ ਮੇਰਾ ਮੁੱਖ ਟੀਚਾ ਸਿਰਫ਼ ਪਿੰਡ ਦੇ ਪੂਰਨ ਵਿਕਾਸ ਤੇ ਲੋਕਾਂ ਦੀ ਭਲਾਈ : ਰਾਜਾ ਮੱਲਕੇ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸਮਾਜ ਸੇਵਾ ਦੀ ਭਾਵਨਾ ਨਾਲ ਭਰੇ ਹੋਏ ਸਰਪੰਚ ਰਾਜਾ ਮੱਲਕੇ ਅੱਜ ਮੋਗਾ ਜ਼ਿਲ੍ਹੇ ਵਿੱਚ ਇੱਕ ਪ੍ਰੇਰਕ ਨਾਮ ਵਜੋਂ ਉੱਭਰ ਰਹੇ ਹਨ।ਪਿੰਡ ਦੇ ਵਿਕਾਸ ਕਾਰਜਾਂ ਤੋਂ ਲੈ ਕੇ ਲੋਕਾਂ ਦੀਆਂ ਦਿਨਚਰੀਆ ਦੀਆਂ ਸਮੱਸਿਆਵਾਂ ਦੇ ਹੱਲ ਤੱਕ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਨੇ ਉਨ੍ਹਾਂ ਨੂੰ ਨਾ ਸਿਰਫ਼ ਪਿੰਡ ਮੱਲਕੇ ਵਿੱਚ, ਸਗੋਂ ਪੂਰੇ ਖੇਤਰ ਵਿੱਚ ਲੋਕਾਂ ਦੇ ਦਿਲਾਂ ਵਿੱਚ ਖਾਸ ਥਾਂ ਦਿਵਾਈ ਹੈ।ਰਾਜਾ ਮੱਲ ਕੇ ਨੇ ਆਪਣੇ ਸਰਪੰਚੀ ਕਾਰਜਕਾਲ ਦੌਰਾਨ ਅਥਾਹ ਵਿਕਾਸ ਕਾਰਜਾਂ ਨੂੰ ਅੰਜ਼ਾਮ ਤੱਕ ਪਹੁੰਚਾਇਆ ਹੈ।

ਪਿੰਡ ਦੀਆਂ ਗਲੀਆਂ ਦਾ ਸੀਮੈਂਟ ਕੰਕਰੀਟ ਨਾਲ ਨਿਰਮਾਣ, ਪਾਣੀ ਸਪਲਾਈ ਲਾਈਨਾਂ ਦੀ ਤਬਦੀਲੀ, ਨਵੀਂ ਸਟਰੀਟ ਲਾਈਟਾਂ ਦੀ ਸਥਾਪਨਾ, ਸਕੂਲਾਂ ਦੇ ਨਵੀਨੀਕਰਨ ਤੇ ਸਫ਼ਾਈ ਪ੍ਰਣਾਲੀ ਦੀ ਬਿਹਤਰੀ ਇਹ ਸਭ ਉਨ੍ਹਾਂ ਦੀ ਸੇਵਾ ਤੇ ਸਮਰਪਣ ਦਾ ਸਪੱਸ਼ਟ ਪ੍ਰਤੀਕ ਹਨ।ਸਰਪੰਚ ਰਾਜਾ ਮੱਲ ਕੇ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਰਾਜਨੀਤੀ ਪਾਰਟੀ ਤੋਂ ਉੱਪਰ ਉੱਠ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ।ਪਿੰਡ ਦੇ ਹਰ ਘਰ ਵਿੱਚ ਉਨ੍ਹਾਂ ਦਾ ਦਰਵਾਜ਼ਾ ਖੁੱਲ੍ਹਾ ਰਹਿੰਦਾ ਹੈ।ਉਹ ਆਪਣੇ ਨਿਵਾਸ 'ਤੇ ਰੋਜ਼ਾਨਾ ਲੋਕਾਂ ਨਾਲ ਮਿਲਦੇ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦੇ ਹਨ ਤੇ ਪ੍ਰਸ਼ਾਸਨ ਤੱਕ ਪਹੁੰਚਾ ਕੇ ਤੁਰੰਤ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ।ਪਿੰਡ ਮੱਲ ਕੇ ਦੇ ਮੋਹਤਬਰ ਆਗੂਆਂ ਅੰਗਰੇਜ਼ ਸਿੰਘ, ਜਗਮੀਤ ਸਿੰਘ, ਭੁਪਿੰਦਰ ਸਿੰਘ, ਦਵਿੰਦਰ ਸਿੰਘ, ਪ੍ਰਮਿੰਦਰ ਸਿੰਘ (ਸੁਸਾਇਟੀ ਪ੍ਰਧਾਨ) ਤੇ ਜਸਵੀਰ ਸਿੰਘ ਸੀਰਾ ਨੇ ਸਰਪੰਚ ਰਾਜਾ ਮੱਲ ਕੇ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਦੀ ਭਰਪੂਰ ਸਲਾਹਣਾ ਕੀਤੀ ਹੈ।ਉਨ੍ਹਾਂ ਕਿਹਾ ਕਿ ਜਿਹੜੇ ਕੰਮ ਸਾਲਾਂ ਤੋਂ ਅਟਕੇ ਹੋਏ ਸਨ, ਉਹ ਰਾਜਾ ਮੱਲ ਕੇ ਨੇ ਆਪਣੀ ਜ਼ਿੰਮੇਵਾਰੀ 'ਤੇ ਕਰਵਾਏ ਹਨ।ਉਹ ਪਾਰਟੀ ਨਹੀਂ, ਸਗੋਂ ਪਿੰਡ ਦੀ ਭਲਾਈ ਨੂੰ ਪਹਿਲ ਦਿੰਦੇ ਹਨ। ਇਸ ਮੌਕੇ ਸਰਪੰਚ ਰਾਜਾ ਮੱਲਕੇ ਨੇ ਕਿਹਾ ਕਿ ਉਨ੍ਹਾਂ ਦਾ ਟੀਚਾ ਸਿਰਫ਼ ਪਿੰਡ ਦੇ ਪੂਰਨ ਵਿਕਾਸ ਤੇ ਲੋਕਾਂ ਦੀ ਭਲਾਈ ਨਾਲ ਜੁੜਿਆ ਹੈ।ਮੇਰੀ ਰਾਜਨੀਤੀ ਸਿਰਫ਼ ਸੇਵਾ ਦੀ ਰਾਜਨੀਤੀ ਹੈ।ਮੈਂ ਚਾਹੁੰਦਾ ਹਾਂ ਕਿ ਸਾਡਾ ਪਿੰਡ ਹਰ ਮਾਪਦੰਡ 'ਤੇ ਅੱਗੇ ਹੋਵੇ, ਚਾਹੇ ਉਹ ਸਿੱਖਿਆ ਹੋਵੇ, ਸਿਹਤ ਹੋਵੇ ਜਾਂ ਰੋਜ਼ਗਾਰ ਦੇ ਮੌਕੇ ਹੋਣ।ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਨੌਜਵਾਨਾਂ ਲਈ ਇੱਕ ਵੱਡਾ ਸਟੇਡੀਅਮ ਤਿਆਰ ਹੋ ਰਿਹਾ ਹੈ, ਉਥੇ ਹੀ ਉਨ੍ਹਾਂ ਵੱਲੋਂ ਨਵੇਂ ਪ੍ਰਾਜੈਕਟ ਵੀ ਸ਼ੁਰੂ ਕੀਤੇ ਜਾਣਗੇ।ਇਸ ਦੇ ਨਾਲ ਹੀ ਉਨ੍ਹਾਂ ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਖੇਡਾਂ ਵੱਲ ਰੁਝਾਨ ਪੈਦਾ ਕਰਨ ਦੀ ਅਪੀਲ ਕੀਤੀ।


SBI RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA

### ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ/ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਬਰਾਂਚ ਦਾ ਨਾਂਅ/ ਕਰਜ਼ਦਾਰ/ਗਰੰਟਰ/ ਜਾਇਦਾਦ ਦੇ ਮਾਲਕ ਦਾ ਨਾਂਅ | ਗਹਿਣੇ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 1. | ਸ਼ਾਖਾ ਦਫਤਰ :- ਡਾਂਡੀ ਸਵਾਮੀ ਰੋਡ, ਲੁਧਿਆਣਾ (ਕਰਜ਼ਦਾਰ) :-ਸ੍ਰੀਮਤੀ ਅੰਜੂ ਬਾਲਾ ਪਤਨੀ ਸ੍ਰੀ ਰਾਕੇਸ਼ ਕੁਮਾਰ ਅਤੇ ਸ੍ਰੀ ਰਾਕੇਸ਼ ਕੁਮਾਰ ਪੁੱਤਰ ਸ੍ਰੀ ਰਾਮ ਪ੍ਰਕਾਸ਼ ਅਤੇ ਸ੍ਰੀ ਗੌਰਵ ਕੱਦ ਪੁੱਤਰ ਸ੍ਰੀ ਰਾਕੇਸ਼ ਕੁਮਾਰ# ਸ੍ਰੀ ਰਾਕੇਸ਼ ਕੁਮਾਰ # ਮਕਾਨ ਨੰ. 1009/2, ਗਲੀ ਨੰਬਰ 5, ਦੀਪ ਨਗਰ, ਸਿਵਲ ਲਾਈਨਜ਼, ਲੁਧਿਆਣਾ-141003. | ਬੈਨਾਮਾ ਵਸੀਕਾ ਨੰ. 7848 ਮਿਤੀ 21/08/2009 ਅਨੁਸਾਰ ਸ੍ਰੀਮਤੀ ਅੰਜੂ ਪਤਨੀ ਸ੍ਰੀ ਰਾਕੇਸ਼ ਕੁਮਾਰ ਦੇ ਨਾਂਅ ਜਾਇਦਾਦ/ਮਕਾਨ/ਪਲਾਟ ਰਕਬਾ 111 ਵਰਗ ਗਜ਼, ਖਸਰਾ ਨੰ. 2047/2086 ਤੋਂ 2428, ਖਸਰਾ ਨੰ. 5311/2715/663, ਜਮ੍ਹਾਂਬੰਦੀ ਸਾਲ 2006-07, ਜੈਨਥ ਕਲੋਨੀ, ਲੁਧਿਆਣਾ ਦੇ ਸਾਰੇ ਹਿੱਸੇ। ਹੱਦਾਂ:- ਪੂਰਬ: ਗਲੀ (20'-00"), ਪੱਛਮ: ਗੁਆਂਢ (20'-00"), ਉੱਤਰ : ਗਰੇਵਾਲ (50'-00"), ਦੱਖਣ : ਹੋਰ ਮਾਲਕ (50'-00") | 04.08.2025 | 07.11.2025 | ਸੰਕੇਤਕ ਕਬਜ਼ਾ 03.08.2025 ਨੂੰ ਬਕਾਇਆ ਰਕਮ ਰੁਪਏ 15,07,241/- (ਪੰਦਰਾਂ ਲੱਖ ਸੱਤ ਹਜ਼ਾਰ ਦੋ ਸੌ ਇਕਤਾਲੀ ਰੁਪਏ ਕੇਵਲ), ਜਮ੍ਹਾਂ ਇਸ 'ਤੇ 04.8.2025 ਤੋਂ ਹੋਰ ਵਿਆਜ, ਲਾਗਤਾਂ ਖਰਚੇ ਅਤੇ ਹੋਰ ਚਾਰਜਿਜ਼ |
| 2. | ਸ਼ਾਖਾ ਦਫਤਰ :-ਸਟਾਕ ਐਕਸਚੇਂਜ, ਲੁਧਿਆਣਾ (ਕਰਜ਼ਦਾਰ) : ਸ੍ਰੀਮਤੀ ਚੰਦਾ ਰਾਣੀ ਪਤਨੀ ਸ੍ਰੀ ਰਾਮ ਸਿੰਘ ਅਤੇ ਸ੍ਰੀ ਰਾਮ ਸਿੰਘ ਪੁੱਤਰ ਸ੍ਰੀ ਜਗਨ ਨਾਥ # ਐੱਮ ਸੀ ਨੰ. ਬੀ-XXXIII ਏ/2,2-0651, ਗਲੀ ਨੰ. 6, ਨਿਊ ਗੁਰਨਾਮ ਨਗਰ, ਨੇੜੇ ਸੋਨੀ ਪ੍ਰਾਪਰਟੀ ਡੀਲਰ, ਜੱਸੀਆਂ ਰੋਡ, ਪਿੰਡ ਜੱਸੀਆਂ, ਪਿੰਡ ਜੱਸੀਆਂ, ਲੁਧਿਆਣਾ। | ਬੈਨਾਮਾ ਵਸੀਕਾ ਨੰ. 8077 ਮਿਤੀ 02/11/2015 ਅਨੁਸਾਰ ਸ੍ਰੀਮਤੀ ਚੰਦਾ ਰਾਣੀ ਪਤਨੀ ਰਾਮ ਸਿੰਘ ਦੇ ਨਾਂਅ ਜਾਇਦਾਦ/ਮਕਾਨ/ਪਲਾਟ ਨੰ. ਬੀ-XXXIII-ਏ/2-6451, ਰਕਬਾ 90 ਵਰਗ ਗਜ਼, ਖਸਰਾ ਨੰ. 4//8, 9, 10, 22, 23, 24/2, 25/2, 26, 10//2/1/2,2/2/2, 26,4//18, 19, ਖੱਤਾ ਨੰ. 657/674, 658-659/675, 660/676, ਜਮ੍ਹਾਂਬੰਦੀ ਸਾਲ 2007-08 ਪਿੰਡ ਜੱਸੀਆਂ, ਹੱਦਬਸਤ ਨੰ. 101, ਅਬਾਦੀ ਨਿਊ ਗੁਰਨਾਮ ਨਗਰ ਨਾਲ ਜਾਣੀ ਜਾਂਦੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗਲੀ 18', ਪੱਛਮ: ਗੁਆਂਢ 18', ਉੱਤਰ: ਗੁਆਂਢ 45', ਦੱਖਣ : ਗੁਆਂਢ 45' | 10.07.2025 | 07.11.2025 | ਸੰਕੇਤਕ ਕਬਜ਼ਾ 09.07.2025 ਨੂੰ ਬਕਾਇਆ ਰਕਮ ਰੁਪਏ 12,83,532/-(ਬਾਰਾਂ ਲੱਖ ਤਰਿਆਸੀ ਹਜ਼ਾਰ ਪੰਜ ਸੌ ਬੱਤੀ ਰੁਪਏ ਕੇਵਲ) ਜਮ੍ਹਾਂ ਇਸ 'ਤੇ 10.07.2025 ਤੋਂ ਹੋਰ ਵਿਆਜ, ਹੋਰ ਚਾਰਜਿਜ਼ ਖਰਚੇ ਅਤੇ ਹੋਰ ਚਾਰਜਿਜ਼ |
| 3. | ਸ਼ਾਖਾ ਦਫਤਰ:-ਨਵੀਆਂ ਕਚਹਿਰੀਆਂ, ਲੁਧਿਆਣਾ (ਕਰਜ਼ਦਾਰ):-ਸ੍ਰੀ ਸੰਤੋਸ਼ ਕੁਮਾਰ ਪੁੱਤਰ ਸ੍ਰੀ ਈਸ਼ਵਰ ਪ੍ਰਸਾਦ # ਪਲਾਟ/ਮਕਾਨ ਨੰ. 47, ਅਬਾਦੀ ਈਸਟ ਵਿੱਲੇ, ਲਲਤੋਂ ਖੁਰਦ, ਪਿੰਡ ਅਕਾਲਗੜ੍ਹ, ਲੁਧਿਆਣਾ। | ਬੈਨਾਮਾ ਵਸੀਕਾ ਨੰ. 2534 ਮਿਤੀ 26/06/2015 ਅਨੁਸਾਰ ਸ੍ਰੀ ਸੰਤੋਸ਼ ਕੁਮਾਰ ਪੁੱਤਰ ਸ੍ਰੀ ਈਸ਼ਵਰ ਪ੍ਰਸਾਦ ਦੇ ਨਾਂਅ ਜਾਇਦਾਦ/ਮਕਾਨ/ਪਲਾਟ ਰਕਬਾ 98.5 ਵਰਗ ਗਜ਼, ਖਸਰਾ ਨੰ. 1164, 1290/1163, 1300/1171, 1301/1172, 197/1170, 1299/1171, 1303/1172, 1309/1178 ਜਮ੍ਹਾਂਬੰਦੀ ਸਾਲ 2015-16, ਪਿੰਡ ਅਕਾਲਗੜ੍ਹ, ਹੱਦਬਸਤ ਨੰ. 292, ਪਿੰਡ ਅਕਾਲਗੜ੍ਹ ਵਜੋਂ ਜਾਣਿਆ ਜਾਂਦਾ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸੜਕ 30' ਚੌੜੀ (24'-00"), ਪੱਛਮ : ਗੁਆਂਢ (24'-00"), ਉੱਤਰ : ਪਲਾਟ ਨੰ. 46 (36'-09"), ਦੱਖਣ : ਪਲਾਟ ਨੰ. 48 (36'-09") | 17.07.2025 | 07.11.2025 | ਸੰਕੇਤਕ ਕਬਜ਼ਾ 17.07.2025 ਨੂੰ ਬਕਾਇਆ ਰਕਮ ਰੁਪਏ 9,08,662/- (ਨੌਂ ਲੱਖ ਅੱਠ ਹਜ਼ਾਰ ਛੇ ਸੌ ਬਾਹਠ ਰੁਪਏ ਕੇਵਲ) ਜਮ੍ਹਾਂ ਇਸ 'ਤੇ 18.07.2025 ਤੋਂ ਹੋਰ ਵਿਆਜ, ਹੋਰ ਚਾਰਜਿਜ਼ ਅਤੇ ਖਰਚੇ। |

ਮਿਤੀ : 10.11.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

# ਕੋਹਲੀਆਂ ਤੋਂ ਤਾਸ ਤੱਕ ਕਰੀਬ 11 ਕਿਲੋਮੀਟਰ ਸੜਕ ਦੇ ਨਿਰਮਾਣ ਕਾਰਜ ਆਰੰਭ

*** 16 ਫੁੱਟ ਚੌੜਾਈ ਵਾਲੇ ਰੋਡ 'ਤੇ ਖਰਚ ਕੀਤੇ ਜਾਣਗੇ 5.50 ਕਰੋੜ ਰੁਪਏ: ਕਟਾਰੂਚੱਕ**



ਪਠਾਨਕੋਟ, (ਦਵਿੰਦਰ ਸਿੰਘ)-ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਕੋਹਲੀਆਂ, ਦਤਿਆਲ, ਮੰਜੀਰੀ, ਮਾਧਨਪੁਰ ਤੋਂ ਪਿੰਡ ਤਾਸ ਨੂੰ ਜਾਣ ਵਾਲੇ ਰੋਡ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ। ਖੇਤਰ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਪਿੰਡ ਸ਼ੇਖੂਪੁਰ ਮੰਜੀਰੀ ਵਿਖੇ ਰੋਡ ਦਾ ਨੀਂਹ ਪੱਥਰ ਰੱਖਣ ਮੌਕੇ ਹੋਰਨਾਂ ਤੋਂ ਇਲਾਵਾ ਸੁਭਾਸ਼ ਕੁਲਵੰਤ ਸਿੰਘ ਬਲਾਕ ਪ੍ਰਧਾਨ, ਸੁਰਜੀਤ ਕੁਮਾਰ ਲਵਲੀ ਸਰਪੰਚ ਮੰਜੀਰੀ, ਸੁਰਿੰਦਰ ਸਿੰਘ ਸਰਪੰਚ ਮੰਜੀਰੀ ਜੱਟਾਂ, ਹਰਦੀਪ ਸਿੰਘ ਹੈਰੀ ਸਰਪੰਚ ਮੰਜੀਰੀ ਆਰੀਆਂ, ਕਾਬਲ ਸਿੰਘ ਸਰਪੰਚ ਅਖਵਾੜਾ, ਮੰਗਾ ਰਾਮ ਸਰਪੰਚ ਮਾਧਨਪੁਰ, ਗੁਰਮੇਜ ਸਿੰਘ ਸਰਪੰਚ ਪਿੰਡ ਤਾਸ, ਕਰਨ ਸਿੰਘ ਸਰਪੰਚ ਜੈਨਪੁਰ, ਜੋਗਿੰਦਰ ਸਿੰਘ ਮੈਂਬਰ ਪੰਚਾਇਤ ਮੰਜੀਰੀ, ਸੋਹਣ ਸਿੰਘ ਮਾਧਨਪੁਰ, ਬਲਬੀਰ ਸਿੰਘ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜ ਕਰਤਾ ਹਾਜ਼ਰ ਸਨ।ਇਸ ਮੌਕੇ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਕੋਹਲੀਆਂ, ਦਤਿਆਲ, ਮੰਜੀਰੀਆਂ, ਮਾਧਨਪੁਰ ਤੋਂ ਤਾਸ ਤੱਕ ਕਰੀਬ 11 ਕਿਲੋਮੀਟਰ ਲਿਆ ਦੇ ਰੋਡ ਦੇ ਨਿਰਮਾਣ ਕਾਰਜ ਦਾ ਸ਼ੁਭ ਆਰੰਭ ਕੀਤਾ ਗਿਆ ਹੈ।5.50 ਕਰੋੜ ਰੁਪਏ ਦੀ ਲਾਗਤ ਨਾਲ ਇਸ ਰੋਡ ਦਾ ਨਿਰਮਾਣ ਕਾਰਜ ਕੀਤਾ ਜਾ ਰਿਹਾ ਹੈ ਅਤੇ ਰੋਡ ਦੀ ਚੌੜਾਈ 16 ਫੁੱਟ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਰੋਡ ਦੇ ਨਿਰਮਾਣ ਨਾਲ ਕਿਸਾਨਾਂ ਨੂੰ ਆਪਣੀਆਂ ਫਸਲਾਂ ਮੰਡੀਆਂ ਤੱਕ ਲੈ ਕੇ ਜਾਣ ਵਿੱਚ ਵੀ ਆਸਾਨੀ ਹੋਵੇਗੀ।ਉਨ੍ਹਾਂ ਕਿਹਾ ਕਿ ਇਹ ਖੇਤਰ ਗੰਨੇ ਦੀ ਫਸਲ ਲਈ ਢੁੱਕਵਾਂ ਹੈ ਅਤੇ ਲੋਕਾਂ ਵੱਲੋਂ ਗੰਨੇ ਦੀ ਖੇਤੀ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ ਪਰ ਗੰਨੇ ਨੂੰ ਮਿੱਲ ਤੱਕ ਲੈ ਕੇ ਜਾਣ ਦਾ ਸਫਰ ਬਹੁਤ ਔਖਾ ਸੀ ਅਤੇ ਇਸ ਰੋਡ ਦੇ ਨਿਰਮਾਣ ਦੇ ਨਾਲ ਕਿਸਾਨਾਂ ਨੂੰ ਵੀ ਵੱਡਾ ਫਾਇਦਾ ਹੋਵੇਗਾ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਜਿਹੜੇ ਵੀ ਰੋਡ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਉਨ੍ਹਾਂ ਵੱਲੋਂ ਸਪੈਸ਼ਲ ਦੌਰੇ ਕਰਕੇ ਇਨ੍ਹਾਂ ਕਾਰਜਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ।ਉਨ੍ਹਾਂ ਰੋਡ ਬਣਾਉਣ ਵਾਲੇ ਠੇਕੇਦਾਰ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਰੋਡ ਦੇ ਨਿਰਮਾਣ ਵਿੱਚ ਕਿਸੇ ਵੀ ਕਿਸਮ ਦੀ ਢਿੱਲ ਨਾ ਵਰਤੀ ਜਾਵੇ ਅਤੇ ਰੋਡ ਨਿਰਮਾਣ ਅਧੀਨ ਕਵਾਲਿਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਉਨ੍ਹਾਂ ਕਿਹਾ ਕਿ ਲੋਕਾਂ ਦਾ ਪੈਸਾ ਲੋਕਾਂ ਲਈ ਹੀ ਲਗਾਇਆ ਜਾ ਰਿਹਾ ਹੈ ਅਤੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਵੀ ਪਾਈ ਜਾ ਰਹੀ ਹੈ।

# ਵਿਧਾਇਕ ਨੇ ਖਰਾਬ ਹੋਏ ਰਾਸ਼ਟਰੀ ਰਾਜਮਾਰਗ ਦੀ ਮੁਰੰਮਤ ਦੇ ਕੰਮ ਦੀ ਕਰਵਾਈ ਸ਼ੁਰੂਆਤ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸਿੰਗੜੀਵਾਲਾ ਚੌਕ ਤੋਂ ਨਲੋਈਆਂ ਚੌਕ ਤੱਕ ਖਰਾਬ ਹੋਏ ਰਾਸ਼ਟਰੀ ਰਾਜਮਾਰਗ ਦੀ ਮੁਰੰਮਤ ਦੇ ਕੰਮ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਇਸ ਸੜਕ ਦੀ ਮੁਰੰਮਤ ਦਾ ਕੰਮ ਲੱਗਭਗ 50 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਆਮ ਲੋਕਾਂ ਨੂੰ ਰਾਹਤ ਮਿਲੇਗੀ ਅਤੇ ਆਵਾਜਾਈ ਸੁਚਾਰੂ ਰਹੇਗੀ।ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਸੜਕ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐੱਨ ਐੱਚ ਏ ਆਈ) ਦੀ ਹੈ। ਇਸ ਸਬੰਧ ਵਿਚ ਉਹ ਪਹਿਲਾਂ ਵੀ ਕਈ ਵਾਰ ਸੜਕ ਅਤੇ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੂੰ ਇਕ ਪੱਤਰ ਲਿਖ ਚੁੱਕੇ ਹਨ, ਤਾਂ ਜੋ ਵਿਭਾਗ ਇਸ 'ਤੇ ਤੁਰੰਤ ਕਾਰਵਾਈ ਕਰੇ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਸ਼ੇਸ਼ ਪਹਿਲਕਦਮੀ 'ਤੇ ਆਦਮਪੁਰ ਤੋਂ ਚੌਹਾਲ ਤੱਕ ਰਾਸ਼ਟਰੀ ਰਾਜਮਾਰਗ ਦੇ ਨਿਰਮਾਣ ਲਈ 14 ਕਰੋੜ ਰੁਪਏ ਦੀ ਲਾਗਤ ਨਾਲ ਆਦਮਪੁਰ ਤੋਂ ਚੌਹਾਲ ਤੱਕ ਮੁਰੰਮਤ ਦਾ ਕੰਮ ਕਰਵਾਇਆ ਗਿਆ ਸੀ। ਬਾਵਜੂਦ ਇਸ ਦੇ ਰਾਸ਼ਟਰੀ ਰਾਜਮਾਰਗ ਅਥਾਰਟੀ ਵੱਲੋਂ ਆਦਮਪੁਰ ਤੋਂ ਚੌਹਾਲ ਤੱਕ ਦੇ ਹਿੱਸੇ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਜਨਤਾ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਜਿੰਪਾ ਨੇ ਕਿਹਾ ਕਿ ਉਹ ਇਸ ਮਾਮਲੇ ਵਿੱਚ ਇਕ ਵਾਰ ਫਿਰ ਸੜਕ ਅਤੇ ਆਵਾਜਾਈ ਮੰਤਰੀ ਨੂੰ ਪੱਤਰ ਲਿਖਣਗੇ ਅਤੇ ਅਪੀਲ ਕਰਨਗੇ ਕਿ ਜਲੰਧਰ-ਆਦਮਪੁਰ-ਚੌਹਾਲ ਸੜਕ ਪ੍ਰੋਜੈਕਟ ਨੂੰ ਜਲਦੀ ਪੂਰਾ ਕੀਤਾ ਜਾਵੇ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਰੇਸ਼ਮ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1 ਗੁਰਦਾਸਪੁਰ।

ਵਿਸ਼ਾ:-ਜਮ੍ਹਾਂਬੰਦੀ ਵਿੱਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਲਈ ਸੁਖਬੀਰ ਸਿੰਘ ਪੁੱਤਰ ਬਚਨ ਸਿੰਘ ਵਾਸੀ ਪਿੰਡ ਨਬੀਪੁਰ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਨੇ ਇੱਕ ਦਰਖਾਸਤ ਇਸ ਦਫਤਰ ਵਿਖੇ ਪੇਸ਼ ਕੀਤੀ ਹੈ, ਜਿਸ ਵਿੱਚ ਦਰਖਾਸਤਕਰਤਾ ਸੁਖਬੀਰ ਸਿੰਘ ਨੇ ਲਿਖਿਆ ਹੈ ਕਿ ਵਾਕਿਆ ਪਿੰਡ ਹਯਾਤ ਨਗਰ/236 ਦੀ ਜਮ੍ਹਾਂਬੰਦੀ ਵਿੱਚ ਉਸ ਦਾ ਨਾਂਅ ਬਲਬੀਰ ਸਿੰਘ ਪੁੱਤਰ ਬਚਨ ਸਿੰਘ ਆ ਰਿਹਾ ਹੈ, ਜੋ ਕਿ ਗਲਤ ਹੈ। ਉਸ ਦਾ ਸਹੀ ਨਾਂਅ ਸੁਖਬੀਰ ਸਿੰਘ ਪੁੱਤਰ ਬਚਨ ਸਿੰਘ ਹੈ। ਮਾਨਯੋਗ ਪੰਜਾਬ ਸਰਕਾਰ ਮਾਲ, ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ (ਭੌ ਮਾਲੀਆ ਸ਼ਾਖਾ) ਦੇ ਮੀਮੋ ਨੰਬਰ 25/78/2012-ਭ:ਮ:-2/ 12445-71, ਚੰਡੀਗੜ੍ਹ ਮਿਤੀ 26.07.2013 ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਮਾਲ ਰਿਕਾਰਡ ਵਿੱਚ ਦਰਖਾਸਤਕਰਤਾ ਦਾ ਨਾਂਅ ਬਲਬੀਰ ਸਿੰਘ ਪੁੱਤਰ ਬਚਨ ਸਿੰਘ ਤੋਂ ਸੁਖਬੀਰ ਸਿੰਘ ਪੁੱਤਰ ਬਚਨ ਸਿੰਘ ਦਰੁਸਤ ਕੀਤਾ ਜਾਣਾ ਹੈ। ਜੇਕਰ ਕਿਸੇ ਵਿਅਕਤੀ ਜਾਂ ਰਿਸ਼ਤੇਦਾਰ ਨੂੰ ਇਸ ਨਾਂਅ ਦੀ ਦਰੁਸਤੀ ਕਰਨ ਵਿਚ ਕੋਈ ਇਤਰਾਜ਼ ਹੈ, ਤਾਂ ਉਹ ਆਪਣਾ ਇਤਰਾਜ਼ ਇਸ਼ਤਿਹਾਰ ਪ੍ਰਕਾਸ਼ਤ ਹੋਣ ਦੇ 10 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਨਿਮਨ-ਹਸਤਾਖਰੀ ਦੀ ਅਦਾਲਤ ਵਿਚ ਪੇਸ਼ ਕਰ ਸਕਦਾ ਹੈ। ਨਿਯਤ ਮਿਤੀ ਤੋਂ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰ ਦਿੱਤੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 10.11.2025 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੋਮ ਗੁਰਦਾਸਪੁਰ

(ਨੰਬਰ 536/ਰੀਡਰ ਮਿਤੀ 10/11/2025)

## ਅਦਾਲਤੀ ਇਸ਼ਤਿਹਾਰ, ਬਾ ਅਦਾਲਤ ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ

**ਸਪੈਸ਼ਲ ਮੈਰਿਜ਼ ਐਕਟ-1954 ਅਧੀਨ ਮੈਰਿਜ਼ ਰਜਿਸਟਰ ਕਰਵਾਉਣ ਸੰਬੰਧੀ ਨੋਟਿਸ**

**ਬਨਾਮ**

**ਜਨਰਲ ਪਬਲਿਕ**





ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Raminder Singh s/o Jasbir Singh r/o House no. 23, Near New GTB Nagar, Friends Colony, Jalandhar, Punjab, INDIA ਨੇ ਇਸ ਅਦਾਲਤ ਵਿੱਚ ਸਪੈਸ਼ਲ ਮੈਰਿਜ ਐਕਟ 1954 ਅਧੀਨ Amoldeep Kaur Arora d/o Arvinder Singh Lohi r/o E-117, BRS Nagar, Ludhiana-141012, Punjab ਨਾਲ ਮੈਰਿਜ ਰਜਿਸਟਰਡ ਕਰਵਾਉਣ ਲਈ ਦਰਖਾਸਤ ਦਿੱਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਇਹ ਮੈਰਿਜ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ ਹੋਵੇ ਤਾਂ ਉਹ ਖੁਦ ਜਾਂ ਵਕੀਲ ਰਾਹੀ ਆਪਣਾ ਇਤਰਾਜ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਵਿੱਚ ਆਏ ਇਤਰਾਜਾਂ ਤੇ ਕੋਈ ਗੋਰ ਨਹੀਂ ਕੀਤਾ ਜਾਵੇਗਾ।

ਨੰਬਰ 01/SMA/ਰੀਡਰ/ਏ.ਡੀ.ਸੀ    ਮਿਤੀ 10-11-2025    ਜ਼ਿਲਾ ਮੈਰਿਜ ਅਫ਼ਸਰ,ਜਲੰਧਰ

## ਕੁਟੇਸ਼ਨ/ਟੈਂਡਰ ਦੀ ਮੰਗ

ਸਰਕਾਰੀ ਆਈ ਟੀ ਆਈ (ਇ:) ਗੁਰਦਾਸਪੁਰ ਵਿਖੇ ਸਰਕਾਰੀ ਹਦਾਇਤਾਂ ਅਨੁਸਾਰ ਆਊਟਸੋਰਸਿੰਗ ਏਜੰਸੀ ਰਾਹੀਂ ਇੱਕ ਦਰਜਾ-4 (ਚੌਂਕੀਦਾਰ) ਦੀ ਅਸਾਮੀ ਡੇਲੀ ਵੇਜ਼ਿਜ਼ 'ਤੇ ਡੀ ਸੀ ਰੇਟਾਂ ਅਨੁਸਾਰ ਆਰਜ਼ੀ ਤੌਰ 'ਤੇ ਭਰਨ ਲਈ ਕੁਟੇਸ਼ਨ/ਟੈਂਡਰ ਦੀ ਮੰਗ ਸਮੇਤ 500/- ਰੁਪਏ ਡੀਮਾਂਡ ਡਰਾਫਟ ਨਾਲ ਮਿਤੀ 25-11-25 ਤੱਕ ਕੀਤੀ ਜਾਂਦੀ ਹੈ। ਇਸ ਸੰਬੰਧੀ ਵਧੇਰੇ ਜਾਣਕਾਰੀ ਲੈਣ ਲਈ ਸੰਸਥਾ ਦੇ ਦਫਤਰ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਸਿੱਧੇ ਸੰਪਰਕ ਕੀਤਾ ਜਾ ਸਕਦਾ ਹੈ।

ਪ੍ਰਿੰਸੀਪਲ ਗੌ: ਆਈ ਟੀ ਆਈ (ਇ:) ਗੁਰਦਾਸਪੁਰ

ਮੋਬਾਇਲ ਨੰ. 94173-87622

## ਵਸੂਲੀ ਅਫਸਰ-I/II ਦਾ ਦਫ਼ਤਰ
### ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)
ਹੇਠਲੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ

ਫਾਰਮ ਨੰ. 14

[ਵੇਖੋ ਨਿਯਮ 33 (2)]

ਰਜਿ ਏ/ਡੀ ਰਾਹੀਂ, ਦਸਤੀ ਅਸਫਲ, ਪ੍ਰਕਾਸ਼ਨਾ ਰਾਹੀਂ

**ਡਿਮਾਂਡ ਨੋਟਿਸ**

**ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ**

ਆਰ ਸੀ/588/2025    30-09-2025

**ਇੰਡੀਅਨ ਬੈਂਕ**

**ਬਨਾਮ**

**ਸ੍ਰੀ ਕਾਲਾ ਸਿੰਘ**

ਸੇਵਾ 'ਚ

(ਸੀ ਡੀ 1) ਸ੍ਰੀ ਕਾਲਾ ਸਿੰਘ ਪੁੱਤਰ ਸ੍ਰੀ ਨਾਗਰ ਸਿੰਘ ਵਾਸੀ ਮਕਾਨ ਨੰ. 33, ਪਿੰਡ ਮੰਡ ਤਿਹਾੜਾ, ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ, ਪੰਜਾਬ।

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/137/2022 'ਚ ਰਕਮ ਰੁਪਏ 69,19,896.00 (ਉਨੱਤਰ ਲੱਖ ਉੱਨੀ ਹਜ਼ਾਰ ਅੱਠ ਸੌ ਛਿਆਨਵੇਂ ਰੁਪਏ ਕੇਵਲ) ਸਮੇਤ ਪੈਂਡੈਂਲਾਈਟ ਅਤੇ ਭਵਿੱਖੀ ਵਿਆਜ 8.00% ਦੀ ਦਰ 'ਤੇ ਸਧਾਰਨ ਵਿਆਜ ਸਾਲਾਨਾ 24-11-2021 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 72,000/- (ਬਹੱਤਰ ਹਜ਼ਾਰ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 22-12-2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :

(ਏ) ਅਜਿਹਾ ਵਿਆਜ, ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।

(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 30-09-2025 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)

## ਨਿਲਾਮੀ ਨੋਟਿਸ

ਗ੍ਰਾਮ ਪੰਚਾਇਤ ਪਿੰਡ ਸਹਿ ਰੋਹੀ ਜਲੰਧਰ ਵੱਲੋਂ [illegible] ਦੀ ਨਿਲਾਮੀ ਮਿਤੀ 18-11-2025 ਸਮਾਂ 1 ਵਜੇ ਕਰਵਾਈ ਜਾ ਰਹੀ ਹੈ। ਜਿਸ ਕਿਸੇ ਨੇ [illegible] ਕਰਨਾ ਹੋਵੇ ਇਸ ਨੰਬਰ ਤੇ ਕਰ ਸਕਦਾ ਹੈ। ਮੋਬਾਇਲ ਨੰ: 05925-261451। [illegible]

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ [illegible] ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ।

ਕੇਸ ਨੰ. Other Cases/34/2025

ਕਿਸਮ ਕੇਸ : ਦਰੁਸਤੀ ਗਿਰਦਾਵਰੀ    ਦਾਇਰ ਮਿਤੀ : 21-07-2025

ਵਾਕਿਆ ਪਿੰਡ : ਹਰਸ਼ਾ ਛੀਨਾ    ਤਰੀਕ ਪੇਸ਼ੀ : 19-11-2025

ਕੁਲਵਿੰਦਰ ਸਿੰਘ ਛੀਨਾ ਬਨਾਮ ਸੰਤਾ ਸਿੰਘ ਆਦਿ (ਰਕਬਾ ਹਰਸ਼ਾ ਛੀਨਾ)

ਉਪਰੋਕਤ ਅਨੁਵਾਨ ਕੇਸ ਵਿੱਚ ਹੇਠ ਦਰਜ ਉਤਰਵਾਦੀ ਦੀ ਤਲਬੀ ਸੰਮਨ ਰਾਹੀਂ ਕਰਨੀ ਸੰਭਵ ਨਾ ਹੋਣ ਕਾਰਨ ਅਖਬਾਰੀ ਇਸ਼ਤਿਹਾਰ ਰਾਹੀਂ ਉਤਰਵਾਦੀਆਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਜੇਕਰ ਇਸ ਕੇਸ ਵਿੱਚ ਕੋਈ ਜਵਾਬ/ਕਾਰਵਾਈ ਕਰਨਾ ਚਾਹੁੰਦੇ ਹਨ ਤਾਂ ਉਹ ਅਗਲੀ ਤਰੀਕ ਪੇਸ਼ੀ 19-11-2025 ਨੂੰ ਅਸਾਲਤਨ ਜਾਂ ਵਕਾਲਤਨ ਅਦਾਲਤ ਵਿੱਚ ਪੇਸ਼ ਹੋਣ ਤੇ ਕੇਸ ਦੀ ਪੈਰਵਾਈ ਕਰਨ। ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਇਸ ਮਿਤੀ ਤੋਂ ਬਾਅਦ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ ਤੇ ਉਨ੍ਹਾਂ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ।

ਉਤਰਵਾਦੀਆਂ ਦੇ ਨਾਂਅ : (1) ਸੰਤਾ ਸਿੰਘ ਪੁੱਤਰ ਨੱਥਾ ਸਿੰਘ (2) ਸੁਖਦੇਵ ਸਿੰਘ (3) ਸਵਿੰਦਰ ਸਿੰਘ (4) ਪਰਮਜੀਤ ਸਿੰਘ ਪੁੱਤਰਾਨ ਅਜੈਬ ਸਿੰਘ (5) ਗੁਰਪ੍ਰੀਤ ਕੌਰ (6) ਸਿਮਰਜੀਤ ਕੌਰ ਪੁੱਤਰੀਆਂ ਅਜੈਬ ਸਿੰਘ (7) ਵੀਰ ਕੌਰ ਮ੍ਰਿਤਕ ਵਿਧਵਾ ਬਲਦੇਵ ਸਿੰਘ ਰਾਹੀਂ ਵਾਰਸ (ੳ) ਸਤਨਾਮ ਸਿੰਘ ਪੁੱਤਰ ਵੀਰ ਕੌਰ (ਅ) ਬਲਵਿੰਦਰ ਕੌਰ (ੲ) ਲਖਵਿੰਦਰ ਕੌਰ (ਸ) ਰਜਵਿੰਦਰ ਕੌਰ (ਹ) ਰਾਜਿੰਦਰ ਕੌਰ (ਕ) ਸੁਮਨਪ੍ਰੀਤ ਕੌਰ ਪੁੱਤਰੀਆਂ ਵੀਰ ਕੌਰ (9) ਸਤਨਾਮ ਸਿੰਘ ਪੁੱਤਰ ਬਲਦੇਵ ਸਿੰਘ (10) ਬਲਵਿੰਦਰ ਕੌਰ (11) ਲਖਵਿੰਦਰ ਕੌਰ (12) ਰਾਜਵਿੰਦਰ ਕੌਰ (13) ਰਜਿੰਦਰ ਕੌਰ (14) ਸੁਮਨਪ੍ਰੀਤ ਕੌਰ ਪੁੱਤਰੀਆਂ ਬਲਦੇਵ ਸਿੰਘ (15) ਗੁਰਦੇਵ ਸਿੰਘ ਪੁੱਤਰ ਕਸ਼ਮੀਰ ਸਿੰਘ (16) ਚੰਨਣ ਸਿੰਘ ਪੁੱਤਰ ਲਾਭ ਸਿੰਘ (17) ਗੁਰਮੇਜ ਸਿੰਘ (18) ਗੁਰਬਖ਼ਸ਼ ਸਿੰਘ ਪੁੱਤਰਾਨ ਪੂਰਨ ਸਿੰਘ (19) ਨਿੰਦਰ ਸਿੰਘ ਮ੍ਰਿਤਕ ਪੁੱਤਰ ਪੂਰਨ ਸਿੰਘ ਰਾਹੀਂ ਵਾਰਸ (ੳ) ਅਮਰੀਕ ਕੌਰ ਵਿਧਵਾ ਨਿੰਦਰ ਸਿੰਘ ਉਰਫ ਨਰਿੰਦਰ ਸਿੰਘ (ਅ) ਪਰੇਮ ਸਿੰਘ (ੲ) ਤਰਸੇਮ ਸਿੰਘ ਪੁੱਤਰਾਨ ਨਿੰਦਰ ਸਿੰਘ ਉਰਫ ਨਰਿੰਦਰ ਸਿੰਘ (21) ਸੁਖਬੀਰ ਸਿੰਘ ਪੁੱਤਰ ਆਤਮਾ ਸਿੰਘ (22) ਕਸ਼ਮੀਰ ਕੌਰ ਵਿਧਵਾ ਕਸ਼ਮੀਰ ਸਿੰਘ ਸਾਰੇ ਵਾਸੀਆਨ ਪਿੰਡ ਹਰਸ਼ਾ ਛੀਨਾ, ਤਹਿਸੀਲ ਰਾਜਾ ਸਾਂਸੀ, ਜ਼ਿਲ੍ਹਾ ਅੰਮ੍ਰਿਤਸਰ।

ਨੰਬਰ/ਰੀਡਰ/ਐੱਨ ਟੀ/891 ਮਿਤੀ 10/11/2025

## Court Notice

In the Court of Sh. Bikramdeep Singh, Judicial Magistrate-Ist Class-2 Patiala

CNR No. : PBPT03-002754-2024

Next Date : 28-01-2026

Detail of offence : 138 NI ACT

Man Mohan Singh

Vs.

Sonu

Notice to : Sonu, Fateher : Ramesh, Govt. Printing Press, Sirhind Road, Patiala

In above titled case, the accused could not be served. It is ordered that accused should appear in person or through counsel on 28-01-2026 at 10:00 a.m.

For details logon to https://highcourtchd.gov.in/?mod=district_notice&district=patiala

Judicial Magistrate-Ist Class-2 Patiala

Dated, this day of 04-11-2025

## Court Notice

(U/o 5 Rule 20 CPC)

In The Court of

**Ms. Monika**

Civil Judge (Junior Division), Ludhiana

CNR No. PBLD02-004914-2025

Next Date: 10-02-2026

Preet

Vs.

General Public

Suit for declaration

Publication issued to: General Public : NIL.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-02-2026 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division), Ludhiana

Dated, this day of 05-11-2025

## Court Notice

(U/o 5 Rule 20 CPC)

In The Court of

**Sh. Raman Kumar**

Principal Judge Family Court, Ludhiana

CNR No. PBLD01-018597-2024

Next Date: 10-01-2026

Rupinderjeet Kaur

Vs.

Lovepreet Singh

Publication issued to: Lovepreet Singh S/o Kuldeep Singh R/o Ward No. 8, Near Peer Baba Shone Shah, Mallan Wala, Distt. Ferozepur

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-01-2026 at 10:00 a.m.

For details logon to https://highcourtchd.gov.in/?mod=district_notice&district=mogacourt

Principal Judge, Family Court, Ludhiana

Dated, this day of 07-11-2025

(No. 1283 Date : 7/11/2025)

# ਕਲਾਸੀਫਾਈਡ ਇਸ਼ਤਿਹਾਰ

## Public Notice

I, Jasjit Kaur W/o Late. Rony Richard R/o H.No. HIG-198, Housing Board Colony, Urban Estate, Phase-1, Jalandhar, Punjab declare that my brother Kuljit Sahota is out of my control. I disinherit him from my moveable and immovable properties. I and my family shall not be held responsible for any of his acts, deeds and things. All Please Note.

I, Balwinder Kaur W/o Late. Gurdev Singh R/o Village Badla, Malerkotla, Punjab declare that my daughter Gagandeep Kaur W/o Achara Singh is out of my control. I disinherit her from my moveable and immovable properties. I and my family shall not be held responsible for any of her acts, deeds and things.

I, Rakesh Kumar Bahri S/o Ram Baksh Bahri R/o H.No. N.F-106, Near Mai Hiran Gate, Thapran Mohalla, Jalandhar declare that my son Rohit Bahri and his wife Upsna Chawla @ Upsna Bahri and Jagat Bahri is their (adopted son) they are out of my control. I disinherit them from my movable and immovable properties. I and my family members shall not be held responsible for any kind of dealings done with them.

I, Surjit Kaur W/o Amrik R/o VPO. Bilga, Patti Nilowal, Tehsil Phillaur, Distt. Jalandhar, Punjab declare that my son Harmanpreet has gone out of my control. I disinherit him from my moveable and immovable properties. I and my family shall not be held responsible for any of his acts, deeds and things. All Please Note.

We, Gurdeep s/o Late. Makhan Lal & Sunita w/o Gurdeep both R/o Vill. Hirapur PO Hailer, Jalandhar, Punjab declare that we have no concern/relation with Anita D/o Late Sh.Makhan Lal.(Real sister of Gurdeep). We and our family members having no relation with her. Ourself and other family members shall not be held responsible for any kind of act, deed, things related to her . Whosoever shall deal with her of any kind can do this with his /her own risk & responsibility. All concerned please note.

## ਆਮ ਸੂਚਨਾ

ਪਿੰਡ ਗੁਰਦਾਸਨੰਗਲ ਵਿੱਚ ਚੱਲ ਰਹੇ ਟਿਊਬਵੈੱਲ ਖਾਤਾ ਨੰ AP27/1221N ਜੋ ਕਿ ਪਰਮਜੀਤ ਸਿੰਘ ਪੁੱਤਰ ਰਘਬੀਰ ਸਿੰਘ ਦੇ ਨਾਮ ਤੇ ਹੈ, ਨੂੰ ਹੁਣ ਸੋਹਨ ਸਿੰਘ ਪੁੱਤਰ ਚਰਨ ਸਿੰਘ ਆਪਣੇ ਨਾਮ ਕਰਵਾ ਰਹੇ ਹਨ । ਇਤਰਾਜ਼ ਕਰਤਾ 15 ਦਿਨਾਂ ਦੇ ਅੰਦਰ-ਅੰਦਰ ਆ ਕੇ ਆਪਣਾਇਤਰਾਜ਼ ਉਪਮੰਡਲ ਅਫਸਰ,ਪੀ ਐੱਸ ਪੀ ਸੀ ਐੱਲ, ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ।

ਕੁਨੈਕਸਨ ਨੰਬਰ SA586, ਮੋਹਿੰਦਰ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਸ਼ੁਤਰਾਣਾ ਤੋਂ ਕੁਲਵਿੰਦਰ ਕੌਰ ਪਤਨੀ ਭੁਪਿੰਦਰ ਸਿੰਘ ਵਾਸੀ ਸ਼ੁਤਰਾਣਾ ਨੂੰ ਤਬਦੀਲ ਕੀਤਾ ਜਾਂਦਾ ਹੈ। ਜੇ ਕਿਸੇ ਨੂੰ ਵੀ ਇਤਰਾਜ ਹੈ ਤਾਂ ਉਹ 15 ਦਿਨ ਦੇ ਅੰਦਰ ਉਪ ਮੰਡਲ ਸ਼ੁਤਰਾਣਾ ਵਿਖੇ ਇਤਰਾਜ ਦਾਖਲ ਕਰਵਾ ਸਕਦਾ ਹੈ।

ਮੈਂ, ਨਿਰਮਲ ਰਾਮ ਪੁੱਤਰ ਜਗਤ ਰਾਮ ਵਾਸੀ ਮਕਾਨ ਨੰਬਰ 1025, ਫੌਜੀ ਵਾਲੀ ਗਲੀ ਰਾਮਾ ਮੰਡੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਵਨੀ ਕੁਮਾਰ ਨੂੰ ਮਿਤੀ 04-12-2024 ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ ਅਤੇ ਇਸ ਸੰਬੰਧੀ ਦੋ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਸੀ। ਮੇਰਾ ਪੁੱਤਰ ਹੁਣ ਮੇਰੇ ਕਹਿਣੇ ਵਿਚ ਹੈ, ਇਸ ਲਈ ਮੈਂ ਆਪਣੀ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਅੱਜ ਤੋਂ ਬਾਅਦ ਮੇਰਾ ਪੁੱਤਰ ਵਨੀ ਕੁਮਾਰ ਮੇਰੀ ਚੱਲ ਅਚੱਲ ਜਾਇਦਾਦ ਦਾ ਵਾਰਸ ਹੋਵੇਗਾ।

ਉੱਪ ਮੰਡਲ ਦਫਤਰ ਤਿੱਬੜ ਵਿਖੇ ਏ ਪੀ 27/1689 ਟਿਊਬਵੈੱਲ ਕੁਨੈਕਸ਼ਨ, ਜੋ ਪਹਿਲਾਂ ਸ੍ਰੀ ਜਗੀਰ ਸਿੰਘ ਪੁੱਤਰ ਸ੍ਰੀ ਭਗਵਾਨ ਸਿੰਘ ਪਿੰਡ ਪਾਹੜਾ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਦਾ ਨਾਂਅ ਬਦਲ ਕੇ ਸ੍ਰੀਮਤੀ ਬਲਵਿੰਦਰ ਕੌਰ ਪਤਨੀ ਸ੍ਰੀ ਅਵਤਾਰ ਸਿੰਘ ਪਿੰਡ ਪਾਹੜਾ ਦੇ ਨਾਂਅ ਕਰਨ ਦੀ ਦਰਖਾਸਤ ਪ੍ਰਾਪਤ ਹੋਈ ਹੈ। ਇਸ ਟਿਊਬਵੈੱਲ ਦੇ ਨਾਂਅ ਬਦਲੀ ਦੇ ਸੰਬੰਧ ਵਿੱਚ ਜੇਕਰ ਕਿਸੇ ਨੂੰ ਕੋਈ ਕਿਸੇ ਤਰ੍ਹਾਂ ਦਾ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ 15 ਦਿਨਾਂ ਦੇ ਵਿੱਚ ਨਿਮਨਹਸਤਾਖਰ ਦੇ ਦਫਤਰ ਵਿਖੇ ਪੇਸ਼ ਕਰ ਸਕਦਾ ਹੈ। ਇਸ ਮਿੱਥੇ ਸਮੇਂ ਤੋਂ ਬਾਅਦ ਕੋਈ ਵੀ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ। ਸਹਾਇਕ ਕਾਰਜਕਾਰੀ ਇੰਜ. ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਤਿੱਬੜ।

ਮੈਂ, ਹਰਬੰਸ ਸਿੰਘ ਪੁੱਤਰ ਕੌਰ ਸਿੰਘ, ਪਿੰਡ ਭਸੌੜ (ਸੰਗਰੂਰ) ਆਪਣੇ ਸੁਖਜੀਤ ਸਿੰਘ ਦੀ ਮਿਤੀ 25 ਦਸੰਬਰ 2013 ਦੀ ਬੇਦਖਲੀ ਰੱਦ ਕਰਦਾ ਹਾਂ। ਮੈਂ ਆਪਣੇ ਲੜਕੇ ਨੂੰ ਬੇਦਖਲੀ ਨੋਟਿਸ ਤੋਂ ਫ਼ਾਰਗਤੀ ਦਿੰਦਾ ਹਾਂ। ਬੇਦਖਲੀ ਰੱਦ ਸਮਝੀ ਜਾਵੇ।

## ਬੇਦਖਲੀ ਨੋਟਿਸ

ਮੈਂ, ਦਲੀਪ ਸਿੰਘ ਪੁੱਤਰ ਸ੍ਰੀ ਵਰੇਆਮ ਸਿੰਘ ਵਾਸੀ ਪਿੰਡ ਇਬਰਾਹੀਮਪੁਰ, ਡਾਕ: ਮਿਆਣੀ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਜਗਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

ਮੈਂ, ਮੀਨਾ ਪਤਨੀ ਲੇਟ ਸ੍ਰੀ ਇੰਦਰਜੀਤ ਵਾਸੀ ਮਕਾਨ ਨੰ: 211, ਕੈਂਟ ਰੋਡ, ਫਗਵਾੜੀ ਮੁੱਹਲਾ, ਗੜ੍ਹਾ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਅੰਜੂ, ਇਸਦਾ ਪਤੀ ਨਰਿੰਦਰ ਅਤੇ ਬੱਚੇ ਦਿਕਸ਼ਾ ਅਤੇ ਸ਼ੁਭੰਮ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਨਰੇਸ਼ ਕੁਮਾਰ ਰਾਣਾ ਪੁੱਤਰ ਉਪਿੰਦਰ ਸਿੰਘ ਪੁੱਤਰ ਰਘਵੀਰ ਸਿੰਘ ਵਾਸੀ ਕਾਲੇਵਾਲਬੀਤ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਰਾਮ ਕੁਮਾਰ ਅਤੇ ਮੇਰੀ ਸਕੀ ਨੂੰਹ ਸ੍ਰੀਮਤੀ ਪੂਜਾ ਰਾਣੀ ਪਤਨੀ ਬਲਰਾਮ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮਲਕੀਤ ਸਿੰਘ ਪੁੱਤਰ ਸ੍ਰੀ ਸੂਬਾ ਸਿੰਘ ਵਾਸੀ ਮਕਾਨ ਨੰ: 213, ਬੁੰਗਾ ਕਲੋਨੀ, ਬੜਿੰਗ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਜ ਕੁਮਾਰ ਪੁੱਤਰ ਤਰਲੋਕ ਚੰਦ ਭੱਲਾ ਵਾਸੀ ਵਾਰਡ ਨੰ. 7, ਅਦਰਸ਼ ਨਗਰ, ਭੋਗਪੁਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਰਾਜ ਕੁਮਾਰ ਤੋਂ ਬਦਲ ਕੇ ਰਾਜ ਕੁਮਾਰ ਭੱਲਾ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀਂ ਮਹਿੰਦਰ ਸਿੰਘ ਪੁੱਤਰ ਜੀਵਨ ਸਿੰਘ ਅਤੇ ਨਰਿੰਦਰ ਕੌਰ ਪਤਨੀ ਮਹਿੰਦਰ ਸਿੰਘ ਵਾਸੀ ਪਿੰਡ ਪੰਜੌੜ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਸੇਵਕ ਸਿੰਘ ਅਤੇ ਉਸਦੀ ਪਤਨੀ ਅਮਰਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਅਸੀ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹ ਆਪਣੇ ਕੀਤੇ ਚੰਗੇ-ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ।

ਮੈ ਪਰਵੀਨ ਕੁਮਾਰ ਪੁੱਤਰ ਪਰਮਾ ਨੰਦ ਵਾਸੀ ਪੋਸਟ ਆਫਿਸ ਰੋਡ ਨਕੋਦਰ, (ਜਲੰਧਰ) ਸੂਚਿਤ ਕਰਦਾ ਹਾਂ ਕਿ ਅਭਿਨੰਦਨ ਮੇਰਾ ਲੜਕਾ ਅਤੇ ਕਵਿਤਾ ਗੁਪਤਾ (ਨੂੰਹ) ਉਪਰੋਕਤ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ । ਮੈ ਉਕਤ ਦੋਹਾਂ ਨੂੰ ਆਪਣੀ ਚੱਲ-ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਉਕਤ ਦੋਹਾਂ ਨਾਲ ਕੋਈ ਤਅਲੁਕ ਜਾਂ ਵਾਸਤਾ ਨਹੀਂ ਰਿਹਾ । ਉਕਤ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਰਾਜ ਪਤਨੀ ਰਾਜਪਾਲ ਵਾਸੀ ਨਿਊ ਦਾਣਾ ਮੰਡੀ ਬੈਕਸਾਈਡ ਸੰਤ ਨਗਰ, ਬਟਾਲਾ, ਜਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਰਵੀ, ਉਸ ਦੀ ਪਤਨੀ ਰੀਟਾ ਉਰਫ ਰਿੱਤੂ ਅਤੇ ਦੂਸਰਾ ਲੜਕਾ ਬੰਟੀ ਉਰਫ ਮਿੱਠੀ, ਉਸ ਦੀ ਪਤਨੀ ਨਿਰਮਲ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ।ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲੇ ਖੁਦ ਜਿੰਮੇਵਾਰ ਹੋਣਗੇ ।

ਮੈਂ, ਗਗਨਦੀਪ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਵਾਰਡ ਨੰ 03 ਪੱਟੀ, ਤਹਿਸੀਲ ਪੱਟੀ ਜਿਲਾ ਤਰਨਤਾਰਨ ਦਾ ਰਹਿਣ ਵਾਲਾ ਹਾ । ਮੇਰੀ ਭੈਣ ਸਿਮਰਨਜੀਤ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ। ਮੈਂ ਆਪਣੀ ਭੈਣ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿੱਚੋ ਬੇਦਖਲ ਕਰਦਾ ਹਾ। ਇਸ ਨਾਲ ਲੈਣ ਦੇਣ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਜਨਕ ਰਾਜ ਪੁੱਤਰ ਕਰਮ ਚੰਦ ਵਾਸੀ ਪਿੰਡ ਨੋਸ਼ਹਿਰਾ ਨਲਬੰਦਨ, ਤਹਿਸੀਲ ਤੇ ਜਿਲ੍ਹਾ ਪਠਾਨਕੋਟ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਰਿੰਦਰ ਕੁਮਾਰ ਅਤੇ ਉਸਦੀ ਪਤਨੀ ਰਿੰਪੀ ਦੇਵੀ ਮੇਰੇ ਕਹਿਣੇ ਤੋ ਬਾਹਰ ਹਨ । ਮੈਂ ਇਨ੍ਹਾ ਨੂੰ ਆਪਣੀ ਚਲ-ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਨ੍ਹਾ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿਮ੍ਹੇਵਾਰ ਹੋਵੇਗਾ ।

ਮੈਂ ਇੰਦਰ ਪਾਲ ਸਿੰਘ ਛਾਬੜਾ ਪੁੱਤਰ ਗੁਰਮੁਖ ਸਿੰਘ ਛਾਬੜਾ , ਵਾਸੀ ਮਕਾਨ ਨੰਬਰ 20/24 , ਨਿਊ ਵਿਜੇ ਨਗਰ , ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਵੇਨੀਆ ਛਾਬੜਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਅਸੀ ਪਾਟੋ ਪੁੱਤਰ ਲੇਟ ਮੁਖਤਾਰ ਸਾਈਂ ਅਤੇ ਅਰਨਾ ਪਤਨੀ ਪਾਟੋ ਵਾਸੀ ਮਕਾਨ ਨੰ. ਐਮ-3775,ਨੂਰੀ ਮੁੱਹਲਾ ,ਗੇਟ ਭਗਤਾਂ ਵਾਲਾ ਅੰਮ੍ਰਿਤਸਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਿਤੀਨ,ਉਸਦੀ ਪਤਨੀ ਸਪਨਾ ਅਤੇ ਇਹਨਾ ਦੇ ਦੋਨੋਂ ਲੜਕੇ ਅਗਮ ਅਤੇ ਅਕੁੰਸ਼ ਸਾਡੇ ਕਹਿਣੇ ਤੋ ਬਾਹਰ ਹਨ । ਇਹ ਹੈ ਕਿ ਸਾਡਾ ਲੜਕਾ ਨਿਤੀਨ, ਨੂੰਹ ਸਪਨਾ ਅਤੇ ਇਹਨਾਂ ਦੇ ਦੋਨੋਂ ਲੜਕੇ ਅਗਮ ਅਤੇ ਅਕੁੰਸ਼ ਨੂੰ ਅਸੀ ਆਪਣੀ ਚੱਲ ਅਚੱਲ ਜ਼ਮੀਨ ਜ਼ਾਇਦਾਦ ਤੋ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਹਨਾਂ ਦੇ ਨਾਲ ਸਾਡਾ ਅਤੇ ਸਾਡੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਨਿਰਮਲ ਸਿੰਘ ਪੁੱਤਰ ਬੁੱਧ ਰਾਮ, ਵਾਸੀ ਦੌਲਤਪੁਰ (ਸੰਗਰੂਰ) ਆਪਣੀ ਲੜਕੀ ਹਰਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ, ਰਾਜਵਿੰਦਰ ਕੌਰ ਪਤਨੀ ਬੇਅੰਤ ਸਿੰਘ ਵਾਸੀ ਮਕਾਨ ਨੰ. 22, ਗਲੀ ਨੰ. 3, ਬੈਕਸਾਈਡ ਡੇਰਾ ਬਾਬਾ ਦਰਸ਼ਨ ਸਿੰਘ, ਰਾਮ ਤੀਰਥ ਰੋਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਕਵਲਜੀਤ ਕੌਰ ਅਤੇ ਉਸ ਦੀ ਲੜਕੀ ਪਵਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸੁੱਚਾ ਸਿੰਘ ਪੁੱਤਰ ਸ੍ਰ. ਗੁਲਜ਼ਾਰ ਸਿੰਘ ਵਾਸੀ ਮਕਾਨ ਨੰ. 997, ਗਲੀ ਨੰ. 3, ਦਸਮੇਸ਼ ਨਗਰ, ਕੋਟ ਖਾਲਸਾ, ਤਹਿਸੀਲ ਵਾ. ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰੇਸ਼ਮ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਬਲਬੀਰ ਸਿੰਘ ਪੁੱਤਰ ਸ੍ਰ. ਸੰਤਾ ਸਿੰਘ ਵਾਸੀ ਮਕਾਨ ਨੰ. 23-ਏ, ਫੇਅਰਲੈਂਡ ਕਾਲੋਨੀ ਅੰਮ੍ਰਿਤਸਰ-1, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਅਤੇ ਇਸ ਦੀ ਪਤਨੀ ਸਤਿੰਦਰਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਮਨੀਸ਼ ਕੁਮਾਰ ਭੱਲਾ ਪੁੱਤਰ ਅੰਮ੍ਰਿਤ ਲਾਲ ਭੱਲਾ ਵਾਸੀ ਮਕਾਨ ਨੰ. 9, ਗਲੀ ਨੰ. 14, ਬਟਾਲਾ ਰੋਡ, ਨਿਊ ਪਵਨ ਨਗਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਲ ਭੱਲਾ ਅਤੇ ਇਸ ਦੀ ਪਤਨੀ ਪੂਜਾ ਬੱਤਰਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਮਾਹਣਾ ਸਿੰਘ ਪੁੱਤਰ ਪ੍ਰੀਤਮ ਸਿੰਘ ਅਤੇ ਮਲਕੀਤ ਕੌਰ ਪਤਨੀ ਮਾਹਣਾ ਸਿੰਘ ਵਾਸੀ ਪਿੰਡ ਵਰਪਾਲ, ਪੱਤੀ ਬਾਲੇ ਕੀ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਪੁੱਤਰ ਗੁਰਸਾਹਿਬ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਨਸੀਬ ਕੌਰ ਪਤਨੀ ਲੇਟ ਸ੍ਰੀ ਆਸਾ ਸਿੰਘ ਵਾਸੀ ਪਿੰਡ ਬਹੋਨਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਤੀਰਥ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, **Kuljit Singh** ਪੁੱਤਰ ਗੋਪੀ ਚੰਦ, ਵਾਸੀ ਪਿੰਡ ਕੱਕੜਵਾਲ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ **Kuljeet Singh** ਰੱਖ ਲਿਆ ਹੈ।

ਮੈਂ, ਲਵਕੇਸ਼ ਕੁਮਾਰ ਪੁੱਤਰ ਜਗਦੀਸ਼ ਭਾਰਦਵਾਜ, 3/140, ਨੰਗਲ ਕੋਟਲੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪਿੰਨ ਕੋਡ 143521, ਪੰਜਾਬ, ਭਾਰਤ। ਮੇਰੇ ਪਿਤਾ ਦਾ ਨਾਮ ਲਵਕੇਸ਼ ਕੁਮਾਰ ਪੁੱਤਰ ਜਗਦੀਸ਼ ਭਾਰਦਵਾਜ ਤੋਂ ਬਦਲ ਕੇ ਲਵਕੇਸ਼ ਕੁਮਾਰ ਪੁੱਤਰ ਜਗਦੀਸ਼ ਰਾਜ ਕਰ ਦਿੱਤਾ ਹੈ।

ਮੈਂ, ਬਲਜਿੰਦਰ ਕੌਰ ਤੂਰ ਪੁੱਤਰੀ ਸ੍ਰੀ ਗੁਰਦਾਸ ਸਿੰਘ, ਹਾਊਸ ਨੰ. 696 ਦਸਮੇਸ਼ ਨਗਰ, ਭਵਾਨੀਗੜ੍ਹ (ਸੰਗਰੂਰ) ਨੇ ਮੇਰਾ ਨਾਂ ਬਲਜਿੰਦਰ ਕੌਰ ਤੂਰ ਤੋਂ ਬਦਲ ਕੇ ਬਲਜਿੰਦਰ ਕੌਰ ਰੱਖ ਦਿੱਤਾ ਹੈ।

ਮੈਂ ਪ੍ਰੀਤੀ **(PREETY)** ਪਤਨੀ ਰਾਜਿੰਦਰ ਸਿੰਘ, ਵਾਸੀ ਮਕਾਨ ਨੰਬਰ 145, ਪਰਲ ਈਨਕਲੇਵ, ਸਰਹਿੰਦ (ਆਰ), ਜ਼ਿਲ੍ਹਾ ਫਤਿਹਗੜ੍ਹ ਸਾਹਿਬ ਪੰਜਾਬ, 140406 ਨੇ ਆਪਣਾ ਨਾਂ ਬਦਲ ਕੇ ਪ੍ਰੀਤੀ ਕੌਰ ( **PREETY KAUR** ) ਰੱਖ ਲਿਆ ਹੈ । ਸਬੰਧਤ ਨੋਟ ਕਰਨ।

ਮੈਂ, ਅਸ਼ਵਨ ਕੁਮਾਰ ਪੁੱਤਰ ਰਾਜ ਕੁਮਾਰ ਭੱਲਾ ਵਾਸੀ ਵਾਰਡ ਨੰ. 7, ਅਦਰਸ਼ ਨਗਰ, ਭੋਗਪੁਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਅਸ਼ਵਨ ਕੁਮਾਰ ਤੋਂ ਬਦਲ ਕੇ ਅਸ਼ਵਨ ਭੱਲਾ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਬਲਵੀਰ ਕੁਮਾਰੀ ਪਤਨੀ ਜਗਦੀਸ਼ ਸਿੰਘ ਵਾਸੀ 75 ਬੀ ਰੋਇਲ ਅਸਟੇਟ ਉਲਡ ਫਗਵਾੜਾ ਰੋਡ, ਜਲੰਧਰ-144024, ਪੰਜਾਬ ਨੇ ਆਪਣਾ ਨਾਮ ਬਲਵੀਰ ਕੁਮਾਰੀ ਤੋਂ ਬਦਲ ਕੇ ਬਲਬੀਰ ਕੌਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Change of Name

I, MANPREET KAUR, DAUGHTER OF MAHINDER SINGH, WHOSE PERMANENT ADDRESS IN INDIA IS VPO KOTLA BHAGU, TEHSIL NAKODAR, DISTRICT JALANDHAR, PUNJAB - 144040 CURRENTLY RESIDING AT 6 PARK STREET, ROWLEY REGIS, B65 0AJ, UK, WAS PREVIOUSLY KNOWN AS MANPREET KAUR RAJASANSI. I HAVE CHANGED MY NAME TO MANPREET KAUR FOLLOWING MY DIVORCE FROM HARJINDER SINGH RAJASANSI. I WILL HENCEFORTH BE KNOWN AS MANPREET KAUR FOR ALL LEGAL AND OFFICIAL PURPOSES. MY PREVIOUS ADDRESS (VILLAGE GUGH, PO SUDANA, DISTRICT JALANDHAR - 144201, PUNJAB) IS NO LONGER VALID FOR ANY OFFICIAL RECORDS. (U/I)

I, NISHANT S/O MR SUJJAN KUMAR WHOSE PERMANENT ADDRESS IN INDIA IS 169/14 CHUNNI PURA, ROHTAK, ROHTAK, PIN:124001, HARYANA AND NOW LIVING AT 8 GEDDING ROAD, LEICESTER, LE5 5DT, UK HEREBY GIVE NOTICE OF MY INTENTION TO CHANGE MY NAME TO NISHANT (GIVEN NAME) NISHANT (SURNAME). (U/I/)

I, KIRAN MAYEE D/O MAGESH KILPAUK CHANDRASEKARAN WHOSE PERMANENT ADDRESS IN INDIA IS GAGAN MURTHY APARTMENTS FLAT NO 302, 1ST MAIN ROAD, V NAGENAHALLI, R T NAGAR BENGALURU, KARNATAKA PIN: 560032 AND NOW LIVING AT 51 TRINDER ROAD, SMETHWICK, WEST MIDLANDS B67 5NX, UK HEREBY GIVE NOTICE OF MY INTENTION TO CHANGE MY NAME TO KIRAN MAYEE (GIVEN NAME) MAGESH (SURNAME). (U/I)

I, hitherto known as Karamjit Kaur wife of Ranjit Singh resident of VPO Lamin, District Hoshiarpur, Punjab have changed my name Karamjit Kaur to Kaur Karamjit. Now my given name is Karamjit and Surname is Kaur. All concerned note.

I, Manohar Lal Bhaghat S/O Ishar Dass R/O 3532/14, Gali No.14,Haripura,Amritsar,Punjab have changed my name from Manohar Lal Bhaghat to Manohar Lal.Concerned note.

I, Kashish Bansal W/O Ankur Bansal R/O 480,Majitha Road, Greenfield Avenue, Amritsar, Punjab have changed my name from Kashish Bansal to Daizam Aggarwal. Concerned note.

I, Sukhwinder Singh S/o Lakhwinder Singh R/o Village Harar Near Bhure Gill PO Chamayari Tehsil Ajnala District Amritsar have declare that Sukhwinder is my Given name and Singh is my Surname

I, Sunny S/o Ashok Kumar R/o 823, Gali Pipia Wali, Bazar Borian Wala, Amritsar have changed my name from Sunny to Sunny Kumar

I, Prabjoti W/o Naresh Kumar R/o 1735, 2, Guru Nanak Colony, Near Sanjan Di Bambi T.T Road, Amritsar have changed my name from Prabha to Prabjoti

I, Gurpreet Singh S/o Manjit Singh R/o Vill Bhangwan, Distt Amritsar have declare that Singh is my Surname Gurpreet is my given name

I, Rashmi Thakur W/o Kaushik Thakur R/o 525, Gali No.1, Transform Wali Gali, Shastri Nagar, Majitha Road, Amritsar have changed my name from Meera Thakur to Rashmi Thakur

I, Gursimran Singh S/o Palwinder Singh R/o Vill. Sarwali Tehsil Batala Distt. Gurdaspur have changed my name from Gursimran Singh to Given name Gursimran Surname Singh.

I, Manish Kumar S/o Kishan Kumar R/o East Mohan Nagar, H.No.C52, Amritsar have declare that Manish is my Given name and Kumar is my Surname.

I, Raman W/O Dilbag Singh R/O Village & po - FATEHGARH, Distt. KAPURTHALA - 144401, Punjab have changed the name of my minor Son Amrit Singh aged 15 Years, in which amrit as given name and singh as surname. All note.

I, Mukhtiar Singh S/O Santa Singh R/O VPO Umarwal Billa, Distt. Jalandhar - 144041, Punjab have changed my name from Mukhtiar Singh to Mukhtar Singh. All concerned please note.

I, Baljeet Singh S/O Mukhtar Singh R/O VPO Umarwal Billa, Distt. Jalandhar - 144041, Punjab have changed my name from Baljeet Singh to Baljit Singh. All concerned please note.

I, Rajinder Kaur W/o Sardool Singh R/o Vill. Mandiala, PO. Ghoman, Teh. Batala, Distt. Gurdaspur, Punjab have changed my name from Rajinder Kaur to Rajwinder Kaur. Concerned Note.

I, Harminder Singh Thappar S/o Mandhir Singh R/o Village & Post Office Pandori Nijjaran, Distt. Jalandhar, Punjab have changed my name to Harminder Singh. All concerned please note.

I, Budhi Nath S/o Khaga Nath R/o 159/L, Model Town, Jalandhar have changed my minor son's name from Natik to Naitik Bharali. All concerned please note.

I hitherto known as RANI W/O BRIJ LAL Residing at VPO Patara, Jalandhar, Punjab, 144101, have changed my name and shall hereafter be known as RAJ RANI.

I, Saroj W/o Vipan Kumar R/o H.No. 900/2, Rameshwar Colony, Jalandhar, Punjab have changed my name from Saroj to Saroj Saroj. All Please Note.

I, Tak Raj s/o Jagat Singh r/o Main Road, Sham Nagar, Phagwara, Distt. Kapurthala-144401 have changed my name from Tak Raj to Tek Raj. All Please Note.

I, hitherto known as Sanskaran S/o Ravinder Singh R/o C-649, Dadu Patti, VPO. Jandu Singha, Jalandhar, Punjab-144025 have changed my name and shall hereafter be known as Sanskaran Singh.

# ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਮਨਾਇਆ



ਬਟਾਲਾ (ਡਾ. ਮਲਵਿੰਦਰ ਸਿੰਘ)-ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਕਾਹਨੂੰਵਾਨ ਰੋਡ ਸ਼ਾਸਤਰੀ ਨਗਰ ਬਟਾਲਾ ਵਿਖੇ ਕਮੇਟੀ ਪ੍ਰਧਾਨ ਸੁਲੱਖਣ ਸਿੰਘ, ਸਕੱਤਰ ਜਨਰਲ ਬਾਬਾ ਸਿੰਘ, ਸਾਬਕਾ ਐੱਮਸੀ ਕੁਲਵੰਤ ਸਿੰਘ, ਮੀਤ ਪ੍ਰਧਾਨ ਹਰਪਾਲ ਸਿੰਘ, ਕੈਸ਼ੀਅਰ ਸਵਿੰਦਰ ਪਾਲ ਸਿੰਘ, ਗੁਰਦਰਸ਼ਨ ਸਿੰਘ ਧਾਮੀ, ਪ੍ਰੀਤਮ ਸਿੰਘ ਜਨਰਲ ਸਕੱਤਰ ਅਤੇ ਹੋਰ ਉੱਘੀਆਂ ਸ਼ਖਸੀਅਤਾਂ ਅਤੇ ਸਮੂਹ ਸੰਗਤਾਂ ਹਾਜ਼ਰ ਸਨ।ਇਸ ਵਿੱਚ ਢਾਡੀ ਜਥੇ ਵੱਲੋਂ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ ਨੇ ਭਗਤ ਨਾਮ ਦੇਵ ਜੀ ਦੇ ਜਨਮ ਦਿਹਾੜੇ 'ਤੇ ਖੁੱਲ੍ਹ ਕੇ ਚਾਨਣਾ ਪਾਇਆ ਅਤੇ ਕਿਹਾ ਕਿ ਸਾਨੂੰ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ ।ਆਈਆਂ ਸੰਗਤਾਂ ਵਿੱਚੋਂ ਕੁਝ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਗੁਰੂ ਦਾ ਅਤੁੱਟ ਲੰਗਰ ਸੰਗਤਾਂ ਨੂੰ ਛਕਾਇਆ ਗਿਆ।

# ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਧਾਰਮਿਕ ਸਮਾਗਮ



ਸਮਾਣਾ (ਰਾਜਿੰਦਰ ਸਿੰਘ ਥਿੰਦ)-ਪਿੰਡ ਲਲੌਛੀ ਤੇ ਨਵੀਂ ਲਲੌਛੀ ਵਿਖੇ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਕਰਾਇਆ ਗਿਆ।ਗੁਰੂ ਗੋਬਿੰਦ ਸਿੰਘ ਦੀ ਗੁਰਿਆਈ ਦਿਵਸ ਦੇ 350 ਸਾਲਾ ਸਮੇਤ ਮਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਮਹਾਨ ਵਿਦਵਾਨ, ਕਥਾਵਾਚਕਾਂ ਤੇ ਕਾਰ ਸੇਵਾ ਵਾਲੇ ਮਹਾਂਪੁਰਖਾਂ ਨੇ ਪਹੁੰਚ ਕੇ ਸੰਗਤ ਨੂੰ ਗੁਰੂ ਸਾਹਿਬ ਦੇ ਇਤਿਹਾਸ ਨਾਲ ਜੋੜਿਆ।

ਸਮਾਗਮ ਦੌਰਾਨ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਪਟਿਆਲਾ ਦੇ ਐਸ.ਡੀ.ਐਮ. ਹਰਜੋਤ ਕੌਰ ਮਾਵੀ ਤੇ ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ ਵੀ ਸ਼ਰਧਾਲੂਆਂ ਦੀ ਤਰ੍ਹਾਂ ਸ਼ਿਰਕਤ ਕਰਦੇ ਹੋਏ ਗੁਰੂ ਸਾਹਿਬ ਨੂੰ ਨਤਮਸਤਕ ਹੋਏ।ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਧਨੌਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ ਸਮੇਤ ਭਾਈ ਗੁਰਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਗੁਰਬਾਣੀ ਤੇ ਗੁਰੂ ਇਤਿਹਾਸ ਤੋਂ ਜਾਣੂ ਕਰਵਾਇਆ।

ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਇੱਕ ਨਿਮਾਣੇ ਸ਼ਰਧਾਲੂ ਵਜੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਤ ਸਮਾਗਮ ਕਰਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਪਿੰਡ ਲਲੌਛੀ ਵਿਖੇ ਵੀ ਇਹ ਵਿਸ਼ੇਸ਼ ਧਾਰਮਿਕ ਸਮਾਗਮ ਕਰਾਇਆ ਗਿਆ ਹੈ, ਜਿਸ ਵਿੱਚ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ 21 ਨਵੰਬਰ ਨੂੰ ਸ੍ਰੀ ਦਮਦਮਾ ਸਾਹਿਬ ਤੋਂ ਪਟਿਆਲਾ ਪੁੱਜ ਰਹੇ ਨਗਰ ਕੀਰਤਨ ਦੇ ਸਵਾਗਤ ਲਈ ਸੰਗਤ ਵਿੱਚ ਬਹੁਤ ਉਤਸ਼ਾਹ ਹੈ।

## Change of Name

I Rani W/O Samuel Babby R/O Gali No 10 Hno 127/D, Sangat Singh Nagar, Jalandhar, Punjab, India, Have Changed My Name From Rani To Sosan.

I Meena W/O Kamal Jit Resident Of H.no. 566 Gali No.1, Abadpura, Po. Model Town, Jalandhar, Punjab, India Have Changed My Name From Meena To Meena Kumari.

I, Onkar S/O Balvir Ram R/O VPO Ratainda, Tehsil Banga, Distt. S.B.S Nagar, Punjab have changed my name from Onkar To Onkar Pourh. All concerned please note.

I Renu Bala D/o Jagtar R/o House No.53 , Ashok Nagar, Nandanpur Road , Maqsudan Jalandhar 144008 Punjab, India have changed my name from Renu Bala To Renu is a given name and Bala is a surname.

I Mohammd Latif s/o Basir Ahamda r/o VPO Chomon , jalandhar punjab, 144103 have changed my name from Mohammd Latif to Rajaq Ali.

I Neelam W/o Jagdev Singh R/o Vill. Mulewal Araian PO Lasuri Teh. Shahkot Pin 144702 Distt Jalandhar, Punjab, have changed my name from Neelam to Neelam Kaur. All please note

I Jagdev S/o Dalbir Singh R/o Vill. Mulewal Araian PO Lasuri Teh. Shahkot Pin 144702 Distt Jalandhar, Punjab, have changed my name from Jagdev to Jagdev Singh . All please note

I, Abhinash Gill S/o. Satnam Lal, resident of Village Sarishatpur Kasba Post Office Manak Dheri, District Hoshiarpur, have changed my name from ABHINASH to ABHINASH GILL. Please note all concerned.

I, Pardeep Singh s/o Mahinder Singh r/o Vill. Thoana, Po. Thowana, Distt. Hoshiarpur have changed my name to Given name as Pardeep & Surname as Singh. All Please Note.

I, Tarjinder Kumar s/o Raj Kumar r/o VPO. Mehli, Teh. Banga, Distt. SBS Nagar-144504, Punjab have changed my name to Given name as Tarjinder & Surname as Kumar. All Please Note.

I, Sumpreet s/o Ram Jit r/o H.No.148, Noor Pur Colony, Jalandhar, Punjab have changed my name from Sumpreet to Sumpreet Kainth (Kainth as Surname) All Please Note. (R)

I, Sunita w/o Ramesh Kumar r/o H.No.110, Mohalla Idgah, VPO. Garha, Distt. Jalandhar, Punjab have changed my name from Sunita to Anita. All Please Note.

I, Rekha d/o Shiv Kumar r/o H.No.52, St. No.7, W. No. 13, Kaki Pind, Jalandhar 144023 have changed my name from Rekha to Rekha Rani (Rekha as given name & Rani as surname) All Please Note.

I, Amrik Singh S/o Jarnail Singh R/o Vill. Jallowal, Distt.Kapurthala, Punjab have changed my name from Amrik Singh to Given name as Amrik & Surname as Singh. All Please Note.

I, Gurjit Singh S/o Sulakhan Singh R/o Vill. Miani bola, Po. Saiflabad Distt. Kapurthala, Punjab have changed my name from Gurjit Singh to Given name as Gurjit & Surname as Singh. All Please Note.

I, Shalu Sharma W/o Suraj Parkash R/o H.No. N J-99, Gali Hultwali, Near Bhairon Bazar, Mohindru Mohalla, Jalandhar-144001, Punjab have changed my name from Shalu Sharma to Rama Sharma. All Please Note.

I, Krishan Lal Kalra s/o Hari Chand r/o H.no.11, Opp State Bank of India, Urba Estate, Phase-1, Garha, Jalandhar, Punjab have changed my name from Krishan Lal Kalra to Krishan Lal. All Please Note.

I, hitherto known as Ankit S/o Upender Jha R/o H.No. 211, New Amrik Nagar, Distt. Jalandhar, Punjab-144001 have changed my name and shall hereafter be known as Ankit Jha.

I, hitherto known as Lakhwinder Singh S/o Gurmukh Singh R/o H.No.913-A, Bhagat Singh Nagar, Model House, Jalandhar-144003, Punjab have changed my name and shall hereafter be known as Lakha Singh.

I, Pawan Kumar S/o Sukhdev Raj R/o House No. 144, Peernianeshah, Hadiabad, Satnampura, Kapurthala, Punjab-144402 have changed the name of my minor son Hemain Kaul aged 06 years and he shall hereafter be known as Heman Kaul.

# ਖੱਟਰ ਨੇ ਸ਼ਹੀਦੀ ਦਿਵਸ ਨੂੰ ਸਮਰਪਿਤ ਮੈਰਾਥਨ ਨੂੰ ਹਰੀ ਝੰਡੀ ਵਿਖਾਈ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਕੇਂਦਰੀ ਰਿਹਾਇਸ਼, ਊਰਜਾ ਅਤੇ ਸ਼ਹਿਰੀ ਮਾਮਲੇ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਤੋਂ ਪ੍ਰੇਰਣਾ ਮਿਲਦੀ ਹੈ ਕਿ ਸਾਨੂੰ ਸਮਾਜ, ਧਰਮ ਅਤੇ ਦੇਸ਼ ਲਈ ਕੰਮ ਕਰਨਾ ਚਾਹੀਦਾ ਹੈ।ਕੇਂਦਰੀ ਮੰਤਰੀ ਕਰਨਾਲ ਵਿੱਚ ਐੱਨ ਡੀ ਆਰ ਆਈ ਚੌਂਕ 'ਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਹਿੰਦ ਦੀ ਚਾਦਰ ਮੈਰਾਥਨ ਨੂੰ ਹਰੀ ਝੰਡੀ ਵਿਖਾਉਣ ਤੋਂ ਪਹਿਲਾਂ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ।ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਦੇ 350 ਸਾਲਾਂ ਸ਼ਹੀਦੀ ਦਿਵਸ 'ਤੇ ਕਰਨਾਲ ਦੇ ਨਾਲ ਨਾਲ ਦੇਸ਼ ਭਰ ਵਿੱਚ ਯਾਤਰਾਵਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਹਜ਼ਾਰਾਂ ਨੌਜੁਆਨ 9ਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਨੂੰ ਨਮਨ ਕਰਨ ਲਈ ਇੱਕਠੇ ਹੋਏ ਹਨ। ਕੇਂਦਰੀ ਮੰਤਰੀ ਨੇ ਕਿਹਾ ਕਿ ਦਿੱਲੀ ਦੇ ਚਾਂਦਨੀ ਚੌਂਕ ਸਥਿਤ ਗੁਰਦੁਆਰਾ ਸ਼ੀਸ਼ਗੰਜ ਦੇ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦੁਰ ਦਾ ਧੜ ਸਿਰ ਤੋਂ ਵੱਖ ਕਰ ਦਿੱਤਾ ਸੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਸ਼ੀਸ਼ ਨੂੰ ਦਿੱਲੀ ਤੋਂ ਆਨੰਦਪੁਰ ਸਾਹਿਬ ਲੈ ਜਾਣ ਦੀ ਘਟਨਾ ਦੌਰਾਨ ਹਰਿਆਣਾ ਦੀ ਧਰਤੀ ਨਾਲ ਜੁੜੇ ਇੱਕ ਬਲਿਦਾਨ ਦਾ ਵੀ ਵਰਨਣ ਕੀਤਾ। ਉਨ੍ਹਾਂ ਨੇ ਦੱਸਿਆ ਕਿ ਸੋਨੀਪਤ ਜ਼ਿਲ੍ਹਾ ਦੇ ਬੜਖਾਲਸਾ ਪਿੰਡ ਦੇ ਇੱਕ ਨੌਜੁਆਨ ਨੇ ਗੁਰੂ ਜੀ ਦੇ ਸ਼ੀਸ਼ ਨੂੰ ਮੁਗਲ ਫੌਜ ਤੋਂ ਬਚਾਉਣ ਲਈ ਆਪਣਾ ਸ਼ੀਸ਼ ਕਟਵਾ ਦਿੱਤਾ।

# ਭਾਰਤੀ ਕੁਸ਼ਤੀ ਮਹਾਂਸੰਘ ਵੱਲੋਂ ਪ੍ਰੋ-ਰੈਸਲਿੰਗ ਲੀਗ ਦੀ ਵਾਪਸੀ ਦਾ ਐਲਾਨ

ਲੁਧਿਆਣਾ : ਭਾਰਤੀ ਖੇਡ ਜਗਤ ਵਿੱਚ ਇੱਕ ਇਤਿਹਾਸਕ ਕਦਮ ਚੁੱਕਦਿਆਂ ਭਾਰਤੀ ਕੁਸ਼ਤੀ ਮਹਾਸੰਘ (ਡਬਲਯੂਐੱਫਆਈ) ਨੇ ਪ੍ਰੋ-ਰੈਸਲਿੰਗ ਲੀਗ (ਪੀਡਬਲਯੂਐੱਲ) ਦੀ ਵਾਪਸੀ ਦਾ ਐਲਾਨ ਕੀਤਾ ਹੈ।ਇਸ ਵਾਰ ਪੀਡਬਲਯੂਐੱਲ ਨੂੰ ਇੱਕ ਮਜ਼ਬੂਤ ਸਰਕਾਰੀ-ਨਿੱਜੀ ਸਾਂਝੇਦਾਰੀ ਮਾਡਲ ਤਹਿਤ ਆਯੋਜਿਤ ਕੀਤਾ ਜਾਵੇਗਾ, ਜਿਸਦਾ ਮਕਸਦ ਭਾਰਤੀ ਪਹਿਲਵਾਨਾਂ ਨੂੰ ਵਿਸ਼ਵ ਪੱਧਰ ਦਾ ਮੰਚ ਦੇਣਾ, ਦੇਸ਼ ਦੇ ਓਲੰਪਿਕ ਸੁਪਨਿਆਂ ਨੂੰ ਨਵੀਂ ਦਿਸ਼ਾ ਦੇਣਾ ਅਤੇ ਭਾਰਤੀ ਕੁਸ਼ਤੀ ਦੀ ਮਾਤ੍ਰ ਸ਼ਕਤੀ ਨੂੰ ਸਸ਼ਕਤ ਬਣਾਉਣਾ ਹੈ।ਇਹ ਲੀਗ ਜਨਵਰੀ 2026 ਦੇ ਮੱਧ ਤੋਂ ਸ਼ੁਰੂ ਹੋਣ ਦੀ ਤਿਆਰੀ ਵਿੱਚ ਹੈ, ਜੋ ਕਿ ਕੁਸ਼ਤੀ ਵਿੱਚ ਇੱਕ ਨਵਾਂ ਸੁਨਹਿਰਾ ਅਧਿਆਇ ਲਿਖਣ ਦਾ ਵਾਅਦਾ ਕਰਦੀ ਹੈ।ਲੀਗ ਦੀ ਦਿਸ਼ਾ ਅਤੇ ਉਦੇਸ਼ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਪ੍ਰਾਹੁਣੇ ਅਤੇ ਭਾਰਤੀ ਕੁਸ਼ਤੀ ਮਹਾਸੰਘ (ਡਬਲਯੂਐੱਫਆਈ) ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਬ੍ਰਿਜਭੂਸ਼ਨ ਸ਼ਰਨ ਸਿੰਘ ਨੇ ਕਿਹਾ ਕਿ ਕੁਸ਼ਤੀ ਭਾਰਤ ਵਿੱਚ ਸਿਰਫ ਇੱਕ ਖੇਡ ਨਹੀਂ, ਸਗੋਂ ਸਾਡੀ ਪਰੰਪਰਾ ਅਤੇ ਸੰਸਕ੍ਰਿਤੀ ਦੀ ਵਿਰਾਸਤ ਹੈ।

### ਪੰਜਾਬ ਸਰਕਾਰ ਨੇ ਬਿਜਲੀ ਕੁਨੈਕਸ਼ਨਾਂ ਸੰਬੰਧੀ ਪ੍ਰਕਿਰਿਆ ਨੂੰ ਬਣਾਇਆ ਆਸਾਨ

# 50 ਕਿਲੋਵਾਟ ਤੱਕ ਦੇ ਲੋਡ ਵਾਲੇ ਖਪਤਕਾਰਾਂ ਲਈ ਸਵੈ-ਪ੍ਰਮਾਣੀਕਰਨ ਦੀ ਕੀਤੀ ਸ਼ੁਰੂਆਤ: ਅਰੋੜਾ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਐਲਾਨ ਕੀਤਾ ਹੈ ਕਿ ਲਾਈਨਮੈਨ ਟਰੇਡ ਵਿੱਚ 2,600 ਅਪ੍ਰੈਂਟਿਸ (ਇਟਨ) ਸਬੰਧੀ ਚੋਣ ਪ੍ਰਕਿਰਿਆ ਸਫਲਤਾਪੂਰਵਕ ਮੁਕੰਮਲ ਹੋ ਗਈ ਹੈ, ਜਿਸ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਪੀ ਸੀ ਐੱਲ) ਲਈ 2,500 ਅਪ੍ਰੈਂਟਿਸ ਅਤੇ ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਟੀ ਸੀ ਐੱਲ) ਲਈ 100 ਅਪ੍ਰੈਂਟਿਸ ਸ਼ਾਮਲ ਹਨ।ਸ੍ਰੀ ਅਰੋੜਾ ਨੇ ਕਿਹਾ ਕਿ ਨਵੀਂ ਪ੍ਰਣਾਲੀ ਦੇ ਤਹਿਤ, ਐਲ.ਟੀ. (ਲੋਅ ਟੈਂਸ਼ਨ) ਸ਼੍ਰੇਣੀ ਦੇ ਤਹਿਤ 50 ਕਿਲੋਵਾਟ ਤੱਕ ਦੇ ਲੋਡ ਵਿੱਚ ਨਵੇਂ ਕੁਨੈਕਸ਼ਨ ਜਾਂ ਤਬਦੀਲੀਆਂ ਦੀ ਮੰਗ ਕਰਨ ਵਾਲੇ ਬਿਨੈਕਾਰਾਂ ਜਾਂ ਖਪਤਕਾਰਾਂ ਨੂੰ ਕਿਸੇ ਲਾਇਸੰਸਸ਼ੁਦਾ ਇਲੈਕਟ੍ਰੀਕਲ ਠੇਕੇਦਾਰ ਤੋਂ ਕੋਈ ਟੈਸਟ ਰਿਪੋਰਟ ਜਾਂ ਇਮਾਰਤ ਵਿੱਚ ਬਿਜਲੀ ਸਬੰਧੀ ਵਿਵਸਥਾ ਲਈ ਕੋਈ ਸਵੈ-ਪ੍ਰਮਾਣੀਕਰਨ/ ਦਸਤਖਤ ਕੀਤੇ ਦਸਤਾਵੇਜ਼ ਜਮ੍ਹਾ ਕਰਨ ਦੀ ਲੋੜ ਨਹੀਂ ਹੋਵੇਗੀ। ਇਸ ਦੀ ਬਜਾਏ, ਆਨਲਾਈਨ ਅਰਜ਼ੀ ਫਾਰਮ ਵਿੱਚ ਇੱਕ ਘੋਸ਼ਣਾ ਹੋਵੇਗੀ ਜਿਸ ਵਿੱਚ ਬਿਨੈਕਾਰ ਘੋਸ਼ਣਾ ਕਰੇਗਾ 'ਕਿ ਇਮਾਰਤ ਵਿੱਚ ਅੰਦਰੂਨੀ ਤਾਰਾਂ ਇੱਕ ਲਾਇਸੰਸਸ਼ੁਦਾ ਇਲੈਕਟ੍ਰੀਕਲ ਠੇਕੇਦਾਰ/ਸਰਕਾਰ ਦੇ ਮਨੋਨੀਤ ਅਧਿਕਾਰੀ ਵੱਲੋਂ ਲਗਾਈਆਂ ਗਈਆਂ ਹਨ ਅਤੇ ਟੈਸਟ ਕੀਤਾ ਗਿਆ ਹੈ ਅਤੇ ਟੈਸਟ ਸਰਟੀਫਿਕੇਟ ਬਿਨੈਕਾਰ ਕੋਲ ਉਪਲਬਧ ਹੈ।' ਜ਼ਿਕਰਯੋਗ ਹੈ ਕਿ, ਪੀ ਐੱਸ ਪੀ ਸੀ ਐੱਲ (ਏ ਪੀਨੂੰ ਛੱਡ ਕੇ) ਵਿੱਚ 50 ਕਿਲੋਵਾਟ ਤੋਂ ਘੱਟ ਲੋਡ ਵਾਲੇ ਕੁੱਲ ਕੁਨੈਕਸ਼ਨ 99.5% ਤੋਂ ਵੱਧ ਹਨ।

## ਆਮ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਕੀਤਾ ਜਾਗਰੂਕ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ ਏ ਐੱਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜਨਾਂ ਦੇ ਵੱਖ-ਵੱਖ ਪਿੰਡਾਂ ਵਿਚ ਕੌਮੀ ਕਾਨੂੰਨੀ ਸੇਵਾਵਾਂ ਦਿਵਸ ਦੇ ਮੌਕੇ 'ਤੇ ਆਮ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਜਾਗਰੂਕ ਕਰਨ ਦੇ ਮਨੋਰਥ ਨਾਲ ਸੈਮੀਨਾਰ ਕਰਵਾਏ ਗਏ।ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਨੀਰਜ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਆਮ ਜਨਤਾ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਗਰੂਕ ਕਰਨਾ ਹੈ। ਉਨ੍ਹਾਂ ਦੱਸਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀ ਐਕਟ, 1987 ਦੇ ਅਧੀਨ ਮੁਫ਼ਤ ਕਾਨੂੰਨੀ ਸਹਾਇਤਾ ਲੈਣ ਦੇ ਹੱਕਦਾਰ ਉਹ ਲੋਕ ਹਨ, ਜਿਵੇਂ ਕਿ ਹਰ ਉਹ ਵਿਅਕਤੀ ਜਿਹੜਾ ਕਿ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦਾ ਮੈਂਬਰ, ਵੱਡੀ ਮੁਸੀਬਤ/ਕੁਦਰਤੀ ਆਫ਼ਤਾਂ ਦੇ ਮਾਰੇ, ਬੇਗਾਰ ਦੇ ਮਾਰੇ, ਉਦਯੋਗਿਕ ਕਾਮੇ, ਇਸਤਰੀ/ਬੱਚਾ, ਹਿਰਾਸਤ ਵਿਚ, ਮਾਨਸਿਕ ਰੋਗੀ/ਅਪੰਗ ਅਤੇ ਕੋਈ ਐਸਾ ਵਿਅਕਤੀ ਜਿਸ ਦੀ ਸਾਲਾਨਾ ਆਮਦਨ 300000 ਰੁਪਏ ਤੋਂ ਵੱਧ ਨਾ ਹੋਵੇ। ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਤੇ ਮਿਡੀਏਸ਼ਨ ਤੇ ਕੰਸੀਲੀਏਸ਼ਨ ਸੈਂਟਰ ਸਥਾਪਿਤ ਕੀਤੇ ਗਏ ਹਨ ਜਿਥੇ ਲੋਕਾਂ ਦੇ ਪ੍ਰੀਲਿਟੀਗੇਟਿਵ/ਪੈਂਡਿੰਗ ਕੇਸਾਂ ਦੀ ਸੁਣਵਾਈ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਦੋਸ਼ੀਆਂ ਦੇ ਕ੍ਰਿਮੀਨਲ ਕੇਸਾਂ ਦੀ ਪੈਰਵਾਈ ਲਈ ਲੀਗਲ ਏਡ ਡਿਫੈਂਸ ਕੌਂਸਲ, ਹੁਸ਼ਿਆਰਪੁਰ ਦਫ਼ਤਰ ਸਥਾਪਿਤ ਕੀਤਾ ਗਿਆ ਹੈ।ਇਸ ਮੌਕੇ ਵਿਸ਼ਾਲ ਕੁਮਾਰ, ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ ਰੁਪੀਕਾ ਠਾਕੁਰ, ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਤੋਂ ਇਲਾਵਾ ਪੈਨਲ ਐਡਵੋਕੇਟਾਂ ਕੁਲਵੀਰ ਸਿੰਘ, ਅਸ਼ੀਸ਼ ਜੋਤੀ, ਤਰੁਨਵੀਰ, ਬਿਕਰਮ ਭੱਲਾ, ਦਲਵੀਰ ਕੁਮਾਰ, ਨਮਰਤਾ ਮਿਨਹਾਸ, ਬ੍ਰਿਜ ਬਾਲਾ ਆਦਿ ਵੱਲੋਂ ਸੈਮੀਨਾਰ ਦੀ ਪ੍ਰਧਾਨਗੀ ਕੀਤੀ ਗਈ।

## ਰੱਸਾਕਸ਼ੀ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸਿਵਾ ਪਬਲਿਕ ਸਕੂਲ ਨੂਰਮਹਿਲ ਨੇ ਜਿਲੇ ਵਿੱਚੋਂ ਹਾਸਲ ਕੀਤਾ ਤੀਸਰਾ ਸਥਾਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਰਾਏ ਵਿਚ ਬੀਤੇ ਦਿਨੀ ਰੱਸਾਕਸ਼ੀ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਗਏ ਜਿਸ ਵਿਚ ਵੱਖ ਵੱਖ ਸਕੂਲਾਂ ਦੀਆ ਟੀਮਾਂ ਨੇ ਹਿੱਸਾ ਲਿਆ। ਅੰਡਰ 17 ਦੇ ਹੋਏ ਮੁਕਾਬਿਲਆਂ ਵਿਚੋਂ ਨੂਰਮਹਿਲ ਦੇ ਸਿਵਾ ਪਬਲਿਕ ਸਕੂਲ ਦੀ ਟੀਮ ਨੇ ਜਿਲ੍ਹੇ ਵਿਚੋਂ ਤੀਸਰਾ ਸਥਾਨ ਹਾਸਲ ਕੀਤਾ। ਚੇਅਰਪਰਸਨ ਸੁਮਨ ਪਾਠਕ, ਸਕੂਲ ਦੇ ਮੁਖੀ ਮਨਦੀਪ ਕੁਮਾਰ ਪਾਠਕ, ਏ ਡੀ ਐਡਮ ਡਾਕਟਰ ਪਰਵਿੰਦਰ ਕੌਰ ਨੇ ਇਸ ਜਿੱਤ ਤੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਹਿੰਦ ਦੀ ਚਾਦਰ ਮੈਰਾਥਨ ਨੂੰ ਹਰੀ ਝੰਡੀ, 61 ਹਜ਼ਾਰ ਨੌਜਵਾਨਾਂ ਨੇ ਲਿਆ ਹਿੱਸਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਕੇਂਦਰੀ ਰਿਹਾਇਸ਼, ਊਰਜਾ ਅਤੇ ਸ਼ਹਿਰੀ ਮਾਮਲੇ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਤੋਂ ਪ੍ਰੇਰਣਾ ਮਿਲਦੀ ਹੈ ਕਿ ਸਾਨੂੰ ਸਮਾਜ, ਧਰਮ ਅਤੇ ਦੇਸ਼ ਲਈ ਕੰਮ ਕਰਨਾ ਚਾਹੀਦਾ ਹੈ।ਕੇਂਦਰੀ ਮੰਤਰੀ ਨੂੰ ਕਰਨਾਲ ਵਿੱਚ ਐੱਨ ਡੀ ਆਰ ਆਈ ਚੌਂਕ 'ਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਹਿੰਦ ਦੀ ਚਾਦਰ ਮੈਰਾਥਨ ਨੂੰ ਹਰੀ ਝੰਡੀ ਵਿਖਾਉਣ ਤੋਂ ਪਹਿਲਾਂ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ।ਉਨ੍ਹਾਂ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦੁਰ ਦੇ 350 ਸਾਲਾਂ ਸ਼ਹੀਦੀ ਦਿਵਸ 'ਤੇ ਕਰਨਾਲ ਦੇ ਨਾਲ ਨਾਲ ਦੇਸ਼ ਭਰ ਵਿੱਚ ਯਾਤਰਾਵਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸੈਂਕੜਾਂ ਨੌਂਜੁਆਨਾਂ ਨੇ 21 ਕਿਲੋਮੀਟਰ ਲੰਬੀ ਅਤੇ 10 ਕਿਲ੍ਹੋਮੀਟਰ ਲੰਬੀ ਦੌੜ ਵਿੱਚ ਹਿੱਸਾ ਲਿਆ ਹੈ ਅਤੇ ਹੁਣ ਲਗਭਗ 61 ਹਜ਼ਾਰ ਨੌਂਜੁਆਨ 5 ਕਿਲੋਮੀਟਰ ਲੰਬੀ ਦੌੜ ਵਿੱਚ ਹਿੱਸਾ ਲੈ ਰਹੇ ਹਨ।

## ਬਲਾਚੌਰ ਨੂੰ ਟੁੱਟਣ ਨਹੀਂ ਦਿਆਂਗੇ : ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**-ਕਾਂਗਰਸ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਹਲਕਾ ਬਲਾਚੌਰ ਦੇ ਹਿਤਾਂ ਲਈ ਹਰ ਥਾਂ ਅਗਾਂਹ ਹੋ ਕੇ ਆਵਾਜ਼ ਬੁਲੰਦ ਕਰਾਂਗਾ। ਬੀਤੇ ਕੁੱਝ ਸਮੇਂ ਤੋਂ ਅਖਬਾਰਾਂ ਅਤੇ ਸੋਸ਼ਲ ਮੀਡੀਆ ਉੱਤੇ ਚੱਲ ਰਹੀਆਂ ਖਬਰਾਂ ਤੇ ਚਰਚਾ ਦਾ ਵਿਸ਼ਾ ਬਣੇ ਪੰਜਾਬ ਸਰਕਾਰ ਵੱਲੋਂ ਐਲਾਨੇ ਜਾਣ ਵਾਲੇ ਸ੍ਰੀ ਆਨੰਦਪੁਰ ਸਾਹਿਬ ਦਾ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਵੱਲੋਂ ਸਮਰਥਨ ਦਿੱਤਾ ਗਿਆ ਪਰੰਤੂ ਉਨ੍ਹਾਂ ਹਲਕਾ ਬਲਾਚੌਰ ਦੇ ਪਿੰਡਾਂ ਨੂੰ ਨਵੇਂ ਬਣੇ ਜ਼ਿਲ੍ਹੇ ਵਿੱਚ ਸ਼ਾਮਲ ਕਰਨ ਦਾ ਵਿਰੋਧ ਕੀਤਾ ਹੈ। ਇਸ ਸੰਬੰਧ ਵਿੱਚ ਉਨਾਂ ਸਾਥੀਆਂ ਸਮੇਤ ਕਾਂਗਰਸ ਪਾਰਟੀ ਦਫ਼ਤਰ ਬਲਾਚੌਰ ਵਿਖੇ ਪੋਸਟਰ ਲਾਂਚ ਕੀਤਾ ਜਿਸ ਰਾਹੀਂ ਉਨ੍ਹਾਂ ਬਲਾਚੌਰ ਦੇ ਪਿੰਡਾਂ ਨੂੰ ਨਵੇਂ ਬਣ ਰਹੇ ਜ਼ਿਲ੍ਹੇ ਵਿੱਚ ਸ਼ਾਮਲ ਹੋਣ ਦਾ ਵਿਰੋਧ ਕੀਤਾ ਹੈ। ਅਜੇ ਮੰਗੂਪੁਰ ਨੇ ਕਿਹਾ ਕਿ ਹਲਕਾ ਬਲਾਚੌਰ ਦੋਆਬੇ ਦਾ ਹਿੱਸਾ ਹੈ। ਅਜੇ ਮੰਗੂਪੁਰ ਨੇ ਕਿਹਾ ਕਿ ਉਹ ਬਲਾਚੌਰ ਵਾਸੀਆਂ ਨਾਲ ਧੱਕਾ ਨਹੀਂ ਹੋਣ ਦੇਣਗੇ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਹਰਜੀਤ ਸਿੰਘ ਜਾਡਲੀ ਮੀਤ ਪ੍ਰਧਾਨ ਡੀ ਸੀ ਸੀ , ਜਿੰਦਰ ਕੁਮਾਰ ਪ੍ਰਧਾਨ ਐੱਸ ਸੀ ਦੱਲ ਬਲਾਚੌਰ, ਮਲਕੀਤ ਸਿੰਘ ਧੌਲ ਜਨਰਲ ਸਕੱਤਰ ਬਲਾਕ ਕਮੇਟੀ ਬਲਾਚੌਰ, ਹਰਪ੍ਰੀਤ ਕੁਮਾਰ ਹੈਰੀ ਯੂਥ ਪ੍ਰਧਾਨ ਸ਼ਹਿਰੀ, ਦੀਪਕ ਕੁਮਾਰ ਬੈਂਸ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।



## ਸ੍ਰੀ ਅਨੰਦਪੁਰ ਸਾਹਿਬ ਦੀਆਂ ਸੜਕਾਂ ਤੇ ਪੁਲਾਂ ਦੀ ਮੁਰੰਮਤ ਦਾ ਕੰਮ ਸ਼ੁਰੂ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਨੂੰ ਆਉਣ ਜਾਣ ਵਾਲੀਆਂ ਸਾਰੀਆਂ ਸੜਕਾਂ ਤੇ ਪੁਲਾਂ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਮਾਝਾ ਤੇ ਦੁਆਬਾ ਤੋਂ ਗੜ੍ਹਸ਼ੰਕਰ ਦੇ ਰਸਤੇ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੀ ਸੰਗਤ ਲਈ ਅਗੰਮਪੁਰ ਚੌਂਕ ਤੋ ਵੱਡੇ ਪੁਲ ਅਗੰਮਪੁਰ ਤੱਕ ਸੜਕ ਨੂੰ ਆਰਜ਼ੀ ਮੁਰੰਮਤ ਕਰਕੇ ਸੁਚਾਰੂ ਆਵਾਜਾਈ ਯੋਗ ਬਣਾਇਆ ਜਾ ਰਿਹਾ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਚ ਹੋਣ ਵਾਲੇ ਸਮਾਗਮਾਂ ਲਈ ਮਾਝਾ, ਦੁਆਬਾ ਦੀ ਵਧੇਰੇ ਸੰਗਤ ਗੜ੍ਹਸ਼ੰਕਰ, ਝੱਜ ਚੌਂਕ ਰਸਤੇ ਰਾਹੀ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੀ ਹੈ। ਇਸ ਮਾਰਗ ਉਤੇ ਸਤਲੁਜ ਦਰਿਆਂ ਦਾ ਵੱਡਾ ਪੁਲ ਅਤੇ ਅਗੰਮਪੁਰ ਤੱਕ ਸੜਕ ਦੀ ਆਰਜ਼ੀ ਮੁਰੰਮਤ ਸੁਰੂ ਹੋ ਗਈ ਹੈ, ਜੋ ਅਗਲੇ ਕੁਝ ਦਿਨਾਂ ਵਿੱਚ ਮੁਕੰਮਲ ਹੋ ਜਾਵੇਗੀ। ਇਸ ਸੜਕ ਉਤੇ ਪੀ.ਸੀ.ਸੀ ਅਤੇ ਕੰਕਰੀਟ ਦੀ ਲੇਅਰ ਪਈ ਹੋਈ ਹੈ ਅਤੇ ਜਿਸ ਨੂੰ ਲੋਹੇ ਨਾਲ ਹੋਰ ਮਜਬੂਤ ਕੀਤਾ ਗਿਆ ਹੈ। ਇਸ ਪੁਲ ਅਤੇ ਸੜਕ ਦੀ ਅਸਥਾਈ ਮੁਰੰਮਤ ਉਤੇ ਵਧੇਰੇ ਸਮਾਂ ਲੱਗਣ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਪੁਲ ਦੀ ਮੁਰੰਮਤ ਆਰਜ਼ੀ ਤੌਰ ਤੇ ਸ਼ੁਰੂ ਹੋ ਗਈ ਹੈ ਅਤੇ ਅਗੰਮਪੁਰ ਰੇਲਵੇ ਕਰਾਸਿੰਗ ਤੱਕ ਸੜਕ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਜੋ ਅਗਲੇ ਕੁਝ ਦਿਨਾਂ ਵਿਚ ਮੁਕੰਮਲ ਹੋ ਜਾਵੇਗਾ। ਸੰਗਤਾਂ ਲਈ ਇਹ ਸੜਕ ਸੁਰੱਖਿਅਤ ਅਤੇ ਸੁਚਾਰੂ ਆਵਾਜਾਈ ਲਈ ਯੋਗ ਹੋਵੇਗੀ। ਸ਼ਹੀਦੀ ਸਮਾਗਮਾਂ ਦੌਰਾਨ ਸੰਗਤਾਂ ਇਸ ਸੜਕ ਤੇ ਪੁਲ ਰਾਹੀ ਸੁਰੱਖਿਅਤ ਅਤੇ ਅਸਾਨੀ ਨਾਲ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਧਾਰਮਿਕ ਸਮਾਗਮਾਂ ਵਿਚ ਹਾਜ਼ਰੀ ਲਗਵਾਉਣਗੀਆਂ। ਸ੍ਰ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਤੇ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰੂ ਨਗਰੀ ਨੂੰ ਆਉਣ ਜਾਣ ਵਾਲੀਆਂ ਸਾਰੀਆਂ ਸੜਕਾਂ ਦੀ ਮੁਰੰਮਤ ਲਈ ਨਿਰਦੇਸ਼ ਦਿੱਤੇ ਹੋਏ ਹਨ।

## ਬਗਲਾਣਾ 'ਚ ਕਬੱਡੀ ਕੱਪ ਅੱਜ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**-ਧੰਨ ਧੰਨ ਬਾਬਾ ਸ਼ਰਧਾ ਨਾਥ ਜੀ ਅਤੇ ਬਾਬਾ ਅਮਰ ਨਾਥ ਜੀ ਦੇ ਦਰਬਾਰ ਦੀ ਪ੍ਰਬੰਧਕ ਕਮੇਟੀ, ਐਨ ਆਰ ਆਈ ਤੇ ਸਮੂਹ ਨਗਰ ਨਿਵਾਸੀਆਂ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬਗਲਾਣਾ ਕਬੱਡੀ ਕੱਪ 11 ਨਵੰਬਰ ਨੂੰ ਡੇਰਾ ਬਾਬਾ ਬਗਲਾਣਾ ਪਿੰਡ ਖੀਵਾ ਜ਼ਿਲ੍ਹਾ ਜਲੰਧਰ (ਨੇੜੇ ਪਿੰਡ ਆਧੀ) ਵਿਖੇ ਕਰਵਾਇਆ ਜਾ ਰਿਹਾ ਹੈ ਡੇਰਾ ਮੁਖੀ ਬਾਬਾ ਦਰਬਾਰ ਨਾਥ ਜੀ ਅਤੇ ਸੇਵਾਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਮੁੱਖ ਮਹਿਮਾਨ ਬੀਬੀ ਇੰਦਰਜੀਤ ਕੌਰ ਮਾਨ ਐਮ ਐਲ ਏ ਹਲਕਾ ਨਕੋਦਰ ਅਤੇ ਮੰਗਤ ਰਾਏ ਗੌਤਮ ਰਿਟਾਇਰ ਡੀ ਐਸ ਪੀ ਖੀਵਾ,ਇੰਸਪੈਕਟਰ ਸੀਮਾ ਰਾਣੀ ਜੀ ਵੋਮੈਨ ਸੈਲ ਇੰਚਾਰਜ ਨਕੋਦਰ, ਬਲਵੀਰ ਸਿੰਘ ਅਡੀਸ਼ਨਲ ਐਸ ਐਚ ਓ ਨਕੋਦਰ ਸੀਟੀ, ਜੀਵਨ ਕੁਮਾਰ ਬਬਲੂ ਏ ਐਸ ਆਈ ਖੀਵਾ ਹੋਣਗੇ। ਇਸ ਮੌਕੇ ਤੇ ਕਬੱਡੀ ਓਪਨ ਕਲੱਬਾਂ ਦੀਆਂ ਪਹਿਲੀਆਂ 20 ਟੀਮਾਂ ਨੂੰ ਪਹਿਲਾ ਇਨਾਮ 51000 ਰੁਪਏ ਤੇ ਦੂਜਾ ਇਨਾਮ 41000 ਰੁਪਏ ਅਤੇ ਬੈਸਟ ਰੇਡਰ ਨੂੰ 11000 ਰੁਪਏ ਅਤੇ ਬੈਸਟ ਜਾਫੀ ਨੂੰ 11000 ਰੁਪਏ ਦਿਤਾ ਜਾਵੇਗਾ ਅਤੇ ਨਾਮਵਰ ਸਖਸ਼ੀਅਤਾਂ ਨੂੰ ਵਿਸ਼ੇਸ ਤੌਰ ਤੇ ਸਨਮਾਨਤ ਕੀਤਾ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਗ਼ੈਰ-ਸਿੱਖਿਅਤ ਕੋਲੋਂ ਨਾ ਕਰਵਾਇਆ ਜਾਵੇ ਜਣੇਪਾ : ਡਾ. ਸੰਗੀਤਾ ਜੈਨ



**ਮੋਹਾਲੀ (ਗੁਰਜੀਤ ਬਿੱਲਾ)**

ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਅੱਜ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ (ਪੀ.ਐਮ.ਐਸ.ਐਮ.ਏ.) ਦਿਵਸ ਮਨਾਇਆ ਗਿਆ, ਜਿਸ ਤਹਿਤ ਮਾਹਰ ਡਾਕਟਰਾਂ ਵਲੋਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸੁਰੱਖਿਅਤ ਜਣੇਪੇ ਸਬੰਧੀ ਜਾਣਕਾਰੀ ਦਿੱਤੀ ਗਈ। ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਸਿੰਘਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਹਰ ਮਹੀਨੇ ਦੀ 9 ਤਰੀਕ ਤੇ 23 ਤਰੀਕ ਨੂੰ ਗਰਭਵਤੀ ਔਰਤਾਂ ਖ਼ਾਸਕਰ ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਦੂਜੀ ਅਤੇ ਤੀਜੀ ਤਿਮਾਹੀ ਵਾਲੀਆਂ ਗਰਭਵਤੀ ਔਰਤਾਂ ਦੀ ਜਾਂਚ ਕਰਨਾ ਅਤੇ ਉੱਚ-ਜੋਖਮ ਗਰਭਵਤੀ ਔਰਤਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਸਹੀ ਇਲਾਜ ਪ੍ਰਦਾਨ ਕਰਨਾ ਹੈ। ਸਿਹਤ ਅਧਿਕਾਰੀਆਂ ਨੇ ਆਮ ਲੋਕਾਂ ਖ਼ਾਸਕਰ ਗਰਭਵਤੀ ਔਰਤਾਂ ਨੂੰ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਪਹੁੰਚ ਕੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਦੀ ਸਲਾਮਤੀ ਲਈ ਕਦੇ ਵੀ ਗੈਰ-ਸਿੱਖਿਅਤ ਵਿਅਕਤੀ ਤੋਂ ਜਣੇਪਾ ਨਹੀਂ ਕਰਾਉਣਾ ਚਾਹੀਦਾ, ਕਿਉਂਕਿ ਅਜਿਹਾ ਕਰਨ ਨਾਲ ਔਰਤ ਅਤੇ ਬੱਚੇ ਦੋਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਹਰ ਗਰਭਵਤੀ ਔਰਤ ਦੇ ਚਾਰ ਏ.ਐੱਨ.ਸੀ. ਚੈਕਅੱਪ ਜ਼ਰੂਰੀ ਹਨ ਜਿਹੜੇ ਸਰਕਾਰੀ ਸਿਹਤ ਸੰਸਥਾਵਾਂ ਵਿਚ ਬਿਲਕੁਲ ਮੁਫ਼ਤ ਕੀਤੇ ਜਾਂਦੇ ਹਨ।

## 'ਵੀਟ ਇਨ ਟ੍ਰਾਂਸਫਾਰਮੇਸ਼ਨ' ਸੈਮੀਨਾਰ ਸਫਲਤਾਪੂਰਵਕ ਸਮਾਪਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਯਾਤ ਰੀਜੈਂਸੀ ਵਿਖੇ ਆਯੋਜਿਤ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ, 'ਵੀਟ ਇਨ ਟ੍ਰਾਂਸਫਾਰਮੇਸ਼ਨ' , ਸਫਲਤਾਪੂਰਵਕ ਸਮਾਪਤ ਹੋਇਆ। ਸੈਮੀਨਾਰ ਨੇ ਕਣਕ ਉਦਯੋਗ ਦੇ ਮਾਹਰਾਂ, ਨੀਤੀ ਨਿਰਮਾਤਾਵਾਂ, ਮਿੱਲਰਾਂ, ਖੋਜਕਰਤਾਵਾਂ ਅਤੇ ਤਕਨੀਕੀ ਮਾਹਰਾਂ ਨੂੰ ਇੱਕ ਸਾਂਝੇ ਪਲੇਟਫਾਰਮ 'ਤੇ ਇਕੱਠਾ ਕੀਤਾ, ਨਵੀਨਤਾ ਅਤੇ ਸਹਿਯੋਗ ਰਾਹੀਂ ਭਾਰਤ ਦੇ ਕਣਕ ਖੇਤਰ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਦੇ ਸੰਯੁਕਤ ਦ੍ਰਿਸ਼ਟੀਕੋਣ ਦੀ ਪੁਸ਼ਟੀ ਕੀਤੀ। ਇਹ ਸਮਾਗਮ ਵੀਟ ਪ੍ਰੋਡਕਟਸ ਪ੍ਰਮੋਸ਼ਨ ਸੋਸਾਇਟੀ ਦੁਆਰਾ ਰੋਲਰ ਫਲੋਰ ਮਿੱਲਰਜ਼ ਐਸੋਸੀਏਸ਼ਨ ਆਫ਼ ਪੰਜਾਬ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ।ਸੈਮੀਨਾਰ ਦੇ ਦੂਜੇ ਦਿਨ, ਪੰਜ ਵਿਸ਼ੇਸ਼ ਸੈਸ਼ਨ ਆਯੋਜਿਤ ਕੀਤੇ ਗਏ, ਜਿਸ ਵਿੱਚ ਪ੍ਰੋਸੈਸਿੰਗ ਤੋਂ ਲੈ ਕੇ ਗੁਣਵੱਤਾ ਭਰੋਸਾ ਤੱਕ ਪੂਰੀ ਕਣਕ ਉਤਪਾਦਨ ਲੜੀ ਨੂੰ ਕਵਰ ਕੀਤਾ ਗਿਆ। ਪਹਿਲੇ ਸੈਸ਼ਨ ਵਿੱਚ 'ਮਿਲਿੰਗ, ਬੇਕਿੰਗ ਐਂਡ ਪ੍ਰੋਸੈਸਿੰਗ ਟੈਕਨਾਲੋਜੀ-ਪਾਵਰਡ ਬਾਇ ਏਆਈ' ਮਾਹਿਰਾਂ ਨੇ ਚਰਚਾ ਕੀਤੀ ਕਿ ਕਿਵੇਂ ਆਰਟੀਫੀਸ਼ੀਅਲ ਇੰਟੈਲੀਜੈਂਸ ਮਿਲਿੰਗ ਅਤੇ ਬੇਕਿੰਗ ਉਦਯੋਗ ਨੂੰ ਮੁੜ ਆਕਾਰ ਦੇ ਰਹੀ ਹੈ। 'ਮੈਪਿੰਗ ਇੰਡੀਆਜ਼ ਵੀਟ ਫਿਊਚਰ' ਸੈਸ਼ਨ ਵਿੱਚ, ਰਾਹੁਲ ਪੋਦਾਰ (ਨੈਸਲੇ), ਅਰਨੌਡ ਪੇਟਿਟ (ਅੰਤਰਰਾਸ਼ਟਰੀ ਅਨਾਜ ਪ੍ਰੀਸ਼ਦ), ਅਤੇ ਸੰਦੀਪ ਬਾਂਸਲ (ਅਨਾਜ ਫਲੋਰ) ਨੇ ਵਿਸ਼ਵਵਿਆਪੀ ਸਪਲਾਈ, ਮੰਗ ਅਤੇ ਵਪਾਰ ਦਾ ਵਿਸ਼ਲੇਸ਼ਣ ਕੀਤਾ। ਸੈਮੀਨਾਰ ਦੇ ਸਫਲ ਸਮਾਪਨ 'ਤੇ, ਪ੍ਰਬੰਧਕ ਸੰਸਥਾ, ਡਬਲ ਯੂ ਪੀ ਪੀ ਐੱਸ ਦੇ ਚੇਅਰਮੈਨ ਅਜੈ ਗੋਇਲ ਨੇ ਕਿਹਾ, 'ਇਨ੍ਹਾਂ ਦੋ ਦਿਨਾਂ ਦੀ ਚਰਚਾ ਨੇ ਇੱਕ ਮਜ਼ਬੂਤ ਅਤੇ ਤਕਨਾਲੋਜੀ-ਸੰਚਾਲਿਤ ਕਣਕ ਈਕੋਸਿਸਟਮ ਦੀ ਨੀਂਹ ਰੱਖੀ ਹੈ। ਡਬਲਯੂਪੀਪੀਐਸ ਖੋਜ, ਉਦਯੋਗ ਅਤੇ ਨੀਤੀ ਨਿਰਮਾਣ ਨੂੰ ਜੋੜਨ ਲਈ ਇੱਕ ਸਾਂਝਾ ਪਲੇਟਫਾਰਮ ਬਣਿਆ ਰਹੇਗਾ, ਜਿਸ ਨਾਲ ਭਾਰਤ ਦੇ ਕਣਕ ਖੇਤਰ ਦੇ ਸੰਪੂਰਨ ਵਿਕਾਸ ਨੂੰ ਸਮਰੱਥ ਬਣਾਇਆ ਜਾ ਸਕੇਗਾ।'

## ਸੰਤ ਬਾਬਾ ਹਰਬੰਸ ਸਿੰਘ ਦੀ ਬਰਸੀ ਮੌਕੇ ਗੁਰਮਤਿ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਇਤਿਹਾਸਿਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਤ ਬਾਬਾ ਹਰਬੰਸ ਸਿੰਘ ਜੰਡਿਆਲੇ ਵਾਲਿਆਂ ਦੀ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਬਰਸੀ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸੰਤ ਬਾਬਾ ਜਸਵਿੰਦਰ ਸਿੰਘ ਜੰਡਿਆਲੇ ਵਾਲੇ, ਭਾਈ ਸੁਖਚੈਨ ਸਿੰਘ ਮੁੱਖ ਗ੍ਰੰਥੀ, ਭਾਈ ਕਰਮ ਸਿੰਘ ਜਲੰਧਰ ਆਦਿ ਨੇ ਕਥਾ ਕੀਰਤਨ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਭਾਈ ਸੁਖਚੈਨ ਸਿੰਘ ਮੁੱਖ ਗ੍ਰੰਥੀ, ਜਗਤਾਰ ਸਿੰਘ ਭੁੰਗਰਨੀ, ਗੁਰਪ੍ਰੀਤ ਸਿੰਘ ਗੋਪੀ, ਸੰਤੋਖ ਸਿੰਘ, ਮਨਜੀਤ ਸਿੰਘ ਸੋਨੂੰ, ਗੁਰਮੀਤ ਸਿੰਘ, ਗੁਰਬਚਨ ਸਿੰਘ, ਜਤਿੰਦਰ ਸਿੰਘ, ਭੁਪਿੰਦਰ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ, ਭਾਈ ਸੁਰਜੀਤ ਸਿੰਘ, ਤਰਲੋਚਨ ਸਿੰਘ, ਚਰਨ ਸਿੰਘ, ਅਮਰੀਕ ਸਿੰਘ ਲੱਕੀ, ਬਲਵਿੰਦਰ ਸਿੰਘ, ਰਾਮ ਸਿੰਘ ਆਦਿ ਹਾਜ਼ਰ ਸਨ।ਇਸ ਮੌਕੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

## ਵੈੱਲਫੇਅਰ ਸੁਸਾਇਟੀ ਨੇ ਸਿਲਾਈ ਮਸ਼ੀਨਾਂ ਤੇ ਗਰਮ ਸੂਟ ਵੰਡੇ



**ਆਦਮਪੁਰ (ਪਰਮਜੀਤ ਸਿੰਘ)**-ਬੀਤੇ ਦਿਨੀਂ ਫਿਰਜ਼ਪੁਰੀਆ ਵੈਲਫੇਅਰ ਸੁਸਾਇਟੀ ਵੱਲੋਂ ਲੋੜਵੰਦ ਵਿਧਵਾ ਅਤੇ ਅੰਗਹੀਣ ਭੈਣਾਂ ਨੂੰ ਸਵੈਂ ਰੁਜ਼ਗਾਰ ਮੁਹਿੰਮ ਤਹਿਤ ਤਕਰੀਬਨ 150 ਦੇ ਕਰੀਬ ਸਿਲਾਈ ਮਸ਼ੀਨਾਂ ਅਤੇ ਗਰਮ ਸੂਟ ਵੰਡੇ ਗਏ।ਇਸ ਮੌਕੇ ਭਾਰਤ ਸਰਕਾਰ ਵੱਲੋਂ ਕਮਲਜੀਤ ਕੌਰ ਗਿੱਲ ਅਤੇ ਹੋਰ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਦੇ ਨਾਲ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਨੂੰ ਡਰੋਲੀ ਕਲਾਂ ਤੋਂ ਉਚੇਚੇ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ।

## ਪੰਚਾਇਤ ਨੂੰ ਇੱਕ ਲੱਖ ਰੁਪਏ ਦੀ ਗਰਾਂਟ ਜਾਰੀ

**ਬਲਾਚੌਰ (ਜਸਵਿੰਦਰ ਬੈਂਸ)**

ਪੰਜਾਬ ਸਰਕਾਰ ਪੰਜਾਬ ਵਿੱਚ ਨੌਜਵਾਨ ਪੀੜੀ ਨੂੰ ਨਸ਼ਿਆਂ ਤੋ ਦੂਰ ਰਹਿਣ ਲਈ ਪੰਜਾਬ ਦੇ ਹਰੇਕ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨਾਂ ਨੂੰ ਕਸਰਤ ਕਰਨ ਲਈ ਜਿੰਮ ਖੋਲ ਕੇ ਦੇ ਰਹੀ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਤੇ ਜ਼ਿਲ੍ਹਾ ਪ੍ਰਧਾਨ, ਸ਼ਹੀਦ ਭਗਤ ਸਿੰਘ ਨਗਰ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਉਨ੍ਹਾਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਗ੍ਰਾਮ ਪੰਚਾਇਤ ਭਾਣੇਵਾਲ (ਬਲਾਚੌਰ) ਨੂੰ ਇਕ ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਜੋ ਕਿ ਓਪਨ ਜਿਮ ਖਰੀਦਣ ਲਈ ਦਿੱਤੀ ਗਈ ਹੈ। ਸਤਨਾਮ ਜਲਾਲਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਭਾਣੇਵਾਲ ਦੀ ਗ੍ਰਾਮ ਪੰਚਾਇਤ ਨੂੰ ਗਲੀਆਂ ਨਾਲੀਆਂ ਲਈ ਵੀ ਗਰਾਂਟ ਮਨਜ਼ੂਰ ਕੀਤੀ ਗਈ ਹੈ ਜੋ ਕਿ ਜਲਦ ਹੀ ਪੰਚਾਇਤ ਨੂੰ ਮਿਲਣ ਜਾ ਰਹੀ ਹੈ। ਪਿੰਡ ਵਾਸੀਆਂ ਨੇ ਸਤਨਾਮ ਜਲਾਲਪੁਰ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ ਆਮ ਲੋਕ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਦੇ ਕੰਮਾਂ ਤੋਂ ਬਹੁਤ ਖੁਸ਼ ਹਨ, ਖਾਸ ਤੌਰ ਤੇ ਜਿਸ ਤਰ੍ਹਾਂ ਉਹਨਾਂ ਨੇ ਪਿੰਡ ਪਿੰਡ ਸਰਕਾਰੀ ਨੌਕਰੀਆਂ ਦਿੱਤੀਆਂ ਅਤੇ ਬਿਜਲੀ ਦੇ ਬਿਲਾਂ ਦੀ ਸਹੂਲਤ ਨੂੰ ਲੋਕਾਂ ਨੇ ਬਹੁਤ ਹੀ ਸਰਾਹਿਆ। ਇਸ ਮੌਕੇ ਸੇਠੀ ਉਧਨਵਾਲ (ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ) , ਬਲਦੇਵ ਰਾਜ , ਦਵਿੰਦਰ ਸਹਿਬਾਜਪੁਰ, ਅਸ਼ਵਨੀ ਸਰਪੰਚ, ਸੋਹਨ ਲਾਲ, ਸੁਭਾਸ਼ ਚੰਦਰ ਲੰਬੜਦਾਰ, ਚਮਨ ਲਾਲ ਪੰਚ , ਹਰਮੇਸ਼ ਲਾਲ ਪੰਚ, ਬਲਰਾਜ ਪੰਚ, ਹੁਸਨ ਲਾਲ ਪੰਚ, ਕੇਸ਼ਵ ਹਕਲਾ ਪੰਚ, ਵਰਿੰਦਰ ਕੁਮਾਰ, ਸੋਨੂੰ,ਦੇਵਰਾਜ, ਦੇਸ ਰਾਜ , ਰਾਮ ਕੁਮਾਰ , ਕੇਵਲ ਕ੍ਰਿਸ਼ਨ ਤੋਂ ਇਲਾਵਾ ਬਹੁਤ ਸਾਰੇ ਪਿੰਡ ਵਾਸੀ ਮੌਜੂਦ ਸਨ।



## ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਵਾਂ ਹਰਾ ਨਗਰ ਕੀਰਤਨ ਹੁਸ਼ਿਆਰਪੁਰ ਦੇ ਪਿੰਡ ਧਨੋਆ ਤੋਂ ਅਰੰਭ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛਤਰਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਵਿੱਚ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਸੰਗਤਾਂ ਨੂੰ ਇਲਾਹੀ ਗੁਰਬਾਣੀ ਨਾਲ ਜੋੜਿਆ। ਨਗਰ ਕੀਰਤਨ ਪਿੰਡ ਧਨੋਆ ਦੇ ਗੁਰੂਘਰ ਤੋਂ ਸ਼ੁਰੂ ਹੋ ਕੇ ਹਿੰਮਤਪੁਰ, ਸ਼ਤਾਬਕੋਟ, ਵਧਾਈਆ, ਟੇਰਕਿਆਣਾ, ਛਰੀਆਂ, ਨਹਿਰ ਪੁੱਲ, ਬਰਾਰੋਵਾਲ, ਬੇਗਪੁਰ, ਭੇਖੋਵਾਲ, ਖੇਪੜਾ, ਭੋਗੀਆਂ, ਸੈਦੋਵਾਲ, ਘਈਆ, ਬੁੱਧੋ ਬਰਕਤ, ਛੌੜੀਆਂ, ਗਾਲੋਵਾਲ ਨਵਾਂ ਅਤੇ ਗਾਲੋਵਾਲ ਪੁਰਾਣਾ ਤੋਂ ਹੁੰਦਾ ਹੋਇਆ ਸ਼ਾਮ ਸਮੇਂ ਵੇਈਂ ਦੇ ਪਵਿੱਤਰ ਕੰਢੇ ਸਥਿਤ ਨਿਰਮਲ ਕੁਟੀਆ ਗਾਲੋਵਾਲ ਵਿਖੇ ਸੰਪਨ ਹੋਇਆ।ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਨੂੰ ਬੂਟਿਆਂ ਦਾ ਪ੍ਰਸ਼ਾਦ ਵੰਡਿਆ ਗਿਆ ਅਤੇ ਸੰਤ ਸੀਚੇਵਾਲ ਵੱਲੋਂ ਸੰਗਤਾਂ ਨੂੰ ਵਾਤਾਵਰਣ ਬਚਾਉਣ ਦਾ ਸੁਨੇਹਾ ਦਿੱਤਾ।

## ਬੁੱਧ ਵਿਹਾਰ ਟਰੱਸਟ ਵਿਖੇ ਹਫਤਾਵਰੀ ਧਾਰਮਿਕ ਸਮਾਗਮ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਬੁੱਧ ਵਿਹਾਰ ਟਰੱਸਟ ਸੌਂਫੀ ਪਿੰਡ ਵਿਖੇ ਹਫਤਾਵਰੀ ਸਮਾਗਮ ਸ਼ਰਧਾ ਤੇ ਉਤਸ਼ਾਹ ਨਾਲ ਕੀਤਾ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਐਡਵੋਕੇਟ ਹਰਭਜਨ ਸਾਂਪਲਾ ਨੇ ਬੁੱਧ ਵੰਦਨਾ, ਤ੍ਰੀਸ਼ਰਨ ਅਤੇ ਪੰਚਸ਼ੀਲ ਦਾ ਉਚਾਰਨ ਕੀਤਾ ਅਤੇ ਹਾਜ਼ਰ ਉਪਾਸਕਾ ਨੂੰ ਤਥਾਗਤ ਭਗਵਾਨ ਬੁੱਧ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਮਿਸ਼ਨ ਤੋਂ ਜਾਣੂ ਕਰਵਾਇਆ।ਇਸ ਮੌਕੇ ਡਾਕਟਰ ਅੰਬੇਡਕਰ ਮਿਸ਼ਨ ਰਜ਼ਿ. ਗੁਰਦਾਸਪੁਰ ਵੱਲੋਂ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਸ਼ਾਮਲ ਹੋਏ ਐਡਵੋਕੇਟ ਸੁਰਿੰਦਰ ਚੌਧਰੀ ਨੂੰ ਹੜ ਪੀੜਤਾਂ ਦੀ ਮਦਦ ਵਾਸਤੇ ਮਾਇਕ ਸਹਾਇਤਾ ਦਿੱਤੀ ਗਈ, ਜਿਸ ਵਿੱਚ ਕਸ਼ਮੀਰ ਕੌਰ ਸਾਂਪਲਾ ਇੰਗਲੈਂਡ, ਸੋਹਨ ਲਾਲ ਸਾਂਪਲਾ ਜਰਮਨ, ਐਡਵੋਕੇਟ ਹਰਭਜਨ ਸਾਂਪਲਾ, ਚਮਨ ਲਾਲ ਸਾਂਪਲਾ ਅਤੇ ਹੋਰ ਦਾਨੀ ਸੱਜਣਾ ਨੇ ਮਾਇਕ ਸਹਿਯੋਗ ਪਾਇਆ। ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ, ਜਸਵੰਤ ਰਾਏ,ਮਾਸਟਰ ਰਾਮ ਲਾਲ, ਲੈਂਬਰ ਰਾਮ ,ਸੁਰਿੰਦਰ ਲਾਲ, ਪ੍ਰਿੰਸੀਪਲ ਪਰਮਜੀਤ ਜੱਸਲ, ਡਾਕਟਰ ਅਵਿਨਾਸ਼ ਸੌਂਧੀ, ਚਮਨ ਲਾਲ ਸਾਂਪਲਾ, ਨਰੇਸ਼ ਕੁਮਾਰ ਸਾਂਪਲਾ, ਵਰੁਣ ਕੁਮਾਰ, ਸੁਹਾਨੀ, ਰੁਪਾਲੀ, ਤ੍ਰਿਸ਼ਾ, ਅਦਿਤਿਆ, ਹਰਮਨ, ਬਲਦੀਸ਼ ਕੌਰ, ਬਲਵਿੰਦਰ ਕੌਰ ਰਾਣੋ ਸਮੇਤ ਬੁੱਧ ਉਪਾਸਕ ਹਾਜ਼ਰ ਸਨ। ਇਸ ਮੌਕੇ ਸਪੋਰਟਸ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਛੋਟੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਸਮਾਗਮ ਦੇ ਅਖੀਰ ਵਿੱਚ ਸਾਰਿਆਂ ਨੇ ਰਲ ਮਿਲ ਕੇ ਚਾਹ ਪਾਣੀ ਛਕਿਆ ਅਤੇ ਤਥਾਗਤ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਲਿਜਾਉਣ ਦਾ ਸੰਕਲਪ ਕੀਤਾ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਦੇ ਆਰਟਸ ਵਿਭਾਗ ਵੱਲੋਂ ਗੁਰੂ ਤੇਗ ਬਹਾਦੁਰ ਦਾ 350 ਸਾਲਾ ਸ਼ਹੀਦੀ ਗੁਰਪੁਰਬ ਮਨਾਇਆ ਗਿਆ। ਇਸ ਮੌਕੇ 'ਤੇ ਵਿਦਿਆਰਥੀਆਂ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੇ ਗਾਇਨ ਰਾਹੀਂ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨੂੰ ਨਮਨ ਕੀਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਖੋਜਾਰਥੀ ਪ੍ਰੋ. ਗੁਰਮੁਖ ਸਿੰਘ ਨੇ 'ਗੁਰੂ ਤੇਗ ਬਹਾਦਰ : ਜੀਵਨ ਅਤੇ ਸ਼ਹਾਦਤ' ਵਿਸ਼ੇ ਤੇ ਖੋਜ ਪੱਤਰ ਪ੍ਰਸਤੁਤ ਕਰਦਿਆਂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨਾਲ ਸਬੰਧਤ ਮਹੀਨ ਨੁਕਤਿਆਂ ਬਾਰੇ ਵਿਚਾਰ ਕੀਤੀ ਅਤੇ ਇਸ ਦੇ ਸਮਕਾਲੀ ਰਾਜਸੀ ਸਮੀਕਰਨਾਂ ਦੀ ਦੱਸ ਪਾਈ। ਗੁਰੂ ਤੇਗ ਬਹਾਦੁਰ ਜੀ ਦੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਨੇ ਕਿਹਾ ਕਿ ਸਾਨੂੰ ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਤੋਂ ਸਿੱਖਿਆ ਲੈ ਕੇ ਉਨਾਂ ਦੇ ਦੱਸੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਆਰਟਸ ਵਿਭਾਗ ਦੇ ਡਾ. ਪਰਮਜੀਤ ਕੌਰ ਦੀ ਅਗਵਾਈ ਵਿੱਚ ਹੋਏ ਇਸ ਇਕ ਰੋਜ਼ਾ ਸਮਾਗਮ ਵਿੱਚ ਕਾਲਜ ਵਿਦਿਆਰਥੀਆਂ ਪੰਕਜ ਅਤੇ ਗੁਰਪ੍ਰੀਤ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦਾ ਗਾਇਨ ਕੀਤਾ। ਐਮ ਏ ਪੰਜਾਬੀ ਦੀ ਵਿਦਿਆਰਥਣ ਕਿਰਨ ਸ਼ਰਮਾ ਨੇ ਮੰਚ ਸੰਚਾਲਨ ਕੀਤਾ। ਇਸ ਮੌਕੇ ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਬਬੀਤਾ ਕੁਮਾਰੀ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਕਮਲਪ੍ਰੀਤ ਕੌਰ, ਪ੍ਰੋ. ਬਲਰਾਜ ਸਿੰਘ ਅਤੇ ਵਿਦਿਆਰਥੀ ਮੌਜੂਦ ਸਨ।

## ਸਫਾਈ ਤੇ ਮਾਨਸਿਕ ਸਿਹਤ ਵਿਸ਼ੇ 'ਤੇ ਸੈਮੀਨਾਰ




**ਮਾਹਿਲਪੁਰ, (ਸ.ਫਰੀ)**

ਇੱਥੋਂ ਦੇ ਸੰਤ ਬਾਬਾ ਹਰੀ ਸਿੰਘ ਮੈਮੋਰੀਅਲ ਖਾਲਸਾ ਕਾਲਜ ਆਫ ਐਜੂਕੇਸ਼ਨ, ਮਾਹਿਲਪੁਰ ਵਿੱਚ ਪ੍ਰਿੰਸੀਪਲ ਡਾ ਰੋਹਤਾਂਸ਼ ਦੀ ਅਗਵਾਈ ਹੇਠ 'ਅਜੋਕੇ ਸਮੇਂ ਵਿੱਚ ਸਾਫ ਸਫਾਈ ਅਤੇ ਮਾਨਸਿਕ ਸਿਹਤ' ਵਿਸ਼ੇ 'ਤੇ ਇਕ ਸੈਮੀਨਾਰ ਆਯੋਜਨ ਕੀਤਾ ਗਿਆ। ਇਸ ਮੌਕੇ ਮੁਖ ਬੁਲਾਰੇ ਵਜੋਂ ਰਾਸ਼ਟਰੀ ਮਿਲਟਰੀ ਸਕੂਲ ਚਹਿਲ ਤੋਂ ਸੇਵਾ ਮੁਕਤ ਸਿਵਲੀਅਨ ਗਜਟਿਡ ਅਫ਼ਸਰ ਅਤੇ ਸੰਜੇ ਕਰੀਰ ਨੇ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ ਰੋਹਤਾਂਸ਼ ਦੀ ਅਗਵਾਈ ਹੇਠ ਸੰਜੇ ਕਰੀਰ ਦਾ ਸਵਾਗਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਸੰਜੇ ਕਰੀਰ ਨੇ ਕਿਹਾ ਕਿ ਅੱਜ ਕੱਲ੍ਹ ਦੇ ਦੌੜ ਭੱਜ ਵਾਲੇ ਜੀਵਨ ਵਿੱਚ ਮਨੁੱਖ ਦੀ ਮਾਨਸਿਕ ਸਿਹਤ ਵਿੱਚ ਵੱਡੇ ਵਿਗਾੜ ਪੈਦਾ ਹੋ ਰਹੇ ਹਨ ਜਿਸ ਕਰਕੇ ਮਨੁੱਖ ਅਨੇਕਾਂ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ। ਮਾਨਸਿਕ ਸਿਹਤ ਦੇ ਵਿਗਾੜ ਦੇ ਅਨੇਕਾਂ ਕਾਰਨ ਹਨ ਜਿਨ੍ਹਾਂ ਵਿੱਚੋਂ ਇਕ ਮਨੁੱਖ ਦਾ ਪ੍ਰਦੂਸ਼ਿਤ ਮਾਹੌਲ ਵਿੱਚ ਰਹਿਣਾ ਅਤੇ ਕੁਦਰਤ ਤੋਂ ਟੁੱਟਣਾ ਹੈ। ਉਨ੍ਹਾਂ ਮਾਨਸਿਕ ਸਿਹਤ ਦੇ ਵਿਗਾੜ ਨਾਲ ਪੈਦਾ ਹੁੰਦੀਆਂ ਸਮੱਸਿਆਵਾਂ ਬਾਰੇ ਦੱਸਿਆ ਅਤੇ ਮਾਨਸਿਕ ਸਿਹਤਮੰਦੀ ਨੂੰ ਬਰਕਰਾਰ ਰੱਖਣ ਸਬੰਧੀ ਮਹੱਤਵਪੂਰਨ ਨੁਕਤਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸਿਖਿਆਵਾਂ 'ਤੇ ਸੈਮੀਨਾਰ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸਰਕਾਰੀ ਕਾਲਜ ਮਹੈਣ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਪ੍ਰਿੰਸੀਪਲ ਵਿਨੀਤਾ ਅਨੰਦ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸਿੱਖਿਆਵਾਂ ਉਤੇ ਸੈਮੀਨਾਰ ਕਰਵਾਇਆ ਗਿਆ । ਪ੍ਰੋ: ਵਿਪਨ ਕੁਮਾਰ ਨੇ ਦੱਸਿਆ ਕਿ ਇਸ ਸੈਮੀਨਾਰ ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਹਰਮਿੰਦਰ ਸਿੰਘ ਨੰਗਲ, ਹਰਪ੍ਰੀਤ ਸਿੰਘ ਗੰਗੂਵਾਲ ਅਤੇ ਜਸਵੀਰ ਸਿੰਘ ਮਹੈਣ ਬੁਲਾਰੇ ਦੇ ਤੌਰ 'ਤੇ ਹਾਜ਼ਰ ਹੋਏ। ਉਹਨਾਂ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਬਚਪਨ ਤੋਂ ਹੀ ਸੰਤ ਸਰੂਪ, ਅਡੋਲ ਚਿੱਤ, ਗੰਭੀਰ ਤੇ ਨਿਰਭੈ ਸੁਭਾਅ ਦੇ ਮਾਲਕ ਸਨ। ਉਹਨਾਂ ਨੇ ਭਾਈ ਗੁਰਦਾਸ ਤੋਂ ਗੁਰਮੁਖੀ, ਹਿੰਦੀ, ਬ੍ਰਿਜ, ਅਰਬੀ, ਫਾਰਸੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਤੇ ਭਾਰਤੀ ਵੇਦ ਅਤੇ ਪੁਰਾਣਾਂ ਦੀ ਸਿੱਖਿਆ ਹਾਸਲ ਕੀਤੀ। ਬਾਬਾ ਬੁੱਢਾ ਜੀ ਤੋਂ ਤੀਰ ਅੰਦਾਜ਼ੀ ਅਤੇ ਘੋੜਸਵਾਰੀ ਸਿੱਖੀ ਅਤੇ ਉਹਨਾਂ ਨੇ ਤਲਵਾਰਬਾਜ਼ੀ ਦੀ ਸਿੱਖਿਆ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ । ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਰਚਨਾਵਾਂ ਵਿੱਚ 59 ਸ਼ਬਦ, 57 ਸਲੋਕ ਅਤੇ 15 ਰਾਗ ਸ਼ਾਮਲ ਹਨ ਅਤੇ ਉਹਨਾਂ ਦੀਆਂ ਲਿਖਤਾਂ ਨੂੰ 782 ਰਚਨਾਵਾਂ ਦਾ ਸਿਹਰਾ ਦਿੱਤਾ ਗਿਆ ਹੈ। ਉਹਨਾਂ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 219 ਤੋਂ ਲੈ ਕੇ ਪੰਨਾ ਨੰਬਰ 1427 ਤੱਕ ਅੰਕਿਤ ਹਨ। ਗੁਰੂ ਜੀ ਨੇ ਸਮਾਜ ਨੂੰ ਦੂਜਿਆਂ ਦੀ ਭਲਾਈ ਲਈ ਤਿਆਗ ਕਰਨ ਦੀ ਮਿਸ਼ਾਲ ਪੇਸ਼ ਕੀਤੀ। ਗੁਰੂ ਜੀ ਨੇ ਨਿਸ਼ਕਾਮ ਸੇਵਾ ਅਤੇ ਮਾਨਵਤਾ ਦੀ ਭਲਾਈ ਲਈ ਕੁਰਬਾਨੀ ਦੇਣ ਦੀ ਸਿੱਖਿਆ ਦਿੱਤੀ । ਇਸ ਮੌਕੇ ਪਿੰਡ ਮਹੈਣ ਦੇ ਪਤਵੰਤੇ ਸੱਜਣ ਸੁਮਨ ਕੁਮਾਰੀ, ਮਨਜੀਤ ਕੌਰ, ਸੁਸਨ ਦੇਵੀ , ਸੁਰਜੀਤ ਕੌਰ, ਦੇਸ ਰਾਜ, ਵੀਰ ਸਿੰਘ , ਦਰਸ਼ਨ ਸਿੰਘ ਅਤੇ ਜਗਤਾਰ ਚੰਦ ਹਾਜ਼ਰ ਸਨ । ਸੈਮੀਨਾਰ ਨੂੰ ਸਫਲ ਬਣਾਉਣ 'ਚ ਡਾ. ਦਿਲਰਾਜ ਕੌਰ, ਪ੍ਰੋ. ਬੌਬੀ, ਪ੍ਰੋ. ਅਮਿਤ ਕੁਮਾਰ ਯਾਦਵ ਅਤੇ ਪ੍ਰੋ. ਸਰਨਦੀਪ ਦਾ ਯੋਗਦਾਨ ਸ਼ਲਾਘਾਯੋਗ ਸੀ।

## ਬਹਿਰਾਮ ਵਿਖੇ ਸੰਤ ਸੰਮੇਲਨ 22 ਨੂੰ



**ਬੰਗਾ (ਅਵਤਾਰ ਕਲੇਰ)**

ਸ੍ਰੀ ਗੁਰੂ ਰਵਿਦਾਸ ਮਿਸ਼ਨ ਵੈੱਲਫੇਅਰ ਟਰੱਸਟ ਬਹਿਰਾਮ ਵਲੋਂ 19ਵਾਂ ਮਹਾਨ ਸੰਤ ਸੰਮੇਲਨ ਤੇ ਕੀਰਤਨ ਦਰਬਾਰ 22 ਨਵੰਬਰ ਨੂੰ ਦਾਣਾ ਮੰਡੀ ਬਹਿਰਾਮ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ, ਸ੍ਰੀ 108 ਸੰਤ ਨਿਰੰਜਨ ਦਾਸ ਜੀ ਗੱਦੀਨਸ਼ੀਨ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਕਰਵਾਇਆ ਜਾਵੇਗਾ। ਪੋਸਟਰ ਜਾਰੀ ਕਰਦੇ ਹੋਏ ਮੈਂਬਰਾਂ ਨੇ ਦੱਸਿਆ ਕਿ ਸੰਤ ਸੰਮੇਲਨ ਦੇ ਆਰੰਭ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਦੀ ਅੰਮ੍ਰਿਤਬਾਣੀ ਦੇ ਸੰਪੂਰਨ ਜਾਪ ਕਰਵਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਵਿੱਚ ਭਾਈ ਸਤਨਾਮ ਸਿੰਘ ਹੁਸੈਨਪੁਰ ਵਾਲੇ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਇਤਿਹਾਸ ਨਾਲ ਜੋੜਨਗੇ।ਇਸ ਸੰਤ ਸੰਮੇਲਨ ਵਿੱਚ ਸੰਤ ਪ੍ਰੀਤਮ ਦਾਸ ਡੇਰਾ ਸੰਗਤਪੁਰ, ਸੰਤ ਕ੍ਰਿਸ਼ਨ ਨਾਥ ਡੇਰਾ ਚਹੇੜੂ, ਸੰਤ ਪ੍ਰੇਮ ਦਾਸ ਡੇਰਾ ਮਹੰਤ ਗੁਰਬਚਨ ਦਾਸ ਨਗਰ, ਸੰਤ ਲੇਖ ਰਾਜ ਨੂਰਪੁਰ, ਸੰਤ ਹਰਵਿੰਦਰ ਦਾਸ ਡੇਰਾ ਈਸਪੁਰ, ਸੰਤ ਸੁਖਵਿੰਦਰ ਦਾਸ ਡੇਰਾ ਢੱਡੇ, ਸਾਈਂ ਪੱਪਲ ਸ਼ਾਹ ਭਰੋ ਮਜਾਰਾ ਆਪਣੇ ਪ੍ਰਵਚਨਾਂ ਰਾਹੀਂ ਸਤਿਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਅਤੇ ਵਿਚਾਰਧਾਰਾ ਨਾਲ ਜੋੜਨਗੇ।ਇਸ ਮੌਕੇ ਰਾਮ ਸਿੰਘ ਢਾਹਾਂ, ਜਸਪਾਲ ਮਜਾਰੀ, ਕੇਵਲ ਕ੍ਰਿਸ਼ਨ ਬਹਿਰਾਮ, ਪਿਰਥੀ ਰਾਮ, ਮਲਕੀਤ ਮੰਢਾਲੀ, ਬਲਕਾਰ ਸਿੰਘ, ਮਾਸਟਰ ਰੌਸ਼ਨ ਲਾਲ, ਗਿਆਨ ਚੰਦ ਬਹਿਰਾਮ, ਰੇਸ਼ਮ ਮੱਲਾ, ਹੁਸਨ ਲਾਲ ਲੰਗੇਰੀ, ਮਹਿੰਦਰ ਸੰਧਵਾਂ, ਬੁੱਧੂ ਰਾਮ ਬਹਿਰਾਮ, ਭਜਨ ਰਾਮ, ਪਾਲ ਬਹਿਰਾਮ ਆਦਿ ਹਾਜ਼ਰ ਸਨ ।

## ਭਾਖੜਾ ਬਿਆਸ ਪ੍ਰਬੰਧ ਬੋਰਡ 'ਚ ਕਰਮਯੋਗੀ ਸਿਖਲਾਈ ਪ੍ਰੋਗਰਾਮ ਕਰਵਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਭਾਖੜਾ ਬਿਆਸ ਪ੍ਰਬੰਧ ਬੋਰਡ ਤਲਵਾੜਾ ਦੇ ਮੁੱਖ ਇੰਜੀ: ਰਾਕੇਸ਼ ਗੁਪਤਾ ਨੇ ਦੱਸਿਆ ਕਿ ਜਨ ਸੇਵਾ ਪ੍ਰੋਗਰਾਮ ਦੇ ਤਹਿਤ ਬੋਰਡ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਕਰਮਯੋਗੀ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਇਸ ਸਿਖਲਾਈ ਦਾ ਮੁੱਖ ਉਦੇਸ਼ ਕਰਮਚਾਰੀਆਂ ਦੀ ਕਾਰਜ ਸਮਰੱਥਾ, ਮੁਹਾਰਤ ਅਤੇ ਕਾਰਜ ਕੁਸ਼ਲਤਾ ਵਿੱਚ ਵਾਧਾ ਕਰਨਾ ਅਤੇ ਉਨ੍ਹਾਂ ਨੂੰ ਨਵੀਂ ਕਾਰਜ ਪ੍ਰਣਾਲੀ, ਨਿਯਮਾਂ ਅਤੇ ਸੇਵਾ ਸ਼ਰਤਾਂ ਨਾਲ ਜਾਣੂ ਕਰਵਾਉਣਾ ਸੀ। ਇਹ ਪ੍ਰੋਗਰਾਮ ਭਾਰਤ ਸਰਕਾਰ ਦੀ ਪਹਿਲ ਮਿਸ਼ਨ ਕਰਮਯੋਗੀ ਦੇ ਅਨੁਕੂਲ ਆਯੋਜਿਤ ਕੀਤਾ ਗਿਆ, ਜਿਸ ਦਾ ਮਕਸਦ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਧੁਨਿਕ ਪ੍ਰਸ਼ਾਸਨਿਕ ਕਾਰਜ ਪ੍ਰਣਾਲੀ, ਨੈਤਿਕ ਕਦਰਾਂ ਕੀਮਤਾਂ, ਜਨਸੇਵਾ ਪ੍ਰਤੀ ਸਮਰਪਣ ਅਤੇ ਤਕਨੀਕੀ ਸਮਰੱਥਾ ਬਾਰੇ ਸਿਖਲਾਈ ਦੇਣਾ ਹੈ। ਇਸ ਮੌਕੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਮਾਸਟਰ ਟ੍ਰੇਨਰਾਂ ਨੇ ਹਿੱਸਾ ਲੈ ਕੇ ਕਰਮਚਾਰੀਆਂ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ।ਸਿਖਲਾਈ ਸੈਸ਼ਨ ਦੌਰਾਨ ਭਾਗੀਦਾਰਾਂ ਨੂੰ ਟੀਮਵਰਕ, ਸਮਾਂ ਪ੍ਰਬੰਧਨ, ਸੰਚਾਰ ਕੁਸ਼ਲਤਾ, ਫੈਸਲਾ ਲੈਣ ਦੀ ਯੋਗਤਾ ਅਤੇ ਨਵਾਚਾਰ ਵਰਗੇ ਮਹੱਤਵਪੂਰਨ ਪਹਿਲੂਆਂ 'ਤੇ ਵੀ ਮਾਰਗਦਰਸ਼ਨ ਦਿੱਤਾ ਗਿਆ। ਇਸ ਤਰ੍ਹਾਂ ਦੀ ਸਿਖਲਾਈ ਨਾਲ ਨਾ ਸਿਰਫ਼ ਕਰਮਚਾਰੀਆਂ ਦੀ ਕਾਰਜਸ਼ੈਲੀ ਵਿੱਚ ਸੁਧਾਰ ਆਵੇਗਾ, ਸਗੋਂ ਬੋਰਡ ਦੀ ਸਮੁੱਚੀ ਕਾਰਜ ਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਕਾਰਜ ਕੁਸ਼ਲਤਾ ਵੀ ਵਧੇਗੀ।ਉਪ ਮੁੱਖ ਇੰਜੀਨੀਅਰ ਵੀ. ਕੇ. ਮੀਣਾ ਨੇ ਕਿਹਾ ਕਿ ਇਹ ਸਿਖਲਾਈ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੇ ਫ਼ਰਜ਼ਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਵਿੱਚ ਸਹਾਇਕ ਸਾਬਤ ਹੋਵੇਗੀ ਅਤੇ ਉਹ ਸੰਗਠਨ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾ ਸਕਣਗੇ। ਇਸ ਪ੍ਰੋਗਰਾਮ ਵਿੱਚ 700 ਤੋਂ ਵੱਧ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਭਾਗ ਲਿਆ। ਇਸ ਦੌਰਾਨ ਐਸ.ਡੀ.ਓ. ਧੀਰਜ ਕੁਮਾਰ ਅਤੇ ਲਵਪ੍ਰੀਤ ਸਿੰਘ, ਜੂਨੀਅਰ ਇੰਜੀਨੀਅਰ ਗੁਲਸ਼ਨ ਕੁਮਾਰ ਅਤੇ ਵਿਨੋਦ ਕੁਮਾਰ ਨੇ ਮਾਸਟਰ ਟ੍ਰੇਨਰ ਵਜੋਂ ਆਪਣੀ ਭੂਮਿਕਾ ਨਿਭਾਈ।



# ਮੰਡੀਆਂ 'ਚ ਪਹੁੰਚੇ ਝੋਨੇ ਦੀ 99 ਫੀਸਦੀ ਹੋਈ ਖਰੀਦ : ਬਰਸਟ

**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਸਾਉਣੀ ਖਰੀਦ ਸੀਜ਼ਨ 2025-26 ਦੌਰਾਨ ਸੂਬੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਫਸਲ ਦੇ ਚੱਲ ਰਹੇ ਖਰੀਦ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਇਸ ਦੌਰਾਨ ਬਰਸਟ ਨੇ ਦੱਸਿਆ ਕਿ ਪੰਜਾਬ ਰਾਜ ਦੀਆਂ ਸਮੂਹ ਮੰਡੀਆਂ ਵਿੱਚ ਝੋਨੇ ਦੀ ਆਮਦ, ਖਰੀਦ ਅਤੇ ਲਿਫਟਿੰਗ ਦੇ ਕਾਰਜ ਸੁਚੱਜੇ ਤਰੀਕੇ ਨਾਲ ਚੱਲ ਰਹੇ ਹਨ। ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਸਮੇਤ ਕਿਸੇ ਨੂੰ ਵੀ ਕਿਸੇ ਕਿਸਮ ਦੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾ ਰਹੀ। ਮੰਡੀਆਂ ਵਿੱਚੋਂ ਲਿਫਟਿੰਗ ਵੀ ਤੇਜ਼ੀ ਨਾਲ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਪਹੁੰਚੀ ਫਸਲ ਦੀ ਲੱਗਭਗ 99 ਫੀਸਦੀ ਖਰੀਦ ਹੋ ਚੁੱਕੀ ਹੈ ਅਤੇ ਖਰੀਦੀ ਗਈ ਫਸਲ ਦੀ ਲੱਗਭਗ 92 ਫੀਸਦੀ ਲਿਫਟਿੰਗ ਵੀ ਹੋ ਚੁੱਕੀ ਹੈ। ਬਰਸਟ ਨੇ ਦੱਸਿਆ ਕਿ ਮੰਡੀਆਂ ਵਿੱਚ 9 ਨਵੰਬਰ ਤੱਕ 149.25 ਲੱਖ ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਆਮਦ ਹੋਈ ਹੈ ਅਤੇ 147.62 ਲੱਖ ਮੀਟ੍ਰਿਕ ਟਨ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿੱਚੋਂ ਸਰਕਾਰੀ ਏਜੰਸੀਆਂ ਵੱਲੋਂ 147.39 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਮੰਡੀਆਂ ਵਿੱਚੋਂ ਲੱਗਭੱਗ 135.27 ਲੱਖ ਮੀਟ੍ਰਿਕ ਟਨ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ।ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਖਰੀਦੇ ਝੋਨੇ ਬਾਰੇ ਦੱਸਦਿਆਂ ਚੇਅਰਮੈਨ ਨੇ ਕਿਹਾ ਕਿ ਪਨਗ੍ਰੇਨ ਵੱਲੋਂ ਸਭ ਤੋਂ ਵੱਧ 62.31 ਲੱਖ ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਖਰੀਦ, ਮਾਰਕਫੈਡ ਵੱਲੋਂ 37.36 ਲੱਖ ਮੀਟ੍ਰਿਕ ਟਨ, ਪਨਸਪ ਵੱਲੋਂ 30.68 ਲੱਖ ਮੀਟ੍ਰਿਕ ਟਨ, ਵੇਅਰ ਹਾਊਸ ਵੱਲੋਂ 16.63 ਲੱਖ ਮੀਟ੍ਰਿਕ ਟਨ, ਐਫ.ਸੀ.ਆਈ. ਵੱਲੋਂ 0.41 ਲੱਖ ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 0.23 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੇ ਨਾਲ ਖੜ੍ਹੀ ਹੈ। ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਦਾਣਾ-ਦਾਣਾ ਖਰੀਦਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਫਸਲ ਦੀ ਨਾਲੋਂ-ਨਾਲ ਖਰੀਦ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਫਸਲ ਦੀ ਅਦਾਇਗੀ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ।

# ਪਰਾਲੀ ਸਾੜਨ ਦੇ 11 ਮਾਮਲੇ ਆਏ ਸਾਹਮਣੇ, 70,000 ਰੁਪਏ ਕੀਤਾ ਜੁਰਮਾਨਾ

**ਨਵਾਂਸ਼ਹਿਰ, (ਦਵਿੰਦਰ ਸਿੰਘ ਦੁਰਗਾਪੁਰੀਆ)**

ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹੇ ਅੰਦਰ ਖੇਤਾਂ ਵਿਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਹੁਣ ਤੱਕ ਕੁੱਲ 13 ਸਾਈਟਾਂ ਵਿੱਚੋਂ 11 ਸਾਈਟਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਦਾ ਜਾਇਜ਼ਾ ਲੈਣ ਉਪਰੰਤ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਤੋਂ ਫਸਲਾਂ ਦੀ ਰਹਿੰਦ-ਖੂੰਹਦ ਦੇ ਮਾਮਲਿਆਂ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤਾਂ ਵਿੱਚ ਪਰਾਲੀ ਨੂੰ ਅੱਗ ਨਾ ਲਾਈ ਜਾਵੇ ਜਿਸ ਨਾਲ ਵਾਤਾਵਰਣ ਗੰਦਲਾ ਹੁੰਦਾ ਹੈ। ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵੱਲੋਂ ਪ੍ਰਾਪਤ 11 ਸਾਈਟਾਂ ਦੀ ਜਾਣਕਾਰੀ ਮੁਤਾਬਕ ਬਣਦਾ ਕੁੱਲ 70,000 ਰੁਪਏ ਦਾ ਜੁਰਮਾਨਾ ਕਰਨ ਤੋਂ ਇਲਾਵਾ 9 ਕੇਸਾਂ ਵਿੱਚ ਐੱਫ ਆਈ ਆਰ ਵੀ ਦਰਜ ਕਰ ਦਿੱਤੀ ਗਈ ਹੈ ਅਤੇ 11 ਕੇਸਾਂ ਵਿੱਚ ਲਾਲ ਐਂਟਰੀ ਵੀ ਇੰਦਰਾਜ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸਾਲ 2025 ਦੌਰਾਨ ਜ਼ਿਲ੍ਹੇ ਵਿਚ ਝੋਨੇ ਦੀ ਵਾਢੀ ਲਗਭਗ ਪੂਰੀ ਹੋ ਗਈ ਹੈ ਅਤੇ ਹੁਣ ਤੱਕ ਜ਼ਿਲ੍ਹੇ ਵਿਚ 60 ਫੀਸਦੀ ਤੋਂ ਵੱਧ ਰਕਬੇ ਵਿੱਚ ਕਣਕ ਦੀ ਬਿਜਾਈ ਵੀ ਹੋ ਚੁੱਕੀ ਹੈ।ਇਸ ਮੌਕੇ ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਮੁੱਖ ਖੇਤੀਬਾੜੀ ਅਫਸਰ ਡਾ. ਰਾਕੇਸ਼ ਕੁਮਾਰ ਸ਼ਰਮਾ, ਸਹਾਇਕ ਖੇਤੀਬਾੜੀ ਇੰਜੀਨੀਅਰ ਇੰਜ.ਚੰਦਨ ਸ਼ਰਮਾ, ਪ੍ਰੋਜੈਕਟ ਡਾਇਰੈਕਟਰ ਆਤਮਾ ਡਾ. ਕਮਲਦੀਪ ਸਿੰਘ ਸੰਘਾ, ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ ਦੇ ਐੱਸ ਡੀ ਓ ਅਰਸ਼ਪ੍ਰੀਤ ਕੌਰ ਤੇ ਅਦਿਤਿਆ ਸ਼ਰਮਾ ਹਾਜ਼ਰ ਸਨ।



# ਸ਼ਰਧਾਲੂਆਂ ਦੀ ਸਹੂਲਤ ਲਈ ਮਿਲੇਗੀ ਮੁਫਤ ਟੈਂਟ ਸਿਟੀ ਦੀ ਸਹੂਲਤ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਮੌਕੇ ਦੇਸ਼ ਵਿਦੇਸ਼ ਤੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨਤਮਸਤਕ ਹੋਣ ਲਈ ਪਹੁੰਚ ਰਹੀ ਸੰਗਤ ਦੀ ਸਹੂਲਤ ਲਈ ਪਹਿਲੀ ਵਾਰ ਟੈਂਟ ਸਿਟੀ ਦੀ ਮੁਫਤ ਸਹੂਲਤ ਉਪਲੱਬਧ ਕਰਵਾਈ ਜਾ ਰਹੀ ਹੈ। ਇਸ ਟੈਂਟ ਸਿਟੀ ਵਿੱਚ ਸਾਰੀਆਂ ਆਧੁਨਿਕ ਸਹੂਲਤਾਂ ਉਪਲੱਬਧ ਹੋਣੀਆਂ।ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਤੇ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਇਸ ਟੈਂਟ ਸਿਟੀ ਦੇ ਜੰਗੀ ਪੱਧਰ ਤੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈਣ ਉਪਰੰਤ ਇਸ ਕੰਮ ਵਿੱਚ ਹੋਰ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਟੈਂਟ ਸਿਟੀ ਦੀ ਬੁਕਿੰਗ ਆਨਲਾਈਨ ਹੋਵੇਗੀ ਅਤੇ ਹਰ ਪਰਿਵਾਰ ਇਹ ਟੈਂਟ ਸਿਟੀ ਦੋ ਦਿਨ ਲਈ ਬੁੱਕ ਕਰ ਸਕੇਗਾ। ਇਸ ਟੈਂਟ ਸਿਟੀ ਨੂੰ ਤਿੰਨ ਭਾਗਾਂ ਵਿਚ ਵੰਡ ਬਣਾਇਆ ਜਾ ਰਿਹਾ ਹੈ, 67 ਏਕੜ ਵਿੱਚ ਚੰਡੇਸਰ ਵਿਖੇ ਟੈਂਟ ਸਿਟੀ ਦਾ ਨਿਰਮਾਣ ਚੱਲ ਰਿਹਾ ਹੈ ਜਦੋਂ ਕਿ 7 ਏਕੜ ਵਿਚ ਬਿਜਲੀ ਅਤੇ 6 ਏਕੜ ਵਿਚ ਪਾਵਰ ਕਾਮ ਗਰਾਊਡ ਵਿੱਚ ਟੈਂਟ ਸਿਟੀ ਬਣ ਰਹੀ ਹੈ। ਪਹਿਲੀ ਟੈਂਟ ਸਿਟੀ ਚੰਡੇਸਰ 67 ਏਕੜ ਵਿਚ ਬਣੇਗੀ ਜਿਸ ਵਿੱਚ 434 ਕਮਰੇ ਹੋਣਗੇ, ਹਰ ਇੱਕ ਕਮਰੇ ਵਿੱਚ 16 ਬੈਡ ਲਗਾਏ ਜਾਣਗੇ, ਇਸੇ ਤਰਾਂ ਇਸੇ ਸਥਾਨ ਤੇ 264 ਕਮਰੇ ਹੋਰ ਤਿਆਰ ਹੋਣਗੇ ਜਿਨ੍ਹਾਂ ਵਿੱਚ 4-4 ਬੈਡ ਲਗਾਏ ਜਾਣਗੇ, ਇਸ ਤੋਂ ਇਲਾਵਾ ਸ਼ਰਧਾਲੂਆਂ ਦੇ ਠਹਿਰਣ ਲਈ ਹੋਰ ਵਿਵਸਥਾ ਵੀ ਕੀਤੀ ਜਾਵੇਗੀ, ਟੈਂਟ ਸਿਟੀ ਵਿੱਚ ਬਾਥਰੂਮ ਦੀ ਸਹੂਲਤ ਸ਼ਰਧਾਲੂਆਂ ਨੂੰ ਮਿਲੇਗੀ, ਨਿਰਵਿਘਨ ਬਿਜਲੀ ਸਪਲਾਈ ਅਤੇ ਜਲ ਸਪਲਾਈ ਤੇ ਡਰੇਨੇਜ ਦੀ ਸੁਚਾਰੂ ਵਿਵਸਥਾ ਕੀਤੀ ਗਈ ਹੈ,ਇਸੇ ਤਰਾਂ ਬਿਜਲੀ ਵਿੱਚ ਟੈਂਟ ਸਿਟੀ 7 ਏਕੜ ਵਿੱਚ ਬਣੇਗੀ, ਜਿਸ ਵਿੱਚ 66 ਕਮਰੇ ਬਣਾਏ ਜਾ ਰਹੇ ਹਨ, ਜਿੱਥੇ ਹਰ ਕਮਰੇ ਵਿੱਚ 16 ਬੈਡ ਲਗਾਏ ਜਾ ਰਹੇ ਹਨ ਅਤੇ 35 ਕਮਰੇ ਹੋਰ ਤਿਆਰ ਹੋਣਗੇ ਤੇ ਹਰ ਕਮਰੇ ਵਿਚ 4-4 ਬੈਡ ਲਗਾਏ ਜਾਣਗੇ। ਇਸੇ ਤਰਾਂ ਪੰਜਾਬ ਸਰਕਾਰ ਵੱਲੋਂ ਪੀ.ਐਸ.ਪੀ.ਸੀ.ਐਲ ਗਰਾਊਡ ਦੇ 6 ਏਕੜ ਵਿੱਚ 16 ਬੈਂਡ ਦੇ 9 ਡੋਰਮੈਟਰਿਕ ਬਣਨਗੇ, 90 ਕਮਰੇ ਹੋਰ ਸੂਬਿਆਂ ਤੋ ਆਉਣ ਵਾਲੀ ਸੰਗਤ ਲਈ ਵਿਸੇਸ਼ ਤੌਰ ਤੇ ਤਿਆਰ ਕੀਤੇ ਜਾ ਰਹੇ ਹਨ, ਜਿੱਥੇ ਸਾਰੀਆਂ ਲੋੜੀਦੀਆਂ ਸਹੂਲਤਾਂ ਸ਼ਰਧਾਲੂਆਂ ਲਈ ਉਪਲੱਬਧ ਹੋਣਗੀਆਂ।



# ਏਜੰਟ ਦੇ ਜਾਲ 'ਚ ਫਸੇ ਅੰਬਾਲਾ ਦੇ ਦੋ ਨੌਜਵਾਨ ਰੂਸ ਤੋਂ ਡਿਪੋਰਟ ਹੋ ਕੇ ਪਰਤੇ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਊਰਜਾ, ਟਰਾਂਸਪੋਰਟ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਅੰਬਾਲਾ ਛਾਉਣੀ ਦੇ ਡਿਫੈਂਸ ਕਲੋਨੀ ਦੇ ਦੋ ਨੌਜਵਾਨਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ 'ਤੇ ਰੂਸ ਭੇਜਣ ਵਾਲੇ ਦੋ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਪੁਲਸ ਨੂੰ ਦਿੱਤੇ ਹਨ। ਵਿਜ ਅੰਬਾਲਾ ਛਾਉਣੀ ਵਿੱਚ ਆਪਣੇ ਆਵਾਸ 'ਤੇ ਜਨਸੁਣਵਾਈ ਦੌਰਾਨ ਅੰਬਾਲਾ ਛਾਉਣੀ ਵਿਧਾਨਸਭਾ ਖੇਤਰ ਤੋਂ ਆਏ ਨਾਗਰਿਕਾਂ ਦੀ ਸਮੱਸਿਆਵਾਂ ਸੁਣ ਰਹੇ ਸਨ।ਡਿਫੈਂਸ ਕਲੋਨੀ ਨਿਵਾਸੀ ਸ਼ਿਕਾਇਤ ਕਰਤਾ ਨੇ ਦੱਸਿਆ ਕਿ ਪਿੰਡ ਪੰਜੋਖਰਾ ਸਾਹਿਬ ਅਤੇ ਦਿਆਨਤਬਾਗ ਨਿਵਾਸੀ ਦੋ ਏਜੰਟਾਂ ਨੇ ਉਸ ਨੂੰ ਜਾਰਜੀਆ ਭੇਜਣ ਦਾ ਝਾਂਸਾ ਦਿੱਤਾ ਤੇ ਇਸ ਦੇ ਬਦਲੇ ਪੰਜ ਲੱਖ ਰੁਪਏ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਉਨ੍ਹਾਂ ਨੂੰ ਰਕਮ ਸੌਂਪ ਦਿੱਤੀ ਪਰ ਜਾਰਜਿਆ ਦੀ ਥਾਂ ਮੱਕਾ ਭੇਜ ਦਿੱਤਾ।ਬਾਅਦ ਵਿੱਚ ਏਜੰਟਾਂ ਨੇ ਉਸ ਨੂੰ ਗੈਰ-ਕਾਨੂੰਨੀ ਢੰਗ ਨਾਲ ਟੂਰਿਸਟ ਵੀਜ਼ਾ 'ਤੇ ਰੂਸ ਭੇਜ ਦਿੱਤਾ ਜਿੱਥੇ ਸਥਾਨਕ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਲਗਭਗ ਡੇ ਮਹੀਨੇ ਜੇਲ ਵਿੱਚ ਰੱਖਿਆ ਗਿਆ ਅਤੇ ਫੇਰ ਭਾਰਤ ਵਾਪਸ ਡਿਪੋਰਟ ਕਰ ਦਿੱਤਾ ਗਿਆ। ਉਸ ਨੇ ਦੋਸ਼ ਲਗਾਇਆ ਕਿ ਏਜੰਟਾਂ ਨੇ ਉਸ ਨਾਲ ਕਰੀਬ 8.5 ਲੱਖ ਰੁਪਏ ਦੀ ਠੱਗੀ ਕੀਤੀ।ਇਸੇ ਤਰ੍ਹਾਂ ਦੂਜੇ ਵਿਅਕਤੀ ਨੇ ਵੀ ਇਨ੍ਹਾਂ ਦੋਹਾਂ ਏਜੰਟਾਂ 'ਤੇ ਗੈਰ-ਕਾਨੂੰਨੀ ਢੰਗ ਨਾਲ ਰੂਸ ਭੇਜਣ ਅਤੇ ਧੋਖਾ ਕਰਨ ਦੇ ਆਰੋਪ ਲਗਾਏ।ਉਸ ਨੇ ਦੱਸਿਆ ਕਿ ਰੂਸ ਪਹੁੰਚਣ ਤੋਂ ਬਾਅਦ ਉਸ ਨੂੰ ਵਰਕ ਪਰਮਿਟ ਨਹੀਂ ਮਿਲਿਆ ਅਤੇ ਜਦੋਂ ਉਸ ਨੇ ਏਜੰਟ ਨਾਲ ਸੰਪਰਕ ਕੀਤਾ ਤਾਂ ਉਸ ਨੂੰ ਧਮਕੀ ਦਿੱਤੀ ਗਈ। ਬਾਅਦ ਵਿੱਚ ਰੂਸ ਦੀ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਭਾਰਤ ਡਿਪੋਰਟ ਕਰ ਦਿੱਤਾ। ਯੁਵਕ ਨੇ ਏਜੰਟਾਂ 'ਤੇ ਲਗਭਗ 9 ਲੱਖ ਰੁਪਏ ਦੀ ਠੱਗੀ ਕਰਨ ਦਾ ਆਰੋਪ ਲਗਾਇਆ ਹੈ।ਦੋਹਾਂ ਮਾਮਲਿਆਂ ਦੀ ਗੰਭੀਰਤਾ ਨੂੰ ਵੇਖਦੇ ਹੋਏ ਮੰਤਰੀ ਅਨਿਲ ਵਿਜ ਨੇ ਪੁਲਸ ਅਧਿਕਾਰਿਆਂ ਨੂੰ ਤੁਰੰਤ ਜਾਂਚ ਕਰਨ ਅਤੇ ਦੋਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

# ਬਾਬਾ ਅਮਰਦਾਸ ਦਾ ਜਨਮ ਦਿਹਾੜਾ 13 ਤੋਂ 15 ਤੱਕ ਮਨਾਇਆ ਜਾਵੇਗਾ : ਬਾਬਾ ਸੁਖਦੇਵ ਸਿੰਘ

**ਬੰਗਾ (ਅਵਤਾਰ ਕਲੇਰ)**-ਧੰਨ ਧੰਨ ਬਾਬਾ ਅਮਰਦਾਸ ਜੀ ਦਾ 114 ਵਾਂ ਸਾਲਾਨਾ ਜਨਮ ਦਿਹਾੜਾ ਉਨ੍ਹਾਂ ਦੇ ਤਪ ਅਸਥਾਨ ਅਮਰਪੁਰੀ ਕੁਟੀਆ ਪਿੰਡ ਚੱਕ ਕਲਾਲ ਵਿਖੇ ਗੱਦੀਨਸ਼ੀਨ ਸੰਤ ਬਾਬਾ ਸੁਖਦੇਵ ਸਿੰਘ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਬਾਬਾ ਸੁਖਦੇਵ ਸਿੰਘ ਨੇ ਦੱਸਿਆ ਕਿ 13 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 14 ਨਵੰਬਰ ਨੂੰ ਰਾਤ ਦੇ ਦੀਵਾਨ ਸਜਾਏ ਜਾਣਗੇ। 15 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਵਿਸ਼ਾਲ ਪੰਡਾਲ ਸਜਾਇਆ ਜਾਵੇਗਾ। ਜਿਸ ਵਿਚ ਉੱਘੇ ਰਾਗੀ ਢਾਡੀ ਅਤੇ ਕੀਰਤਨੀ ਜਥੇ ਆਪਣੇ ਪ੍ਰੋਗਰਾਮ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।



# ਮੈਡੀਕਲ ਕੈਂਪ ਲਗਾਉਣ ਲਈ ਭਲਕੇ ਸੰਸਥਾ ਦੀ ਟੀਮ ਹੋਵੇਗੀ ਰਵਾਨਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਦੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਜੀ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਦੇ ਸਹਿਯੋਗ ਨਾਲ 'ਗਰੀਬ ਦਾ ਮੂੰਹ,ਗੁਰੂ ਦੀ ਗੋਲਕ' ਸੰਸਥਾ ਅਜਨੋਹਾ ਵੱਲੋਂ ਐੱਨ ਆਰ ਆਈ ਦੀ ਮਦਦ ਨਾਲ ਹੜ੍ਹ ਪੀੜਤ ਇਲਾਕਾ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਹਲਕਾ ਅਜਨਾਲਾ ਦੇ ਪਿੰਡਾਂ ਵਿੱਚ ਮੁਫ਼ਤ ਮੈਡੀਕਲ ਕੈਂਪ ਲਗਾਉਣ ਲਈ ਸੰਸਥਾ ਦੀ ਟੀਮ ਮਿਤੀ 12 ਨਵੰਬਰ 2025 ਦਿਨ ਬੁੱਧਵਾਰ ਨੂੰ ਸਵੇਰੇ 8.30 ਵਜੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਤੋਂ ਰਵਾਨਾ ਹੋਵੇਗੀ। ਸੰਸਥਾ ਵਲੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਵੱਧ ਤੋਂ ਵੱਧ ਕੈਂਪ ਲਗਾਏ ਜਾਣੇ ਹਨ। ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਉਂਕਾਰ ਸਿੰਘ ਨਰੂੜ, ਜਤਿੰਦਰ ਸਿੰਘ ਰਾਣਾ ਖਾਲਸਾ ਮੁਖਲਿਆਣਾ,ਪੰਚ ਸਤਨਾਮ ਸਿੰਘ ਅਜਨੋਹਾ, ਲੰਬਰਦਾਰ ਪਰਮਜੀਤ ਸਿੰਘ ਜਲਵੇਹੜਾ, ਸੁਰਿੰਦਰ ਪਾਲ ਸਿੰਘ ਅਜਨੋਹਾ, ਅਮਰਜੀਤ ਸਿੰਘ ਬਿੱਲਾ ਕੁਕੋਵਾਲ ਆਦਿ ਹਾਜ਼ਰ ਸਨ।

# ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਬਲਾਚੌਰ (ਜਸਵਿੰਦਰ ਬੈਂਸ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਮਾਨਯੋਗ ਡਾਕਟਰ ਮਹਿਤਾਬ ਸਿੰਘ ਸੀਨੀਅਰ ਕਪਤਾਨ ਪੁਲਿਸ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਦਿਸ਼ਾ ਨਿਰਦੇਸ਼ ਉਪ ਕਪਤਾਨ ਹਿੰਮਤ ਮਲਹੋਤਰਾ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਬ ਇੰਸਪੈਕਟਰ ਬਿਕਰਮ ਸਿੰਘ ਮੁੱਖ ਅਫਸਰ ਥਾਣਾ ਬਲਾਚੌਰ ਦੀ ਯੋਗ ਅਗਵਾਈ ਹੇਠ ਏ ਐੱਸ ਆਈ ਮਨੋਹਰ ਲਾਲ ਥਾਣਾ ਬਲਾਚੌਰ ਸਮੇਤ ਪੁਲਸ ਪਾਰਟੀ ਦੌਰਾਨ ਸ਼ਕੀ ਅਨਸਰਾਂ ਨੂੰ ਚੈੱਕ ਕੀਤਾ ਗਿਆ ਉਸ ਦੌਰਾਨ ਦੀਪਕ ਕੁਮਾਰ ਦੀਪੂ ਪੁੱਤਰ ਸੁਰਿੰਦਰ ਪਾਲ ਵਾਸੀ ਪਿੰਡ ਟੌਸਾ ਥਾਣਾ ਕਾਠਗੜ੍ਹ ਨੂੰ 40 ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ ਕਰਕੇ ਮੁਕੱਦਮਾ ਥਾਣਾ ਬਲਾਚੌਰ ਦਰਜ ਕਰਕੇ ਮੁੱਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।



# ਖੁਰਾਲਗੜ੍ਹ ਦੀ ਸੇਵਾ ਸੰਤਾਂ-ਮਹਾਂਪੁਰਸ਼ਾਂ ਨੇ ਕੀਤੀ ਸ਼ੁਰੂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਇਤਿਹਾਸਕ ਧਰਤੀ ਸੱਚਖੰਡ ਬੇਗਮਪੁਰਾ ਸਤਿਸੰਗ ਸ੍ਰੀ ਚਰਨਛੋਹ ਖੁਰਾਲਗੜ ਸਾਹਿਬ ਅਤੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਦੀ ਨਵ ਉਸਾਰੀ ਸੇਵਾ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਮਹਾਨ ਸੰਤਾਂ ਮਹਾਂਪੁਰਸ਼ਾਂ ਨੇ ਆਰੰਭ ਕੀਤੀ। ਕੌਮ ਦੇ ਮਹਾਨ ਸੰਤ, ਸੰਤ ਸਰਵਣ ਦਾਸ ਜੀ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਸੁਖਮਣੀ ਸਾਹਿਬ ਜੀ ਦੇ ਜਾਪ ਸੰਗਤਾਂ ਨੂੰ ਸਰਵਣ ਕਰਾਏ ਸੰਗਤਾਂ ਦੀ ਚੜਦੀਕਲਾ ਲਈ ਅਰਦਾਸ ਕੀਤੀ। ਸੰਤ ਧਰਮਪਾਲ ਸ਼ੇਰਗੜ ਸਟੇਜ ਸਕੱਤਰ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਕਿਹਾ ਕਿ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਹੁੰਮ ਹੁਮਾ ਕੇ ਪਹੁੰਚ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ ਅਤੇ ਆਦਿ ਧਰਮ ਦੇ ਰਹਿਬਰਾਂ ਦਾ ਮਿਸ਼ਨ ਘਰ ਘਰ ਪਹੁੰਚਾਉਣ ਲਈ ਸੇਵਾ ਲਈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸੰਤ ਨਿਰਮਲ ਦਾਸ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਸੰਤ ਇੰਦਰ ਦਾਸ ਜਨਰਲ ਸਕੱਤਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਸ਼ਹੀਦੀ ਦਿਵਸ ਨੂੰ ਸਮਰਪਿਤ 350 ਸੁਖਮਨੀ ਸਾਹਿਬ ਜੀ ਦੇ ਜਾਪ ਸ੍ਰੀ ਖੁਰਾਲਗੜ ਸਾਹਿਬ ਵਿਖੇ ਕੀਤੇ ਜਾਣਗੇ। ਇਸ ਮੌਕੇ ਸੰਤ ਬਲਵੰਤ ਸਿੰਘ ਡਿੰਗਰੀਆਂ ,ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਚੌਰ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਕਾਹਨ ਸਿੰਘ ਹੈਬੋਵਾਲ,ਸੰਤ ਸੋਹਣ ਸਿੰਘ, ਸੰਤ ਜਗੀਰ ਸਿੰਘ ਬਾਘਾਪੁਰਾਣਾ, ਸੰਤ ਅਮਰਜੀਤ, ਸੰਤ ਚਰਨਦਾਸ ਮਾਂਗਟ, ਸੰਤ ਕੁਲਦੀਪ ਸਿੰਘ, ਸੰਤ ਸੰਤ ਜਗਤਾਰ ਸਿੰਘ ਬਰਨਾਲਾ ਬਠਿੰਡਾ ਤੇ ਸੰਗਤਾਂ ਹਾਜ਼ਰ ਸਨ ।

# ਐਨ ਆਰ ਆਈਜ਼ ਵੱਲੋਂ ਗ੍ਰੰਥੀ ਸਿੰਘ ਦੇ ਘਰ ਦੀ ਮੁਰੰਮਤ ਵਾਸਤੇ ਆਰਥਿਕ ਮਦਦ

**ਕਾਲਾ ਸੰਘਿਆਂ (ਮਨਜੀਤ ਮਾਨ)**

ਕਸਬਾ ਕਾਲਾ ਸੰਘਿਆਂ ਦੇ ਗੁਰੂ ਘਰ ਗ੍ਰੰਥੀ ਸਿੰਘ ਭਾਈ ਗੁਰਚਰਨ ਸਿੰਘ ਪਿੰਡ ਡੋਗਰਾਂਵਾਲ ਦੇ ਘਰ ਦੀ ਹਾਲਤ ਬਹੁਤ ਖ਼ਸਤਾ ਹੋਣ ਕਾਰਨ ਘਨ੍ਹਈਆ ਜੀ ਸੇਵਾ ਸੁਸਾਇਟੀ ਦੇ ਮੁੱਖ ਸੰਚਾਲਕ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾ ਵਾਲਿਆਂ ਨੇ ਗ੍ਰੰਥੀ ਸਿੰਘ ਦੇ ਘਰ ਦੀ ਮੁਰੰਮਤ ਕਰਵਾਉਣ ਵਾਸਤੇ ਐਨ ਆਰ ਆਈਜ਼ ਨੂੰ ਅਪੀਲ ਕੀਤੀ ਸੀ ਜਿਨ੍ਹਾਂ ਰਾਹੀਂ ਉੱਘੇ ਸਮਾਜ ਸੇਵਕ ਕੁਲਦੀਪ ਸਿੰਘ ਬੂਟਾ ਯੂ ਐਸ ਏ, ਪਰਮਜੀਤ ਸਿੰਘ ਸਿੱਧੂ ਯੂ ਐਸ ਏ ਤੇ ਬੈਲਜੀਅਮ ਤੋਂ ਗੁਪਤ ਸੇਵਾ ਭੇਜੀ ਗਈ। ਬਾਬਾ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲਿਆ ਵੱਲੋਂ ਘਰ ਦੀ ਮੁਰੰਮਤ ਕਰਵਾਉਣ ਵਾਸਤੇ ਆਰਥਿਕ ਮਦਦ ਕੀਤੀ। ਇਸ ਮੌਕੇ ਬਾਬਾ ਅਵਤਾਰ ਸਿੰਘ ਸਿੱਧਵਾਂ ਨੇ ਸਮਾਜ ਸੇਵਕ ਜਾਂ ਹੋਰ ਸੰਸਥਾਵਾਂ ਵੱਲੋਂ ਗਿਆਨੀ ਗੁਰਬਚਨ ਸਿੰਘ ਦੀ ਮਦਦ ਕਰਨ ਦੀ ਅਪੀਲ ਕੀਤੀ। ਇਸ ਮੌਕੇ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਕਾਲਾ ਸੰਘਿਆਂ ਦੇ ਹੈਡ ਗ੍ਰੰਥੀ ਭਾਈ ਸੁਰਜੀਤ ਸਿੰਘ ਸੋਹਲ, ਭਾਈ ਸੇਵਾ ਸਿੰਘ ਸੋਹਲ , ਭਾਈ ਮਨਵੀਰ ਸਿੰਘ ਅੰਮ੍ਰਿਤਸਰ ਤੋਂ ਇਲਾਵਾ ਹੋਰ ਆਗੂ ਇਸ ਮੌਕੇ ਹਾਜ਼ਰ ਸਨ।



# ਸਿਵਲ ਡਿਫੈਂਸ ਨੇ 'ਲਾਈਟ ਐਂਡ ਸਾਊਂਡ ਸ਼ੋਅ' 'ਚ ਕਾਇਮ ਕੀਤੀ ਅਨੁਸ਼ਾਸਨ ਤੇ ਸੇਵਾ ਭਾਵਨਾ ਦੀ ਮਿਸਾਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**



ਪੰਜਾਬ ਸਰਕਾਰ ਵਲੋਂ ਆਯੋਜਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹਾਦਤ ਦਿਹਾੜੇ ਨੂੰ ਸਮਰਪਿਤ ਕਰਵਾਏ 'ਲਾਈਟ ਐਂਡ ਸਾਊਂਡ ਪ੍ਰੋਗਰਾਮ' ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਵਲ ਡਿਫੈਂਸ ਹੁਸ਼ਿਆਰਪੁਰ ਦੀ ਟੀਮ ਨੇ ਅਨੁਸ਼ਾਸਨ, ਸਮਰਪਣ ਅਤੇ ਸੇਵਾ ਭਾਵਨਾ ਦਾ ਬਿਹਤਰੀਨ ਉਦਾਹਰਨ ਪੇਸ਼ ਕੀਤੀ।ਐੱਸ ਡੀ ਐੱਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਦੀ ਅਗਵਾਈ ਵਿਚ ਇਸ ਇਤਿਹਾਸਕ ਆਯੋਜਨ ਵਿਚ ਸਿਵਲ ਡਿਫੈਂਸ ਵਲੰਟੀਅਰਾਂ ਨੇ ਬਜ਼ੁਰਗਾਂ, ਬਿਮਾਰ ਵਿਅਕਤੀਆਂ ਅਤੇ ਦਿਵਿਆਂਗਜਨਾਂ ਦੀ ਸਹਾਇਤਾ ਲਈ ਵਿਸ਼ੇਸ਼ ਪ੍ਰਬੰਧ ਕੀਤੇ। ਉਨ੍ਹਾਂ ਨੇ ਇਨ੍ਹਾਂ ਨੂੰ ਵੀਲ੍ਹਚੇਅਰਾਂ ਰਾਹੀਂ ਪ੍ਰੋਗਰਾਮ ਵਾਲੀ ਜਗ੍ਹਾ ਤੱਕ ਪਹੁੰਚਾਇਆ, ਜਿਸ ਨਾਲ ਪ੍ਰੋਗਰਾਮ ਵਿਚ ਆਏ ਸਾਰੇ ਦਰਸ਼ਕਾਂ ਨੂੰ ਸੁਵਿਧਾ ਅਤੇ ਸਨਮਾਨ ਦਾ ਅਹਿਸਾਸ ਹੋਇਆ। ਇਹ ਕੰਮ ਸੇਵਾ ਅਤੇ ਮਾਨਵਤਾ ਦੀ ਭਾਵਨਾ ਦਾ ਸ਼ਕਤੀਸ਼ਾਲੀ ਪ੍ਰਤੀਕ ਬਣਿਆ।ਪ੍ਰੋਗਰਾਮ ਦੀ ਸੁਰੱਖਿਆ ਅਤੇ ਵਿਵਸਥਾ ਵਿਚ 101 ਵਲੰਟੀਅਰਾਂ ਨੇ ਪ੍ਰਤੀਬੱਧਤਾ ਨਾਲ ਯੋਗਦਾਨ ਦਿੱਤਾ ਅਤੇ ਇਹ ਯਕੀਨੀ ਬਣਾਇਆ ਕਿ ਪੂਰਾ ਸਮਾਗਮ ਸ਼ਾਂਤੀਪੂਰਨ, ਸੁਰੱਖਿਆ ਅਤੇ ਸੁਚੱਜੇ ਢੰਗ ਨਾਲ ਨੇਪਰੇ ਚੜ੍ਹੇ। ਸਾਰੇ ਵਲੰਟੀਅਰਾਂ ਨੇ ਆਪਣੀ ਡਿਊਟੀ ਨੂੰ ਬਹੁਤ ਜ਼ਿੰਮੇਵਾਰੀ ਅਤੇ ਮਿਹਨਤ ਨਾਲ ਨਿਭਾਇਆ। ਇਸ ਮੌਕੇ ਜਿਥੇ ਡਿਸਟ੍ਰਿਕਟ ਕਮਾਂਡਰ, ਪੰਜਾਬ ਹੋਮ ਗਾਰਡਜ਼-ਕਮ-ਐਡੀਸ਼ਨਲ ਕੰਟਰੋਲਰ ਸਿਵਲ ਡਿਫੈਂਸ ਰਵੇਲ ਸਿੰਘ ਰੰਧਾਵਾ ਅਤੇ ਕੰਪਨੀ ਕਮਾਂਡਰ ਮਨਿੰਦਰ ਸਿੰਘ ਹੀਰਾ ਦਾ ਮਾਰਗ ਦਰਸ਼ਨ ਅਤੇ ਸਹਿਯੋਗ ਬਹੁਤ ਸ਼ਲਾਘਾਯੋਗ ਰਿਹਾ, ਉਥੇ ਡਿਪਟੀ ਚੀਫ ਵਾਰਡਨ ਪ੍ਰਮੋਦ ਸ਼ਰਮਾ ਦੀ ਅਗਵਾਈ ਵਿਚ ਟੀਮ ਨੇ ਸੇਵਾ, ਅਨੁਸ਼ਾਸਨ ਅਤੇ ਸਹਿਯੋਗ ਦੀ ਭਾਵਨਾ ਨੂੰ ਉਜਾਗਰ ਕੀਤਾ। ਪ੍ਰੋਗਰਾਮ ਵਿਚ ਕਮਲ ਕਿਸ਼ੋਰ, ਈਸ਼ਵਰ ਬਾਂਸਲ, ਤਾਰਕ ਸ਼ਰਮਾ, ਅਸ਼ਵਨੀ ਸ਼ਰਮਾ, ਪਵਨ ਸ਼ਰਮਾ, ਤਰਸਵੀ ਸ਼ਰਮਾ, ਕਰਮਜੀਤ ਸਿੰਘ, ਅਮਰਜੀਤ ਸਿੰਘ, ਵਿਕਾਸ ਸ਼ਰਮਾ, ਰਾਕੇਸ਼ ਕੁਮਾਰ, ਸੰਜੀਵ ਕੁਮਾਰ ਸ਼ਰਮਾ, ਅਸ਼ਵਨੀ ਵਰਮਾ, ਦੀਪਾਲੀ ਸ਼ਰਮਾ, ਗੀਤਾ ਰਾਣੀ ਸਮੇਤ ਹੋਰ ਵਲੰਟੀਅਰਾਂ ਨੇ ਸ਼ਾਨਦਾਰ ਸੇਵਾਵਾਂ ਨਿਭਾਈਆਂ।

# 'ਮੋਬਾਇਲ ਨਸ਼ਾ ਮੁਕਤੀ' 'ਤੇ ਪ੍ਰੇਰਨਾਦਾਇਕ ਭਾਸ਼ਣ



**ਜਲੰਧਰ (ਸ਼ੈਲੀ ਐਲਬਰਟ)**- ਭਰੋਸਾ ਸ਼ਿਵਿਰ ਪਹਿਲਕਦਮੀ ਦੇ ਤਹਿਤ, ਮੇਹਰ ਚੰਦ ਪੌਲੀਟੈਕਨਿਕ ਕਾਲਜ, ਜਲੰਧਰ ਦੇ ਈ ਸੀ ਈ ਵਿਭਾਗ ਨੇ 'ਮੋਬਾਈਲ ਨਸ਼ਾ ਮੁਕਤੀ' ਵਿਸ਼ੇ 'ਤੇ ਇੱਕ ਪ੍ਰੇਰਨਾਦਾਇਕ ਭਾਸ਼ਣ ਦਾ ਆਯੋਜਨ ਕੀਤਾ। ਇਹ ਸੈਮੀਨਾਰ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਅਗਵਾਈ ਅਤੇ ਈ ਸੀ ਈ ਵਿਭਾਗ ਦੇ ਇੰਚਾਰਜ ਮੈਡਮ ਪ੍ਰੀਤ ਕੰਵਲ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਇਸ ਸਮਾਗਮ ਦੀ ਮੇਜ਼ਬਾਨੀ ਮਨਿੰਦਰ ਕੌਰ ਨੇ ਕੀਤੀ। ਮੁੱਖ ਸਪੀਕਰ, ਸ਼੍ਰੀ ਕਵਰਦੀਪ ਸਿੰਘ ਭਾਟੀਆ ਨੇ ਇੱਕ ਪ੍ਰੇਰਨਾਦਾਇਕ ਅਤੇ ਇੰਟਰਐਕਟਿਵ ਸੈਸ਼ਨ ਦਿੱਤਾ ਜਿਸ ਵਿੱਚ ਡਿਜੀਟਲ ਭਟਕਣਾਵਾਂ ਦੇ ਪ੍ਰਬੰਧਨ ਅਤੇ ਅਕਾਦਮਿਕ ਅਤੇ ਨਿੱਜੀ ਵਿਕਾਸ ਲਈ ਧਿਆਨ ਕੇਂਦਰਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀਆਂ ਮੋਬਾਈਲ ਆਦਤਾਂ ਨੂੰ ਉਤਪਾਦਕ ਅਭਿਆਸਾਂ ਵਿੱਚ ਬਦਲਣ ਅਤੇ ਆਪਣੇ ਅਕਾਦਮਿਕ ਅਤੇ ਜੀਵਨ ਟੀਚਿਆਂ 'ਤੇ ਕੇਂਦ੍ਰਿਤ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਨਾਲ ਮਿਆਰੀ ਸਮਾਂ ਬਿਤਾਉਣ, ਵਧੇਰੇ ਕਮਾਈ ਕਰਨ ਲਈ ਸਖ਼ਤ ਮਿਹਨਤ ਕਰਨ ਅਤੇ ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸਮਰਪਿਤ ਰਹਿਣ ਲਈ ਵੀ ਉਤਸ਼ਾਹਿਤ ਕੀਤਾ। ਇਸ ਸਮੇਂ ਪ੍ਰਿੰਸ ਮਦਾਨ, ਮਨੀਸ਼ ਸਚਦੇਵਾ, ਮੈਡਮ ਦੇਵਿਕਾ, ਮੈਡਮ ਮਨਵੀਰ ਕੌਰ ਅਤੇ ਸੁਸ਼ੀਲ ਵੀ ਮੌਜੂਦ ਸਨ।

# ਰਾਜਪਾਲ ਨੇ ਚੰਡੀਗੜ੍ਹ ਤਮਿਲ ਸੰਗਮ ਦੀ ਸੇਵਾ ਭਾਵਨਾ ਦੀ ਕੀਤੀ ਸ਼ਲਾਘਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਨੂੰ ਚੰਡੀਗੜ੍ਹ ਤਮਿਲ ਸੰਗਮ ਦੀ 55ਵੀਂ ਵਰ੍ਹੇਗੰਢ ਪ੍ਰੋਗਰਾਮ ਦੌਰਾਨ ਸਮਾਜਿਕ ਭਲਾਈ, ਸਿੱਖਿਆ ਅਤੇ ਸਾਂਸਕ੍ਰਿਤਿਕ ਸਦਭਾਵ ਵਿੱਚ ਇਸ ਦੇ ਲਗਾਤਾਰ ਯੋਗਦਾਨ ਲਈ ਇਸ ਦੀ ਸ਼ਲਾਘਾ ਕੀਤੀ।ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਇਸ ਇਤਿਹਾਸਕ ਪ੍ਰੋਗਰਾਮ ਦਾ ਹਿੱਸਾ ਬਨਣ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਯਾਦ ਕਰਾਇਆ ਕਿ ਕਿਵੇਂ ਤਮਿਲ ਭਾਈਚਾਰੇ ਦੇ ਮੈਂਬਰ ਲਗਭਗ ਛੇ ਦਹਾਕੇ ਪਹਿਲਾਂ ਚੰਡੀਗੜ੍ਹ ਆਏ ਸਨ, ਜਦੋਂ ਸੁਤੰਤਰਤਾ ਤੋਂ ਬਾਅਦ ਸਿਟੀ ਬਿਊਟੀਫੁਲ ਦਾ ਨਿਰਮਾਣ ਹੋ ਰਿਹਾ ਸੀ। ਉਨ੍ਹਾਂ ਨੇ ਕਿਹਾ ਕਿ ਸਿਟੀ ਬਿਊਟੀਫੁਲ ਦੇ ਨਿਰਮਾਣ ਤੇ ਰਖਰਖਾਵ ਵਿਚ ਆਪਣਾ ਯੋਗਦਾਨ ਬਹੁਤਾ ਸ਼ਲਾਘਾਯੋਗ ਹੈ।

# ਪੈਨਸ਼ਨਰਜ਼ ਮਹਾ ਸੰਘ ਵੱਲੋਂ ਜੁਝਾਰ ਸਿੰਘ ਟਾਈਗਰ ਦਾ ਸਨਮਾਨ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**



ਪੰਜਾਬ ਪੈਨਸ਼ਨਰਜ ਮਹਾ ਸੰਘ ਦੇ ਮੈਂਬਰਾਂ ਦੀ ਮੀਟਿੰਗ ਸੰਘ ਦੇਪ੍ਰਧਾਨ ਲੈਕਚਰਾਰ ਧਰਮਪਾਲ ਸੋਖਲ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਸਭ ਤੋਂ ਪਹਿਲਾਂ ਜਿਨ੍ਹਾਂ ਮੈਂਬਰਾਂ ਦਾ ਜਨਮ ਦਿਨ ਇਸ ਮਹੀਨੇ ਵਿੱਚ ਆਉਂਦਾ ਹੈ, ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ । ਇਸ ਉਪਰੰਤ ਇਲਾਕੇ ਦੇ ਵਿਸ਼ਵ ਚੈਂਪੀਅਨ ਜੁਝਾਰ ਸਿੰਘ ਟਾਈਗਰ ਪਾਵਰ ਸਲੈਂਪਰ ਪੁੱਤਰ ਬਲਵਿੰਦਰ ਸਿੰਘ ਦਾ ਸਨਮਾਨ ਚਿੰਨ ਅਤੇ ਨਗਦ ਰਾਸ਼ੀ ਦੇ ਕੇ ਸਨਮਾਨ ਕੀਤਾ ਗਿਆ, ਜਿਸ ਦੀ ਰਸਮ ਡੀ ਐੱਸ ਪੀ ਮਨਜੀਤ ਸਿੰਘ ਔਲਖ ਦੇ ਰੀਡਰ ਵਿਸ਼ੇਸ਼ ਰਣਜੀਤ ਸਿੰਘ ਅਤੇ ਥਾਣੇਦਾਰ ਸੁਦੇਸ਼ ਕੁਮਾਰ ਸ਼ਰਮਾ ਦੁਆਰਾ ਕੀਤਾ ਗਈ। ਇਸ ਸਮੇਂ ਤਕਰੀਬਨ 40 ਪਿੰਡਾਂ ਦੇ ਸਮੂਹ ਪੈਨਸ਼ਨਰਜ ਦੁਆਰਾ ਸਰਕਾਰ ਤੋਂ ਮੰਗ ਕੀਤੀ ਗਈ ਕਿ ਜੁਝਾਰ ਸਿੰਘ ਵਿਸ਼ਵ ਚੈਂਪੀਅਨ ਨੂੰ ਸਰਕਾਰੀ ਨੌਕਰੀ ਦੇ ਕੇ ਨਿਵਾਜਿਆ ਜਾਵੇ, ਕਿਉਂਕਿ ਉਸ ਨੇ ਪੰਜਾਬ ਅਤੇ ਭਾਰਤ ਦਾ ਨਾਂਅ ਦੁਨੀਆਂ ਵਿੱਚ ਰੌਸ਼ਨ ਕੀਤਾ ਹੈ । ਸੰਸਥਾ ਦੇ ਜਨਰਲ ਸਕੱਤਰ ਲਛਮਣ ਸਿੰਘ ਅਤੇ ਸੀਨੀਅਰ ਆਗੂ ਪਵਨ ਕੁਮਾਰ ਨੇ ਦੱਸਿਆ ਕਿ ਵੱਖ ਵੱਖ ਬੁਲਾਰਿਆਂ ਵੱਲੋਂ ਪੈਨਸ਼ਨਰਾਂ ਦੀਆਂ ਲੱਟਕਦੀਆਂ ਜਾਇਜ ਅਤੇ ਹੱਕੀ ਮੰਗਾਂ ਪ੍ਰਤੀ ਸਰਕਾਰ ਧਾਰੀ ਚੁੱਪ ਕਈ ਤਰ੍ਹਾਂ ਦੇ ਸਵਾਲ ਖੜੇ ਕਰਦੀ ਹੈ,ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ । ਬੁਲਾਰਿਆਂ ਹਰਚੰਦ ਸਿੰਘ, ਬਾਰਾ ਸਿੰਘ ਕੰਗ, ਮੋਹਨ ਸਿੰਘ, ਪ੍ਰਿੰਸੀਪਲ ਸੁਰਿੰਦਰਜੀਤ ਵਰਮਾ, ਮਾਸਟਰ ਸੁਰਿੰਦਰਪਾਲ ਸਿੰਘ ਅਤੇ ਕੈਪਟਨ ਹਰਪਾਲ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਕਿ ਜਿਹੜੇ ਪੈਨਸ਼ਨਰ ਸਵਰਗ ਸਿਧਾਰ ਗਏ ਹਨ, ਦਾ ਬਕਾਇਆ ਉਨ੍ਹਾਂ ਦੇ ਵਾਰਸਾਂ ਨੂੰ ਤੁਰੰਤ ਦਿੱਤਾ ਜਾਵੇ। ਇਸ ਮੌਕੇ ਨੌਹਰਿਆ ਸਿੰਘ, ਪ੍ਰਕਾਸ਼ ਸਿੰਘ, ਗੁਰਦਿਆਲ ਸਿੰਘ, ਸੁਰਜੀਤ ਸਿੰਘ,ਰਾਮ ਸਿੰਘ,ਜਰਨੈਲ ਸਿੰਘ, ਕੈਂਪਟਨ ਗੁਰਦੇਵ ਸਿੰਘ, ਰਾਮ ਪਿਆਰੀ, ਸੁਰਿੰਦਰ ਕੌਰ ਆਦਿ ਹਾਜ਼ਰ ਸਨ।

# ਐੱਲ ਪੀ ਯੂ ਦੇ ਵਿਦਿਆਰਥੀਆਂ ਨੇ ਸਾਈਬਰ ਸੁਰੱਖਿਆ ਬਾਰੇ ਕੀਤਾ ਜਾਗਰੂਕਤਾ ਪ੍ਰੋਗਰਾਮ

**ਫਗਵਾੜਾ (ਡਾ. ਰਮਨ)**-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਦੇ ਮਿੱਤਲ ਸਕੂਲ ਆਫ਼ ਬਿਜ਼ਨਸ ਦੇ ਵਿਦਿਆਰਥੀਆਂ ਨੇ ਸਾਈਬਰ ਸੁਰੱਖਿਆ ਜਾਗਰੂਕਤਾ ਮੁਹਿੰਮ ਦੇ ਹਿੱਸੇ ਵਜੋਂ ਪਿੰਡ ਭੁੱਲਾਰਾਈ ਦੇ ਵਸਨੀਕਾਂ ਨੂੰ ਮੋਬਾਈਲ ਫੋਨ ਦੀ ਵਰਤੋਂ ਕਰਨ ਸਮੇਂ ਧੋਖੇਬਾਜ਼ ਠਗਾਂ ਦੁਆਰਾ ਕੀਤੀ ਜਾਣ ਵਾਲੀ ਠੱਗੀ ਤੋਂ ਬਚਾਅ ਲਈ ਸੁਚੇਤ ਕਰਦੇ ਹੋਏ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ ਤਾਂ ਜੋ ਕਿਸੇ ਤਰ੍ਹਾਂ ਦੇ ਵਿੱਤੀ ਨੁਕਸਾਨ ਤੋਂ ਬਚਿਆ ਜਾ ਸਕੇ। ਐਲ ਪੀ ਯੂ ਦੇ ਵਿਦਿਆਰਥੀਆਂ ਪ੍ਰਗਤੀ, ਗੌਰਵ, ਅਮਾਂਡਾ ਅਤੇ ਪ੍ਰਿੰਸ ਨੇ ਦੱਸਿਆ ਕਿ 'ਡਿਜੀਟਲ ਸੁਰੱਖਿਆ-ਹਰ ਘਰ ਦੀ ਰੱਖਿਆ' ਥੀਮ ਦੇ ਤਹਿਤ ਇਸ ਪ੍ਰੋਗਰਾਮ ਦਾ ਉਦੇਸ਼ ਪਿੰਡਾਂ ਦੇ ਵਸਨੀਕਾਂ ਨੂੰ ਡਿਜੀਟਲ ਯੁੱਗ ਵਿੱਚ ਸੁਰੱਖਿਅਤ ਰਹਿਣ ਅਤੇ ਸਾਈਬਰ ਅਪਰਾਧ ਤੋਂ ਆਪਣੇ ਆਪ ਨੂੰ ਬਚਾਉਣ ਬਾਰੇ ਸਿੱਖਿਅਤ ਕਰਨਾ ਸੀ। ਇਹ ਪ੍ਰੋਗਰਾਮ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਦੇ ਵਿਦਿਆਰਥੀਆਂ ਦੁਆਰਾ ਆਯੋਜਿਤ ਕੀਤਾ ਗਿਆ ਸੀ। ਪਿੰਡ ਦੇ ਸਰਪੰਚ ਰਜਤ ਭਨੋਟ ਰਾਜੂ, ਕੁਲਵੰਤ ਸਿੰਘ ਸਾਬਕਾ ਸਰਪੰਚ, ਹਰਵਿੰਦਰ ਰਾਏ, ਵਿਵੇਕ ਕੁਮਾਰ, ਸਤਵਿੰਦਰ ਸਿੰਘ ਅਤੇ ਜਸਪਾਲ ਸਿੰਘ ਨੇ ਇਸ ਪਹਿਲਕਦਮੀ ਦਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।ਇਸ ਮੌਕੇ 'ਤੇ ਬਲਰਾਜ ਕ੍ਰਿਸ਼ਨ, ਰੇਖਾ, ਅਨਿਲ ਕੁਮਾਰ, ਰਮਾ ਸ਼ਰਮਾ, ਕਾਜਲ, ਪ੍ਰਦੀਪ, ਜਸਪਾਲ ਸਿੰਘ, ਅਸ਼ਵਨੀ ਭਨੋਟ, ਵਿਪਨ ਕੁਮਾਰ, ਪ੍ਰਿੰਸ, ਗੀਤਾ ਸ਼ਰਮਾ, ਸੁਮਨ, ਅਮਨਦੀਪ ਭਨੋਟ, ਅਕਸ਼ੈ ਕੁਮਾਰ, ਸੰਤੋਸ਼ ਦੇਵੀ, ਬੂਟਾ ਰਾਮ ਆਦਿ ਵੀ ਮੌਜੂਦ ਸਨ।

# ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੇ ਜੀਵਨ, ਫਲਸ.ਫੇ ਨੂੰ ਉਜਾਗਰ ਕਰਦੇ ਸ਼ੋਅ ਨੂੰ ਦੇਖਣ ਪੁੱਜੇ ਹਜ਼ਾਰਾਂ ਸ਼ਰਧਾਲੂ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )**-ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਗੁਰੂ ਸਾਹਿਬ ਦੇ ਜੀਵਨ, ਫ਼ਲਸਫ਼ੇ ਅਤੇ ਲਾਸਾਨੀ ਸ਼ਹਾਦਤ 'ਤੇ ਆਧਾਰਿਤ ਵਿਲੱਖਣ ਲਾਈਟ ਐਂਡ ਸਾਊਂਡ ਸ਼ੋਅ 'ਹਿੰਦ ਦੀ ਚਾਦਰ' ਨੇ ਸ਼ਨਿੱਚਰਵਾਰ ਦੀ ਸ਼ਾਮ ਨੂੰ ਸਥਾਨਕ ਲਾਜਵੰਤੀ ਬਹੁਮੰਤਵੀ ਆਊਟਡੋਰ ਸਟੇਡੀਅਮ ਵਿਖੇ ਹਜ਼ਾਰਾਂ ਗਿਣਤੀ ਵਿਚ ਪੁੱਜੀ ਸੰਗਤ ਨੂੰ ਭਾਵੁਕ ਕਰ ਦਿੱਤਾ। 'ਹਿੰਦ ਦੀ ਚਾਦਰ' ਸ਼ੋਅ ਵਿਚ 350 ਸਾਲ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਆਪਣੇ ਪਿਆਰੇ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਦਿੱਤੀ ਗਈ ਲਾਸਾਨੀ ਸ਼ਹਾਦਤ ਨਾਲ ਬੁਲੰਦ ਕੀਤੀ ਗਈ ਹੱਕ, ਸੱਚ, ਨਿਆਂ, ਪਰਉਪਕਾਰ ਤੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਨੂੰ ਵਿਲੱਖਣ ਢੰਗ ਨਾਲ ਪੇਸ਼ ਕੀਤਾ ਗਿਆ। ਸ਼ੋਅ ਤੋਂ ਪਹਿਲਾਂ ਢਾਡੀ ਜਥੇ ਨੇ ਵਾਰਾਂ ਦੇ ਗਾਇਨ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਵੱਲੋਂ ਦਿੱਤੀ ਸ਼ਹਾਦਤ ਦੇ ਪ੍ਰਸੰਗ ਸੁਣਾਏ। ਸ਼ੋਅ ਮੌਕੇ ਸੰਗਤ, ਜਿਸ ਚ ਬੱਚੇ, ਬਜ਼ੁਰਗ ਤੇ ਜਵਾਨ ਸ਼ਾਮਲ ਸਨ, ਨੇ ਧੰਨ ਗੁਰੂ ਤੇਗ ਬਹਾਦਰ ਜੀ ਉਚਾਰਦੇ ਹੋਏ ਜੈਕਾਰੇ ਵੀ ਲਗਾਏ। ਇਸ ਮੌਕੇ ਹਲਕਾ ਵਿਧਾਇਕ ਹੁਸ਼ਿਆਰਪੁਰ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ.ਐਸ.ਪੀ ਸੰਦੀਪ ਕੁਮਾਰ ਮਲਿਕ, ਮੇਅਰ ਸੁਰਿੰਦਰ ਕੁਮਾਰ, ਚੇਅਰਮੈਨ ਨਗਰ ਸੁਧਾਰ ਟਰੱਸਟ ਗੁਰਵਿੰਦਰ ਸਿੰਘ ਪਾਬਲਾ ਤੇ ਹੋਰਨਾਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।23 ਨਵੰਬਰ ਤੋਂ 25 ਨਵੰਬਰ ਤੱਕ ਜਿਥੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ ਉਥੇ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਵਿਖੇ ਵੀ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਮਾਗਮਾਂ ਸਬੰਧੀ ਵੱਡੇ ਪੱਧਰ 'ਤੇ ਤਿਆਰੀ ਵਿੱਢੀ ਹੋਈ ਹੈ।





# ਸਿੱਧ ਯੋਗੀ ਟਰੱਸਟ ਨੇ ਲਗਾਇਆ ਮੁਫਤ ਮੈਡੀਕਲ ਕੈਂਪ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**

ਤਪ ਅਸਥਾਨ ਬ੍ਰਹਮਲੀਨ ਸੱਚਖੰਡ ਵਾਸੀ 108 ਸੰਤ ਨਰਾਇਣ ਦਾਸ ਜੀ ਮਹਾਰਾਜ ਕੁਹਨਾ ( ਕਾਲੀ ਨਾਥ ਕਲੇਸ਼ਵਰ ਮੰਦਿਰ ਕਾਂਗੜਾ ਹਿਮਾਚਲ ਪ੍ਰਦੇਸ਼ ) ਵਿਖੇ ਸਾਲਾਨਾ ਧਾਰਮਿਕ ਸਮਾਗਮ ਗੱਦੀ ਨਸ਼ੀਨ 108 ਸੰਤ ਰਮੇਸ਼ ਦਾ ਮਹਾਰਾਜ ਜੀ ਦੁਆਰਾ ਕਰਵਾਇਆ ਗਿਆ। ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਹਿਮਾਚਲ ਦੇ ਵੱਖ-ਵੱਖ ਧਾਰਮਿਕ ਅਸਥਾਨਾਂ ਤੋਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਨੇ ਸਤਸੰਗ ਕੀਤਾ ਅਤੇ ਗੁਰੂ ਕਾ ਲੰਗਰ ਲਗਾਇਆ ਗਿਆ। ਇਸ ਸਮਾਗਮ ਵਿੱਚ 108 ਸੰਤ ਰਮੇਸ਼ ਦਾਸ ਜੀ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵਲੋਂ ਡਾਕਟਰ ਜਸਵੰਤ ਸਿੰਘ ਥਿੰਦ ਐੱਸ ਐੱਮ ਓ ਸਿਵਲ ਹਸਪਤਾਲ ਮਾਹਿਲਪੁਰ ਅਤੇ ਡਾਕਟਰ ਪ੍ਰਭ ਹੀਰ ਦੁਆਰਾ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਡਾਕਟਰੀ ਟੀਮ ਵਿੱਚ ਸ਼ਾਮਿਲ ਹਰਜਿੰਦਰ ਕੁਮਾਰੀ, ਨਵਜੋਤ ਕੌਰ, ਕਿਸ਼ਨ ਚੰਦ, ਹਰਜੋਤ ਕੌਰ ਤੇ ਭੁਪਿੰਦਰ ਨੇ ਆਏ ਹੋਏ ਮਰੀਜ਼ਾਂ ਦਾ ਮੁਫਤ ਅੱਪ ਚੈੱਕ ਕੀਤਾ ਉਹਨਾਂ ਨੂੰ ਮੁਫਤ ਦਵਾਈ ਦਿੱਤੀ ਅਤੇ ਸ਼ੂਗਰ ਦੇ ਫਰੀ ਟੈਸਟ ਕੀਤੇ ਗਏ। ਇਸ ਮੈਡੀਕਲ ਕੈਂਪ ਦਾ ਉਦਘਾਟਨ ਗੱਦੀ ਨਸ਼ੀਨ 108 ਸੰਤ ਰਮੇਸ਼ ਦਾਸ ਮਹਾਰਾਜ ਨੇ ਕੀਤਾ।

# ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ 'ਚ ਫ੍ਰੈਸ਼ਰ ਪਾਰਟੀ ਦਾ ਆਯੋਜਨ

**ਫਗਵਾੜਾ (ਡਾ. ਰਮਨ)**- ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਫਗਵਾੜਾ ਵਿਖੇ ਬੀ.ਐੱਡ. ਦੇ ਨਵੇਂ ਬੈਚ ਦੇ ਵਿਦਿਆਰਥੀਆਂ ਦਾ ਸਵਾਗਤ ਕਰਨ ਲਈਂ ਫ੍ਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ ।ਜਿਸ ਵਿਚ ਵਿਦਿਆਰਥੀਆਂ ਨੇ ਵੱਖ-ਵੱਖ ਆਈਟਮਾਂ ਗੀਤ-ਗਜ਼ਲ, ਲੋਕ ਗੀਤ ਤੇ ਲੋਕ ਨਾਚ ਵਿੱਚ ਹਿੱਸਾ ਲਿਆ।ਇਹਨਾਂ ਵਿੱਚ ਪੰਜਾਬ ਦੇ ਅਮੀਰ ਵਿਰਸੇ ਅਤੇ ਵੱਖ-ਵੱਖ ਸਮਾਜਿਕ ਪਹਿਲੂਆਂ ਦੀ ਝਲਕ ਵੇਖਣ ਨੂੰ ਮਿਲੀ।ਇਸ ਪ੍ਰੋਗਰਾਮ ਦਾ ਮੁੱਖ ਮੰਤਵ ਨਵੇਂ ਵਿਦਿਆਰਥੀਆਂ ਨੂੰ ਪਰਵਾਰ ਦਾ ਹਿੱਸਾ ਬਣਾਉਣਾ ਅਤੇ ਉਹਨਾਂ ਨੂੰ ਨਵੀਆਂ ਚੁਣੌਤੀਆਂ ਲਈ ਤਿਆਰ ਕਰਨਾ ਸੀ।ਇਸ ਮੌਕੇ ਦੇ ਮੁੱਖ ਮਹਿਮਾਨ ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਅਤੇ ਵਿਸ਼ੇਸ਼ ਮਹਿਮਾਨ ਮਨਜੀਤ ਕੌਰ ਸਨ।ਇਸ ਮੌਕੇ ਨਵੇਂ ਵਿਦਿਆਰਥੀਆਂ ਲਈ ਮਾਡਲਿੰਗ ਦਾ ਵੀ ਆਯੋਜਨ ਕੀਤਾ ਗਿਆ। ਜੱਜਾਂ ਵੱਲੋਂ ਮਿਸਟਰ ਫ੍ਰੈਸ਼ਰ ਰਾਘਵ ਤੇ ਮਿਸ ਫ੍ਰੈਸ਼ਰ ਪੂਜਾ ਨੂੰ ਚੁਣਿਆ ਗਿਆ।ਮਿਸ ਐਲੀਗੈਂਟ, ਮਿਸ ਚਾਰਮਿੰਗ, ਬਿਊਟੀਫੁੱਲ ਸਮਾਇਲ, ਬੈਸਟ ਡਰੈਸਡ ਅਤੇ ਮੋਸਟ ਕਾਨਫੀਡੈਂਟ ਦੇ ਐਵਾਰਡ ਰਮੇਨੀਕਾ ਦਾਦਰਾ, ਸਿਮਰਨ, ਮਨੀਸ਼ਾ ਸ਼ਰਮਾ, ਗੁਰਜੀਤ ਕੌਰ, ਅਤੇ ਸੁਖਵਿੰਦਰ ਕੌਰ ਨੂੰ ਦਿੱਤੇ ਗਏ।ਜੱਜਾਂ ਦੀ ਭੂਮਿਕਾ ਪ੍ਰੋ. ਮੁਕੇਸ਼ ਸ਼ਰਮਾ ਅਤੇ ਜਸਵਿੰਦਰ ਕੌਰ ਵਲੋਂ ਨਿਭਾਈ ਗਈ।ਸਟੇਜ ਪੇਸ਼ਕਾਰੀ ਕਾਲਜ ਦੇ ਵਿਦਿਆਰਥੀਆਂ ਹਰਲੀਨ ਕੌਰ ਅਤੇ ਰਜਨੀ ਦੇਵੀ ਵੱਲੋਂ ਕੀਤੀ ਗਈ।ਪ੍ਰਿੰਸੀਪਲ ਡਾ. ਸੁਰਿੰਦਰਜੀਤ ਕੌਰ ਨੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਤੇ ਉਜਵਲ ਭਵਿੱਖ ਦੀਆਂ ਸ਼ੁੱਭ ਇਛਾਵਾਂ ਦਿੱਤੀਆਂ। ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਨੇ ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ, ਐਜੂਕੇਸ਼ਨਲ ਫੋਰਮ ਦੇ ਇੰਚਾਰਜ ਡਾ. ਨੀਰੂ ਸ਼ਰਮਾ, ਡਾ. ਯੋਗੇਸ਼ ਸ਼ਰਮਾ ਅਤੇ ਡਾ. ਮੋਨਾ ਵਿਜ, ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਦੇ ਆਯੋਜਨ ਲਈ ਵਧਾਈ ਦਿੱਤੀ।






11-NOV-PAGE-10.qxd 11/10/2025 9:40 PM Page 1



## ਕੁਲਬੀਰ ਕੌਰ ਸਰਕਲ ਜ਼ੀਰਾ ਇਸਤਰੀ ਵਿੰਗ ਦੀ ਪ੍ਰਧਾਨ ਨਿਯੁਕਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਤੇ ਪੀਏਸੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਸ਼ਹੀਦ ਭਾਈ ਰੇਸ਼ਮ ਸਿੰਘ ਬੱਬਰ ਪਿੰਡ ਵਰਿਆਮ (ਮਖੂ) ਦੀ ਧਰਮ ਸੁਪਤਨੀ ਬੀਬੀ ਕੁਲਬੀਰ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸਰਕਲ ਜ਼ੀਰਾ ਦੀ ਇਸਤਰੀ ਵਿੰਗ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਬੀਬੀ ਕੁਲਬੀਰ ਕੌਰ ਨੇ ਕਿਹਾ ਕਿ ਜਿਸ ਕੌਮ ਵਾਸਤੇ ਮੇਰੇ ਪਤੀ ਨੇ ਕੁਰਬਾਨੀ ਦਿੱਤੀ ਹੈ, ਉਸ ਕੌਮ ਨੂੰ ਨੇਪਰੇ ਚਾੜ੍ਹਨ ਲਈ ਮੈਂ ਪਾਰਟੀ ਵਿੱਚ ਤਨਦੇਹੀ ਨਾਲ ਕੰਮ ਕਰਾਂਗੀ ਤੇ ਜਲਦ ਸਾਡੇ ਸ਼ਹੀਦਾਂ ਦੇ ਸੁਪਨੇ ਪੂਰੇ ਹੋਣਗੇ। ਇਸ ਮੌਕੇ ਬੀਬੀ ਜਸਬੀਰ ਕੌਰ ਪ੍ਰਧਾਨ ਇਸਤਰੀ ਵਿੰਗ, ਗੁਰਵਿੰਦਰ ਸਿੰਘ ਮੁਰਾਲਾ ਯੂਥ ਪ੍ਰਧਾਨ, ਪ੍ਰਗਟ ਸਿੰਘ ਵਾਹਕੇ ਮੁੱਖ ਬੁਲਾਰਾ, ਬਲਕਾਰ ਸਿੰਘ ਜੋਗੇਵਾਲ ਪ੍ਰਧਾਨ ਕਿਸਾਨ ਵਿੰਗ ਫਿਰੋਜ਼ਪੁਰ, ਸੁੱਚਾ ਸਿੰਘ ਮੁਰਾਲਾ, ਹਜ਼ਾਰਾ ਸਿੰਘ, ਚਮਕੌਰ ਸਿੰਘ ਮਨਸੂਰ ਵਾਲ ਵਰਕਿੰਗ ਕਮੇਟੀ ਮੈਂਬਰ, ਜੋਗਿੰਦਰ ਸਿੰਘ ਸਰਨਲ ਸਕੱਤਰ, ਲਖਵਿੰਦਰ ਸਿੰਘ ਸ਼ੂਹਰ ਸਰਕਲ ਪ੍ਰਧਾਨ, ਦਵਿੰਦਰ ਸਿੰਘ ਚੂਹੀਆ ਜਨਰਲ ਸਕੱਤਰ ਮੀਤ ਪ੍ਰਧਾਨ, ਕੁੰਦਨ ਸਿੰਘ ਪ੍ਰਧਾਨ ਜ਼ੀਰਾ ਦਿਹਾਤੀ, ਯਾਦਵਿੰਦਰ ਸਿੰਘ ਮੁੱਖ ਬੁਲਾਰਾ ਜ਼ੀਰਾ, ਜਸਵੰਤ ਸਿੰਘ ਸਰਕਲ ਪ੍ਰਧਾਨ ਮੱਲਾਂਵਾਲਾ, ਸੁਖਜੀਤ ਸਿੰਘ ਪ੍ਰਧਾਨ ਮਖੂ, ਬੀਬੀ ਰਾਜ ਕੌਰ, ਬੀਬੀ ਸੁਰਜੀਤ ਕੌਰ ਤੇ ਜ਼ੀਰੇ ਸਰਕਲ ਦੀ ਸਾਰੀ ਜਥੇਬੰਦੀ ਵੱਲੋਂ ਬੀਬੀ ਨੂੰ ਸਰਕਲ ਪ੍ਰਧਾਨ ਬਣਨ 'ਤੇ ਸਿਮਰਨਜੀਤ ਸਿੰਘ ਮਾਨ ਦਾ ਧੰਨਵਾਦ ਕੀਤਾ।

## ਪੈਨਸ਼ਨਰ ਧੂਰੀ ਰੈਲੀ 'ਚ ਵੱਡੀ ਗਿਣਤੀ 'ਚ ਭਾਗ ਲੈਣਗੇ : ਕਰਮਜੀਤ ਸ਼ਰਮਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪ੍ਰਜ)**-'ਪੰਜਾਬ ਸਰਕਾਰ ਪਿਛਲੇ ਕਈ ਸਾਲਾਂ ਤੋਂ ਸੇਵਾ ਮੁਕਤ ਕਰਮਚਾਰੀਆਂ ਤੇ ਸਰਕਾਰੀ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਲਟਕਾਉਂਦੀ ਆ ਰਹੀ ਹੈ ਅਤੇ ਉਦਾਸੀਨਤਾ ਵਾਲੀ ਨੀਤੀ ਅਪਣਾਈ ਹੋਈ ਹੈ। ਪੰਜਾਬ ਦੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਧੂਰੀ ਵਿਖੇ 16 ਨਵੰਬਰ ਨੂੰ ਸਰਕਾਰ ਵਿਰੁੱਧ ਕੀਤੀ ਜਾਣ ਵਾਲੀ ਵਿਸ਼ਾਲ ਰੈਲੀ ਵਿੱਚ ਜ਼ਿਲ੍ਹੇ ਦੇ ਪੈਨਸ਼ਨਰ ਵੱਡੀ ਗਿਣਤੀ ਵਿੱਚ ਭਾਗ ਲੈਣਗੇ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਨੇ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਦੌਰਾਨ ਕੀਤਾ।ਸਥਾਨਕ ਕੋਟਕਪੂਰਾ ਰੋਡ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਹੋਈ ਇਸ ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੀਆਂ ਪੈਨਸ਼ਨਰ ਜਥੇਬੰਦੀਆਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਸੰਬੋਧਨ ਕਰਦੇ ਹੋਏ ਸ੍ਰੀ ਸ਼ਰਮਾ ਨੇ ਕਿਹਾ ਕਿ ਉਕਤ ਧੂਰੀ ਰੈਲੀ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗੀ, ਜਿਸ ਦਾ ਸਿੱਟਾ ਪੰਜਾਬ ਸਰਕਾਰ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਭੁਗਤਣਾ ਪਵੇਗਾ। ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਐਸੋਸੀਏਸ਼ਨ ਦੇ ਅਕਾਲ ਚਲਾਣਾ ਕਰ ਗਏ ਮੈਂਬਰ ਕਰਨੈਲ ਸਿੰਘ ਬੇਦੀ, ਕਰਨੈਲ ਸਿੰਘ ਬਰਾੜ ਤੇ ਦਲ ਸਿੰਘ ਜੇ. ਈ. ਭਾਗਸਰ ਦੀ ਧਰਮ ਪਤਨੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਮੀਟਿੰਗ ਦੌਰਾਨ ਜਸਵੰਤ ਸਿੰਘ ਬਰਾੜ ਭਾਗਸਰ, ਪ੍ਰਸ਼ੋਤਮ ਲਾਲ ਗਿਰਧਰ ਚੇਅਰਮੈਨ, ਹਰਦੇਵ ਸਿੰਘ, ਚੌ. ਬਲਬੀਰ ਸਿੰਘ, ਮੇਜਰ ਸਿੰਘ ਚੌਂਤਰਾ ਤੇ ਹੋਰਨਾਂ ਆਗੂਆਂ ਨੇ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਨੀਤੀਆਂ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ।ਮੀਟਿੰਗ ਦੌਰਾਨ ਪੰਜਾਬ ਰੋਡਵੇਜ਼ ਪੈਨਸ਼ਨਰਜ਼ ਐਸੋਸੀਏਸ਼ਨ ਦੇ ਚੇਅਰਮੈਨ ਪ੍ਰਸ਼ੋਤਮ ਲਾਲ ਗਿਰਧਰ, ਪ੍ਰਧਾਨ ਮੇਜਰ ਸਿੰਘ ਚੌਂਤਰਾ ਤੇ ਜਨਰਲ ਸਕੱਤਰ ਨਛੱਤਰ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੱਤੀ।ਮੇਜਰ ਸਿੰਘ ਤੇ ਨਛੱਤਰ ਸਿੰਘ ਨੇ ਆਪਣੇ ਜਨਮ ਦਿਨ ਦੀ ਖੁਸ਼ੀ ਵਿੱਚ ਐਸੋਸੀਏਸ਼ਨ ਨੂੰ ਪੰਜ-ਪੰਜ ਸੌ ਰੁਪਏ ਦਾ ਆਰਥਿਕ ਸਹਿਯੋਗ ਵੀ ਦਿੱਤਾ। ਮੀਟਿੰਗ ਦੌਰਾਨ ਸੁਖਦੇਵ ਸਿੰਘ, ਨਛੱਤਰ ਸਿੰਘ ਤੇ ਜੀਤ ਸਿੰਘ ਐਸੋਸੀਏਸ਼ਨ ਦੇ ਨਵੇਂ ਮੈਂਬਰ ਬਣੇ ਅਤੇ ਸਮੂਹ ਅਹੁਦੇਦਾਰਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਮੀਟਿੰਗ 'ਚ ਅਗਲੇ ਮਹੀਨੇ ਮਨਾਏ ਜਾਣ ਵਾਲੇ ਪੈਨਸ਼ਨਰ ਡੇ ਸਬੰਧੀ ਵਿਚਾਰ-ਵਟਾਂਦਰਾ ਕਰਕੇ ਕਮੇਟੀਆਂ ਗਠਿਤ ਕਰ ਦਿੱਤੀਆਂ ਜਾਣਗੀਆਂ।

## ਭਗੌੜਾ ਗ੍ਰਿਫਤਾਰ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਸ ਨੇ ਜ਼ਿਲ੍ਹੇ ਵਿੱਚ ਕਾਨੂੰਨ-ਵਿਵਸਥਾ ਨੂੰ ਬਰਕਰਾਰ ਰੱਖਣ ਤੇ ਅਪਰਾਧਿਕ ਗਤੀਵਿਧੀਆਂ 'ਤੇ ਅੰਕੁਸ਼ ਲਗਾਉਣ ਲਈ ਸਖ਼ਤ ਕਾਰਵਾਈ ਜਾਰੀ ਹੈ ਤਾਂ ਕਿ ਕੋਈ ਵੀ ਸ਼ਰਾਰਤੀ ਅਨਸਰ ਕਿਸੇ ਅਣਸੁਖਾਵੀਂ ਘਟਨਾ ਨੂੰ ਅੰਜਾਮ ਨਾ ਦੇ ਸਕੇ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।ਇਸ ਦੇ ਤਹਿਤ ਇੱਕ ਹੋਰ ਸਫਲਤਾ ਹਾਸਲ ਕਰਦੇ ਹੋਏ ਸ੍ਰੀ ਤਰਲੋਚਨ ਸਿੰਘ ਡੀ.ਐੱਸ.ਪੀ. (ਸਬ-ਡਵੀਜ਼ਨ) ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾਂ ਹੇਠ ਥਾਣੇਦਾਰ ਸੁਖਦਰਸ਼ਨ ਕੁਮਾਰ ਮੁੱਖ ਅਫਸਰ ਥਾਣਾ ਸਿਟੀ-2 ਫਰੀਦਕੋਟ ਦੀ ਨਿਗਰਾਨੀ ਹੇਠ ਅਦਾਲਤ ਤੋਂ ਭਗੌੜੇ ਵਿਅਕਤੀਆਂ ਖਿਲਾਫ ਕਾਰਵਾਈ ਕਰਦੇ ਹੋਏ ਥਾਣਾ ਸਿਟੀ-2 ਫਰੀਦਕੋਟ ਵੱਲੋਂ 6 ਸਾਲ ਪੁਰਾਣੇ ਮੁਕੱਦਮੇ ਵਿੱਚ ਭਗੌੜੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।ਗ੍ਰਿਫਤਾਰ ਵਿਅਕਤੀ ਸੁਖਦੇਵ ਸਿੰਘ ਉਰਫ ਸ਼ੇਰਾ ਪੁੱਤਰ ਸੁਰਿੰਦਰ ਸਿੰਘ ਜੋ ਗਲੀ ਨੰਬਰ 04, ਸੰਜੇ ਨਗਰ, ਫਰੀਦਕੋਟ ਦਾ ਰਿਹਾਇਸ਼ੀ ਹੈ, ਜੋ ਕਿ ਮੁਕੱਦਮਾ ਨੰਬਰ 96 ਮਿਤੀ 21.04.2019 ਅਧੀਨ ਧਾਰਾ 61/1/14 ਐਕਸਾਈਜ਼ ਐਕਟ ਥਾਣਾ ਸਿਟੀ ਫਰੀਦਕੋਟ ਵਿੱਚ ਭਗੌੜਾ ਚੱਲ ਰਿਹਾ ਸੀ, ਜਿਸ ਨੂੰ ਕਿ ਫਰੀਦਕੋਟ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

## ਹੰਭਲਾ ਫਾਊਂਡੇਸ਼ਨ ਨੇ ਹੜ੍ਹ ਪੀੜਤਾਂ ਨੂੰ ਬਿਸਤਰੇ ਤੇ ਰਾਸ਼ਨ ਵੰਡਿਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿਛਲੇ ਦੋ ਮਹੀਨੇ ਤੋਂ ਹੁਸੈਨੀਵਾਲਾ ਨਜ਼ਦੀਕ ਪਿੰਡ ਝੁੱਗੇ ਹਜ਼ਾਰਾ ਸਿੰਘ ਵਾਲਾ ਵਿਖੇ ਮੁੜ ਵਸੇਬਾ ਕੈਂਪ ਲਗਾ ਕੇ ਬੈਠੀ ਸੰਸਥਾ ਵੱਲੋਂ ਹੜ੍ਹ ਪੀੜਤਾਂ ਨੂੰ ਬਿਸਤਰੇ ਤੇ ਰਾਸ਼ਨ ਵੰਡਿਆ ਗਿਆ। ਜਾਣਕਾਰੀ ਸਾਂਝੀ ਕਰਦਿਆਂ ਹੰਭਲਾ ਫਾਊਂਡੇਸ਼ਨ ਦੇ ਜਨਰਲ ਸਕੱਤਰ ਗਾਮਾ ਸਿੱਧੂ ਤੇ ਕੋਆਰਡੀਨੇਟਰ ਰਿਸ਼ੀ ਰਾਹੀ ਨੇ ਸਾਂਝੇ ਰੂਪ 'ਚ ਕਿਹਾ ਕਿ ਉਹ ਲਗਾਤਾਰ ਹੜ੍ਹ ਦੀ ਮਾਰ ਹੇਠ ਆਏ ਪਿੰਡਾਂ ਵਿੱਚ ਸੇਵਾ ਕਰ ਰਹੇ ਹਨ। ਉਨ੍ਹਾਂ ਵੱਲੋਂ ਪਹਿਲਾਂ ਪੂਰੇ ਪਿੰਡਾਂ ਦਾ ਸਰਵੇਖਣ ਕੀਤਾ ਗਿਆ ਤੇ ਫਿਰ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ। ਉਨ੍ਹਾਂ ਵੱਲੋਂ ਵੱਖ-ਵੱਖ ਸੰਸਥਾਵਾਂ ਤੇ ਸਮਾਜ ਸੇਵੀ ਸੱਜਣਾ ਵੱਲੋਂ ਭੇਜੀ ਗਈ ਮੱਦਦ ਲੋਕਾਂ ਤੱਕ ਪਹੁੰਚਦੀ ਕੀਤੀ ਗਈ। ਅੱਜ ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ ਜਿੱਥੇ 70 ਦੇ ਕਰੀਬ ਸਰਦੀਆਂ ਦੇ ਬਿਸਤਰੇ ਵੰਡੇ ਗਏ ਉੱਥੇ 'ਲਾਇਨਜ਼ ਕਲੱਬਜ਼ ਇੰਟਰਨੈਸ਼ਨਲ ਡਿਸਟ੍ਰਿਕਟ' ਵੱਲੋਂ ਭੇਜਿਆ ਗਿਆ ਘਰ ਦਾ ਰਾਸ਼ਨ ਵੀ ਹੜ੍ਹ ਪੀੜਤਾਂ ਵਿੱਚ ਵੰਡਿਆ ਗਿਆ। ਗਾਮਾ ਸਿੱਧੂ ਅਤੇ ਰਿਸ਼ੀ ਰਾਹੀ ਨੇ ਕਿਹਾ ਕਿ ਹੰਭਲਾ ਫਾਊਂਡੇਸ਼ਨ ਵੱਲੋਂ ਜਿੱਥੇ ਡਸਕਾਂ ਵਾਸਤੇ ਡੀਜ਼ਲ ਦਿੱਤਾ ਜਾ ਰਿਹਾ ਹੈ, ਉੱਥੇ ਲੋੜਵੰਦਾਂ ਨੂੰ ਮਾਲੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ। ਇਸ ਮੌਕੇ ਡਾਕਟਰ ਸੁਰਜੀਤ ਸਿੰਘ ਸਿੱਧੂ, ਅਮਰੀਕ ਸੰਧੂ, ਜਗਦੀਪ ਵੜਿੰਗ, ਤਰਲੋਚਨ ਮੁਸਾਫ਼ਿਰ, ਪੀ ਕੇ, ਗੁਰਪ੍ਰੀਤ ਭੰਬਾ ਲੰਡਾ, ਕੰਵਲਜੀਤ ਕੌਰ ਬਰਾੜ, ਅਸ਼ੋਕ ਕੁਮਾਰ, ਪਰਮਜੀਤ ਪੰਮਾ, ਸੋਨਾ ਸਿੰਘ, ਪਰਮਿੰਦਰ ਪਿੰਦੂ, ਗੁਰਮੀਤ ਮੀਤਾ, ਫ਼ੈਜ਼ਾਨ ਅਲੀ, ਬੌਬੀ, ਗੁਰਦੇਵ ਕਾਕਾ, ਰਾਣਾ ਵੜਵਾਲ, ਭੁਪਿੰਦਰ ਸਿੰਘ, ਪਵਨਦੀਪ ਸਿੰਘ ਆਦਿ ਹਾਜ਼ਰ ਸਨ।

## ਸਿਹਤ ਮੰਤਰੀ ਵੱਲੋਂ ਅਰਬਨ ਅਸਟੇਟ ਫੇਜ਼-2 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸਿਹਤ ਤੇ ਪਰਿਵਾਰ ਕਲਿਆਣ ਮੰਤਰੀ ਡਾ. ਬਲਬੀਰ ਸਿੰਘ ਨੇ ਸਾਧੂ ਬੇਲਾ ਰੋਡ, ਅਰਬਨ ਅਸਟੇਟ ਫੇਜ਼-2, ਪਟਿਆਲਾ ਵਿੱਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ।ਇਸ ਮੌਕੇ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਦੇ ਹਰ ਸ਼ਹਿਰ, ਕਸਬੇ ਤੇ ਪਿੰਡ ਦੀ ਸੰਪੂਰਨ ਵਿਕਾਸ ਯੋਜਨਾ ਤਹਿਤ ਕੰਮ ਕਰ ਰਹੀ ਹੈ।ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਵਿਕਾਸ ਕਾਰਜ ਸਥਾਨਕ ਵਸਨੀਕਾਂ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੁਰੂ ਕੀਤੇ ਗਏ ਹਨ।ਇਸ ਪ੍ਰੋਜੈਕਟ ਅਧੀਨ ਇਲਾਕੇ ਦੀਆਂ ਸੜਕਾਂ ਦੀ ਮੁਰੰਮਤ, ਡਰੇਨੇਜ ਪ੍ਰਣਾਲੀ ਦੇ ਸੁਧਾਰ ਤੇ ਸਫਾਈ ਸਹੂਲਤਾਂ ਦੇ ਵਿਕਾਸ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਪਟਿਆਲਾ ਜਿਹੇ ਇਤਿਹਾਸਕ ਸ਼ਹਿਰ ਨੂੰ ਸੁਚੱਜਾ, ਸੁੰਦਰ ਤੇ ਆਧੁਨਿਕ ਸੁਵਿਧਾਵਾਂ ਨਾਲ ਲੈਸ ਕੀਤਾ ਜਾਵੇ।ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇ ਨਾਲ ਨਾਲ ਉਨ੍ਹਾਂ ਦੇ ਆਸ-ਪਾਸ ਦੇ ਵਾਤਾਵਰਣ ਨੂੰ ਵੀ ਸੁਧਾਰਨਾ ਹੈ, ਕਿਉਂਕਿ ਸਾਫ਼-ਸੁਥਰਾ ਇਲਾਕਾ ਹੀ ਚੰਗੀ ਸਿਹਤ ਦੀ ਨੀਂਹ ਹੈ।ਉਨ੍ਹਾ ਕਿਹਾ ਕਿ ਪਟਿਆਲਾ ਵਿੱਚ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਸਰਕਾਰ ਵੱਲੋਂ ਕਈ ਪ੍ਰੋਜੈਕਟਾਂ 'ਤੇ ਕੰਮ ਜਾਰੀ ਹੈ।ਉਨ੍ਹਾ ਕਿਹਾ ਕਿ ਆਮ ਲੋਕਾਂ ਦੀ ਭਲਾਈ ਸਾਡੀ ਪਹਿਲ ਹੈ ਤੇ ਲੋਕਾਂ ਦੇ ਸਹਿਯੋਗ ਨਾਲ ਪਟਿਆਲਾ ਨੂੰ ਇੱਕ ਮਾਡਲ ਸ਼ਹਿਰ ਬਣਾਇਆ ਜਾਵੇਗਾ।

## ਐੱਮ ਏ ਐੱਮ ਸਕੂਲ 'ਚ ਅਕਾਦਮਿਕ ਟਾਲਮਟੋਲ ਵਿਸ਼ੇ 'ਤੇ ਪ੍ਰੋਗਰਾਮ




**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਕੈਰੀਅਰ ਗਾਈਡੈਂਸ ਆਫ਼ਿਸਰ ਪੰਕਜ ਅਰੋੜਾ ਦੇ ਸਹਿਯੋਗ ਨਾਲ ਸਾਫਟ ਸਕਿਲਜ਼ ਡਿਪਾਰਟਮੈਂਟ ਦੇ ਹੈੱਡ ਕਪਿਲ ਸੀ. ਅਗਰਵਾਲ ਦੀ ਅਗਵਾਈ ਵਿੱਚ ਅਧਿਆਪਕਾਂ ਲਈ ਅਕਾਦਮਿਕ ਪ੍ਰੋਕਰਾਸਟੀਨੇਸ਼ਨ (ਅਕਾਦਮਿਕ ਟਾਲਮਟੋਲ) ਵਿਸ਼ੇ 'ਤੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ, ਜਿਸ ਦਾ ਉਦੇਸ਼ ਅਧਿਆਪਕਾਂ ਨੂੰ ਮਨੋਵਿਗਿਆਨਕ ਤੇ ਵਿਹਾਰਕ ਕਾਰਨ ਕਿਵੇਂ ਵਿਦਿਆਰਥੀਆਂ ਦੀ ਸਿੱਖਣ ਸਮਰੱਥਾ 'ਤੇ ਗਹਿਰਾ ਅਸਰ ਪਾਉਂਦੇ ਹਨ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਤੇ ਸਮੂਹ ਸਟਾਫ਼ ਵੱਲੋਂ ਸੈਸ਼ਨ ਦੇ ਪ੍ਰਬੰਧਕ ਪੰਕਜ ਅਰੋੜਾ ਤੇ ਰਿਸੋਰਸ ਪਰਸਨ ਕਪਿਲ ਸੀ. ਅਗਰਵਾਲ ਦਾ ਸੁਆਗਤ ਕਰਦਿਆਂ ਉਨ੍ਹਾਂ ਨੂੰ 'ਜੀ ਆਇਆਂ ਕਾਰਡ' ਭੇਟ ਕਰਕੇ ਕੀਤੀ ਗਈ।ਇਸ ਸੈਸ਼ਨ ਦੌਰਾਨ ਅਗਰਵਾਲ ਨੇ ਜਿੱਥੇ ਅਧਿਆਪਕਾਂ ਵਲੋਂ ਸਹੀ ਸਮੇਂ 'ਤੇ ਪ੍ਰੇਰਨਾ, ਸਮਾਂ ਪ੍ਰਬੰਧਨ ਅਤੇ ਸਕਾਰਾਤਮਕ ਸੋਚ ਨਾਲ ਵਿਦਿਆਰਥੀਆਂ ਦੀ ਅਕਾਦਮਿਕ ਪ੍ਰਦਰਸ਼ਨਸ਼ੀਲਤਾ ਵਿੱਚ ਸੁਧਾਰ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ, ਉੱਥੇ ਹੀ ਉਨ੍ਹਾਂ ਅਧਿਆਪਕਾਂ ਨੂੰ ਬੱਚਿਆ ਵਿੱਚ ਆਲਸ ਤੇ ਕੰਮ ਪਿੱਛੇ ਧਕਣ ਦੀ ਆਦਤ ਨੂੰ ਦੂਰ ਕਰਨ ਦੇ ਵੱਖ-ਵੱਖ ਤਰੀਕਿਆਂ ਨਾਲ ਵੀ ਜਾਣੂ ਕਰਵਾਇਆ।ਇਸ ਪੂਰੇ ਸੈਸ਼ਨ ਵਿੱਚ ਸਾਰੇ ਅਧਿਆਪਕਾਂ ਨੇ ਵੀ ਬੜੇ ਉਤਸ਼ਾਹ ਨਾਲ ਸ਼ਮੂਲੀਅਤ ਕਰਦਿਆਂ ਆਪਣੇ ਤਜਰਬੇ ਸਾਂਝੇ ਕੀਤੇ। ਅੰਤ ਵਿੱਚ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਸਾਰੇ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਨਪੇਰੇ ਚੜ੍ਹਾਉਣ ਵਿੱਚ ਪ੍ਰਬੰਧਕ ਤੇ ਰਿਸੋਰਸ ਪਰਸਨ ਵੱਲੋਂ ਦਿੱਤੇ ਸਹਿਯੋਗ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਕੇਂਦਰੀ ਪੰਜਾਬੀ ਲੇਖਕ ਸਭਾ ਦੇ ਵਫ਼ਦ ਨੇ ਮੁੱਖ ਮੰਤਰੀ ਨੂੰ ਮੰਗ ਪੱਤਰ ਸੌਂਪਿਆ

**ਧੂਰੀ (ਮਨੋਹਰ ਸਿੰਘ ਸੱਗੂ, ਬਿੰਨੀ ਗਰਗ, ਮੋਹਿਤ ਗਰਗ)**-ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੇ ਵਫ਼ਦ ਵੱਲੋਂ ਸ਼ਨੀਵਾਰ ਧੂਰੀ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੋਲਾਂ ਨੁਕਤਿਆਂ ਵਾਲਾ ਮੰਗ ਪੱਤਰ ਸੌਂਪਿਆ ਗਿਆ।ਇਸ ਸੋਲਾਂ ਨੁਕਾਤੀ ਮੰਗ ਪੱਤਰ ਬਾਰੇ ਕੇਂਦਰੀ ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਦੀ ਅਗਵਾਈ 'ਚ ਮੁੱਖ ਮੰਤਰੀ ਨਾਲ ਸਾਜ਼ਗਰ ਮਾਹੌਲ 'ਚ ਗੱਲਬਾਤ ਹੋਈ।ਕੇਂਦਰੀ ਸਭਾ ਦੇ ਗੁਲਜ਼ਾਰ ਸਿੰਘ ਸ਼ੌਂਕੀ ਨੇ ਦੱਸਿਆ ਕਿ ਗੱਲਬਾਤ ਦੌਰਾਨ ਨਰਸਰੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਲਾਗੂ ਕਰਨ ਲਈ ਕਾਨੂੰਨ ਬਣਾਉਣ, ਪੰਜਾਬ ਅੰਦਰ ਲਾਇਬ੍ਰੇਰੀ ਕਾਨੂੰਨ ਬਣਾਉਣ, ਘਰਾਂ ਦੀਆਂ ਤਖਤੀਆਂ ਅਤੇ ਵਪਾਰ ਤੇ ਸਨੱਅਤੀ ਅਦਾਰਿਆਂ ਦੇ ਬੋਰਡ ਪੰਜਾਬੀ 'ਚ ਲਿਖਵਾਉਣ ਲਈ ਕਾਨੂੰਨ, ਸੂਬੇ 'ਚ ਪੰਜਾਬੀ ਭਾਸ਼ਾ ਲਾਗੂ ਕਰਨ ਲਈ ਸਲਾਹਕਾਰ ਬੋਰਡ ਦਾ ਮੁੜ ਗਠਨ ਕਰਨ, ਪੰਜਾਬੀ ਭਾਸ਼ਾ ਟ੍ਰਿਬਿਊਨਲ ਬਣਾਉਣ, ਲੇਖਕ ਭਵਨ, ਭਾਸ਼ਾ ਵਿਭਾਗ ਪਟਿਆਲਾ ਤੋਂ ਐੱਨ ਸੀ ਸੀ ਦਾ ਕਬਜ਼ਾ ਖਤਮ ਕਰਵਾਉਣ, ਭਾਸ਼ਾ ਵਿਭਾਗ 'ਚ ਖਾਲੀ ਆਸਾਮੀਆਂ ਛੇਤੀ ਪੁਰ ਕਰਨ, ਇੱਕ ਸੌ ਸਾਹਿਤਕਾਰਾਂ ਨੂੰ ਲੇਖਕ ਪੈਨਸ਼ਨ ਸਕੀਮ ਤਹਿਤ ਪੈਨਸ਼ਨ ਦੇਣ ਤੇ ਸਨਮਾਨ ਐਲਾਨ ਕੀਤੇ ਕੋਰਟ ਕੇਸ ਦਾ ਤੁਰੰਤ ਫੈਸਲਾ ਕਰਵਾਉਣ ਆਦਿ ਬਾਰੇ ਵਿਚਾਰ ਚਰਚਾ ਕੀਤੀ ਗਈ।ਮੁੱਖ ਮੰਤਰੀ ਵੱਲੋਂ ਪੰਜਾਬ ਅੰਦਰ ਲਾਇਬ੍ਰੇਰੀਆਂ ਬਣਾਉਣ, ਤਹਿਸੀਲਾਂ ਅੰਦਰ ਪੰਜਾਬੀ ਲਾਗੂ ਕਰਨ ਤੇ ਸਰਕਾਰੀ ਅਦਾਰਿਆਂ ਦੇ ਬੋਰਡ ਪੰਜਾਬੀ 'ਚ ਲਿਖਵਾਉਣ ਦੀ ਕੇਂਦਰੀ ਸਭਾ ਨੇ ਪ੍ਰਸੰਸਾ ਕਰਦਿਆਂ ਮੁੱਖ ਮੰਤਰੀ ਵੱਲੋਂ ਰਹਿੰਦੇ ਮਸਲੇ ਹੱਲ ਕਰਨ ਦੀ ਆਸ ਵੀ ਕੀਤੀ।

## ਉੱਘੇ ਸਮਾਜ ਸੇਵੀ ਸੁਰਜੀਤ ਰੱਖੜਾ ਨੂੰ ਸਾਹਿਤਕਾਰਾਂ ਤੇ ਬੁੱਧੀਜੀਵੀਆਂ ਦਾ ਵਫਦ ਮਿਲਿਆ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਰਿਸਰਚ ਸੈਂਟਰ ਪਟਿਆਲਾ ਦੀ ਅਗਵਾਈ ਹੇਠ ਉਤਕ੍ਰਿਸ਼ਟ ਵਿਦਵਾਨਾਂ, ਚਿੰਤਕਾਂ ਤੇ ਸਾਹਿਤਕਾਰਾਂ ਦਾ ਇੱਕ ਵਫਦ ਰੱਖੜਾ ਟਕਨਾਲੌਜੀ ਵਿਖੇ ਉੱਘੇ ਸਮਾਜ ਸੇਵੀ ਸੁਰਜੀਤ ਸਿੰਘ ਰੱਖੜਾ ਨੂੰ ਮਿਲਿਆ।ਮੀਟਿੰਗ ਵਿੱਚ ਪੰਜਾਬੀ ਭਾਸ਼ਾ ਸਾਹਿਤ, ਸੱਭਿਆਚਾਰ ਤੇ ਸਮਾਜਿਕ ਪ੍ਰਸੰਗਾਂ ਬਾਰੇ ਬਹੁਤ ਗੰਭੀਰ ਵਿਚਾਰਾਂ ਕੀਤੀਆਂ।ਪੰਜਾਬੀ ਦੇ ਮੈਗਜ਼ੀਨਾਂ ਤੇ ਪੁਸਤਕ ਪ੍ਰਕਾਸ਼ਨਾਵਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਨਿਸ਼ਾਨਦੇਹੀ ਕੀਤੀ ਗਈ।ਇੱਕ ਯਾਦਗਾਰੀ ਪੁਸਤਕ ਤੇ ਮੈਗਜ਼ੀਨ ਦੀ ਪ੍ਰਕਾਸ਼ਨਾ ਬਾਰੇ ਗੰਭੀਰ ਵਿਚਾਰ ਵਟਾਂਦਰਾ ਕਰਨ ਉਪਰੰਤ ਰੂਪ-ਰੇਖਾ ਉਲੀਕੀ ਗਈ।ਸ੍ਰ. ਸੁਰਜੀਤ ਸਿੰਘ ਰੱਖੜਾ ਨੇ ਸਾਹਿਤਕਾਰਾਂ ਤੇ ਬੁੱਧੀਜੀਵੀਆਂ ਨੂੰ ਪੰਜਾਬ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਪੂਰਣ ਸੁਹਿਰਦਤਾ ਸਹਿਤ ਕਾਰਜਸ਼ੀਲ ਹੋਣ ਲਈ ਪ੍ਰੇਰਿਆ।ਉਨ੍ਹਾਂ ਨੇ ਆਪਣੇ ਵੱਲੋਂ ਹਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਾਉਣ ਦਾ ਵੀ ਯਕੀਨ ਦੁਆਇਆ। ਇਸ ਮੀਟਿੰਗ ਵਿੱਚ ਗੁਰਨਾਮ ਸਿੰਘ, ਦਰਬਾਰਾ ਸਿੰਘ ਢੀਂਡਸਾ, ਨਿਹਾਲ ਸਿੰਘ ਮਾਨ ਨੇ ਆਪਣੇ ਵਿਚਾਰ ਪੇਸ਼ ਕੀਤੇ।ਡਾ. ਭਗਵੰਤ ਸਿੰਘ ਨੇ ਮਾਲਵਾ ਰਿਸਰਚ ਸੈਂਟਰ ਪਟਿਆਲਾ ਦੇ ਕਾਰਜਾਂ ਦੀ ਤਫਸੀਲ ਪੇਸ਼ ਕੀਤੀ।ਉਨ੍ਹਾਂ ਨੇ ਸੈਂਟਰ ਦੇ ਖੋਜ ਕਾਰਜਾਂ ਬਾਰੇ ਦੱਸਿਆ।ਮੀਟਿੰਗ ਵਿੱਚ ਜਗਦੀਪ ਸਿੰਘ ਗੰਧਾਰਾ ਐਡਵੋਕੇਟ ਨੇ ਜਾਗੋ ਇੰਟਰਨੈਸ਼ਨਲ ਦੇ ਵਿਸ਼ੇਸ਼ ਅੰਕਾਂ ਤੇ ਸਮੁੰਦਰੋਂ ਪਾਰ ਦੀ ਪ੍ਰਕਾਸ਼ਨਾ ਬਾਰੇ ਦੱਸਿਆ।ਇਸ ਮੀਟਿੰਗ ਵਿੱਚ ਸੁਖਵਿੰਦਰ ਸਿੰਘ ਸਿੱਧੂ ਰਾਜਸੀ ਸਕੱਤਰ, ਮੋਹਨ ਸਿੰਘ ਮਕਬੂਲ ਮੀਡੀਆ ਇੰਚਾਰਜ, ਤੇਜਿੰਦਰਪਾਲ ਸਿੰਘ ਸੰਧੂ, ਵੀਰਪ੍ਰਤਾਪ ਸਿੰਘ, ਬਲਜਿੰਦਰ ਸਿੰਘ, ਏ. ਪੀ. ਸਿੰਘ ਹਾਜ਼ਰ ਸਨ। ਡਾ. ਭਗਵੰਤ ਸਿੰਘ ਨੇ ਜਾਗੋ ਇੰਟਰਨੈਸ਼ਨਲ ਤੇ ਪ੍ਰੋ. ਸ਼ੇਰ ਸਿੰਘ ਕੰਵਲ ਦੀ ਪੁਸਤਕ 'ਤਿਲਫੁੱਲ' ਤੇ ਨਿਹਾਲ ਸਿੰਘ ਮਾਨ 'ਗੁਰਬਾਣੀ ਲਿੱਪੀ ਗੁੱਝੇ ਭੇਦ' ਸੁਰਜੀਤ ਸਿੰਘ ਰੱਖੜਾ ਨੂੰ ਭੇਟ ਕੀਤੀਆਂ।

## ਭਾਰਤ ਵਿਕਾਸ ਪ੍ਰੀਸ਼ਦ ਦਾ ਮੁੱਖ ਮਕਸਦ ਬੱਚਿਆਂ ਦੇ ਬੌਧਿਕ ਵਿਕਾਸ ਨੂੰ ਪ੍ਰਫੁੱਲਤ ਕਰਨਾ : ਅਮਿਤ ਜਿੰਦਲ




**ਬੁਢਲਾਡਾ (ਅਸ਼ੋਕ ਲਾਕੜਾ)**-ਬੁਢਲਾਡਾ ਮਾਨਵਤਾ ਦੀ ਭਲਾਈ ਤੇ ਸਮਾਜ ਸੇਵਾ ਨੂੰ ਸਮਰਪਤ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਬੱਚਿਆਂ ਦੇ ਬੌਧਿਕ ਵਿਕਾਸ ਨੂੰ ਪ੍ਰਫੁੱਲਤ ਕਰਨ ਲਈ 'ਭਾਰਤ ਕੋ ਜਾਨੋ' ਅਭਿਆਨ ਤਹਿਤ ਲਿਖਤੀ ਪ੍ਰੀਖਿਆ ਕਰਵਾਈ ਗਈ, ਜਿਸ ਵਿੱਚ ਸ਼ਹਿਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਸਥਾਂ ਦੇ ਪ੍ਰਧਾਨ ਅਮਿਤ ਜਿੰਦਲ ਤੇ ਪ੍ਰੋਜੈਕਟ ਚੇਅਰਮੈਨ ਵਿਮਲ ਜੈਨ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਚਲਾਏ ਜਾ ਰਹੇ ਪ੍ਰੋਜੇਕਟ ਭਾਰਤ ਕੋ ਜਾਨੋ ਤਹਿਤ ਜੂਨੀਅਰ ਤੇ ਸੀਨੀਅਰ ਵਰਗ ਦੇ ਵਿਦਿਆਰਥੀਆਂ ਦੇ ਆਮ ਗਿਆਨ ਦੇ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਪਹਿਲਾਂ ਸਕੂਲ ਪੱਧਰ 'ਤੇ ਕਰਵਾਏ ਗਏ ਤੇ ਸਕੂਲਾਂ ਅੰਦਰ ਅੱਵਲ ਆਉਣ ਵਾਲੇ ਵਿਦਿਆਰਥੀਆਂ ਦੀ ਬਲਾਕ ਪੱਧਰ 'ਤੇ ਪ੍ਰੀਖਿਆ ਲਈ ਗਈ, ਜਿਸ ਵਿੱਚ ਭਾਰਤ ਵਿਕਾਸ ਪ੍ਰੀਸ਼ਦ ਜੂਨੀਅਰ ਵਰਗ ਵਿੱਚ ਪਹਿਲੀ ਟੀਮ ਅਨਮੋਲ ਰਹੇਜਾ ਤੇ ਹਰਮਨ ਕੌਰ ਅਤੇ ਸੀਨੀਅਰ ਵਰਗ ਵਿੱਚੋਂ ਪਹਿਲੀ ਟੀਮ ਡਿੰਪੀ ਰਾਣੀ ਤੇ ਮੋਹਿਤ ਵਰਮਾ ਆਈ। ਸਕੱਤਰ ਐਡਵੋਕੇਟ ਸੁਨੀਲ ਗਰਗ ਤੇ ਬੌਬੀ ਬਾਂਸਲ ਨੇ ਦੱਸਿਆ ਕਿ ਸੰਸਥਾਂ ਦਾ ਮੁੱਖ ਮਕਸਦ ਸਿੱਖਿਆ ਦੇ ਮਿਆਰ ਤੇ ਆਮ ਗਿਆਨ ਸੰਬੰਧੀ ਬੱਚਿਆਂ ਨੂੰ ਪ੍ਰਫੁਲੱਤ ਕਰਨਾ ਹੈ, ਜਿਸ ਨਾਲ ਉਹ ਉੱਚ ਪੱਧਰੀ ਮੁਕਾਬਲਿਆਂ 'ਚ ਮੋਹਰੀ ਰੋਲ ਅਦਾ ਕਰ ਸਕਣ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਕੁਮਾਰ ਜੈਨ, ਸਟੇਟ ਕੈਸ਼ੀਅਰ ਰਾਜ ਕੁਮਾਰ, ਜ਼ਿਲ੍ਹਾ ਕੋਆਰਡੀਨੇਟਰ ਰਾਜ ਕਾਸਲ, ਇੰਦਰ ਕੁਮਾਰ ਤੋਂ ਇਲਾਵਾ ਸਕੂਲੀ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਲੋਂ ਚਿੱਤਰ ਕਲਾ ਮੁਕਾਬਲੇ 18 ਨੂੰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੇਂਡੂ ਸਾਹਿਤ ਸਭਾ ਰਜਿ. ਬਾਲਿਆਂਵਾਲੀ ਵੱਲੋਂ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ ਵਿਖੇ ਪ੍ਰਧਾਨ ਸੁਖਦਰਸ਼ਨ ਗਰਗ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ, ਜਿਸ ਵਿੱਚ ਸਭਾ ਵੱਲੋਂ ਫੈਸਲਾ ਕੀਤਾ ਗਿਆ ਕਿ 18 ਨਵੰਬਰ 2025 ਨੂੰ ਅੰਤਰ-ਸਕੂਲ ਤੇ ਅੰਤਰ-ਕਾਲਜ ਚਿੱਤਰਕਲਾ ਮੁਕਾਬਲਾ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ ਤੇ ਬ੍ਰਿਗੇਡੀਅਰ ਬੰਤ ਸਿੰਘ ਮੈਮੋਰੀਅਲ ਸੁਵਿਧਾ ਕੇਂਦਰ ਤੇ ਕੰਪਿਊਟਰ ਸੈਂਟਰ ਬਾਲਿਆਂਵਾਲੀ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਮੁਕਾਬਲੇ ਗਰੁੱਪ ਏ-ਪਹਿਲੀ ਤੋਂ ਪੰਜਵੀਂ ਕਲਾਸ ਤੱਕ, ਗਰੁੱਪ ਬੀ-ਛੇਵੀਂ ਤੋਂ ਦਸਵੀਂ ਤੱਕ, ਗਰੁੱਪ ਸੀ-ਗਿਆਰਵੀਂ ਤੇ ਬਾਰਵੀਂ ਅਤੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ (ਡਿਗਰੀ ਕਾਲਜ, ਆਈ. ਟੀ. ਆਈ., ਪੌਲੀਟੈਕਨਿਕ, ਇੰਜੀਨੀਅਰਿੰਗ, ਬੀ. ਐੱਡ. ਕਾਲਜ, ਆਰਟ ਐਂਡ ਕਰਾਫਟ ਇੰਸਟੀਚਿਊਟਸ ਦੇ ਵਿਦਿਆਰਥੀ ਆਦਿ) ਹਰ ਇੱਕ ਗਰੁੱਪ ਲਈ ਸਕੂਲ ਤੇ ਕਾਲਜਾਂ ਦੇ 8-8 ਵਿਦਿਆਰਥੀ ਮੁਕਾਬਲਿਆਂ ਵਿੱਚ ਹਿੱਸਾ ਲੈ ਸਕਦੇ ਹਨ। ਮੁਕਾਬਲੇ ਦੇ ਹਰ ਗਰੁੱਪ ਲਈ ਪਹਿਲੇ ਸਥਾਨ 800 ਰੁ:, ਦੂਸਰੇ ਲਈ 500 ਰੁ:, ਤੀਸਰੇ ਲਈ 300 ਰੁ: ਇਨਾਮ ਤੋਂ ਇਲਾਵਾ 10 ਹੌਸਲਾ ਵਧਾਊ 100 ਰੁ: ਹਰੇਕ ਨੂੰ ਨਕਦ ਦਿੱਤੇ ਜਾਣਗੇ। ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ। ਇਸ ਮੌਕੇ ਸਭਾ ਵੱਲੋਂ ਕਰਵਾਏ ਜਾ ਰਹੇ ਢਾਡੀ ਕਵੀਸ਼ਰੀ ਤੇ ਸਨਮਾਨ ਸਮਾਰੋਹ ਵਿੱਚ ਮਾਸਟਰ ਰੇਵਤੀ ਪ੍ਰਸ਼ਾਦ ਸ਼ਰਮਾ ਨੂੰ 13ਵਾਂ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਅਵਾਰਡ ਵੀ ਦਿੱਤਾ ਜਾਵੇਗਾ। ਮੀਟਿੰਗ ਵਿੱਚ ਸਭਾ ਦੇ ਜਨ. ਸਕੱਤਰ ਮਾ. ਜਗਨ ਨਾਥ, ਮਾ. ਅਜਮੇਰ ਦੀਵਾਨਾ, ਪ੍ਰਚਾਰ ਸਕੱਤਰ ਗੁਰਤੇਜ ਸਿੰਘ, ਪੱਤਰਕਾਰ ਹਰਿੰਦਰ ਹਨੀ, ਦੇਵ ਰਾਜ ਗੋਇਲ, ਮਾ. ਇੰਦਰ ਸਿੰਘ, ਗੁਰਮੇਲ ਸਿੰਘ ਮੇਲਾ ਤੇ ਪਵਿੱਤਰ ਸ਼ਰਮਾ ਆਦਿ ਹਾਜ਼ਰ ਸਨ।

## ਪੁਲਸ ਕਰਮਚਾਰੀਆਂ ਦੇ ਨਾਂਅ 'ਤੇ ਠੱਗੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਵਿੱਚ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਪੁਲਸ ਅਧਿਕਾਰੀਆਂ 'ਤੇ ਰਿਸ਼ਵਤ ਲੈਣ ਦੇ ਲੱਗੇ ਦੋਸ਼ਾਂ ਦੀ ਡੂੰਘੀ ਪੜਤਾਲ ਤੋਂ ਬਾਅਦ ਇੱਕ ਪ੍ਰਾਈਵੇਟ ਵਿਅਕਤੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀ 'ਤੇ ਇਹ ਇਲਜ਼ਾਮ ਹੈ ਕਿ ਉਸ ਨੇ ਪਲਸ ਕਰਮਚਾਰੀਆਂ ਦੇ ਨਾਮ 'ਤੇ ਸ਼ਿਕਾਇਤਕਰਤਾ ਤੋਂ ਪੈਸੇ ਹਾਸਲ ਕਰਕੇ ਉਸ ਨਾਲ ਠੱਗੀ ਮਾਰੀ ਹੈ। ਥਾਣਾ ਸਦਰ ਫ਼ਿਰੋਜ਼ਪੁਰ ਪੁਲਸ ਦੇ ਅਧਿਕਾਰੀ ਤੇ ਮਾਮਲੇ ਦੇ ਜਾਂਚਕਰਤਾ ਸੁਖਵਿੰਦਰ ਸਿੰਘ ਡੀਐੱਸਪੀ ਸਿਟੀ ਫ਼ਿਰੋਜ਼ਪੁਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕਾਰਵਾਈ ਟੋਲ ਫਰੀ ਸ਼ਿਕਾਇਤ ਨੰਬਰ 39 ਮਿਤੀ 6 ਅਕਤੂਬਰ 2024 ਦੇ ਮੁਤੱਲਕ ਇੱਕ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਕੀਤੀ ਗਈ ਹੈ। ਸ਼ਿਕਾਇਤਕਰਤਾ ਬਲਕਾਰ ਸਿੰਘ ਪੁੱਤਰ ਵਿਰਸਾ ਸਿੰਘ ਵਾਸੀ ਨੇੜੇ ਬਜਾਜ ਆਟੋ ਏਜੰਸੀ, ਖਾਈ ਫੇਮੇ ਕੀ ਨੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਸੀ। ਬਲਕਾਰ ਸਿੰਘ ਦਾ ਆਪਣੇ ਵੱਡੇ ਭਰਾ ਨਾਲ ਜ਼ਮੀਨ ਦੀ ਵੰਡ ਨੂੰ ਲੈ ਕੇ ਲੰਬੇ ਸਮੇਂ ਤੋਂ ਝਗੜਾ ਚੱਲ ਰਿਹਾ ਸੀ। ਇਸ ਝਗੜੇ ਕਾਰਨ ਦੋਵਾਂ ਧਿਰਾਂ ਵੱਲੋਂ ਇੱਕ ਦੂਜੇ ਖਿਲਾਫ ਦਰਖਾਸਤਾਂ ਦਿੱਤੀਆਂ ਗਈਆਂ ਸਨ। ਇਨ੍ਹਾਂ ਦਰਖਾਸਤਾਂ ਦੀ ਪੜਤਾਲ ਏਐੱਸਆਈ ਬਲਵਿੰਦਰ ਸਿੰਘ, ਥਾਣਾ ਸਦਰ ਫ਼ਿਰੋਜ਼ਪੁਰ ਵੱਲੋਂ ਕੀਤੀ ਗਈ ਸੀ। ਪੜਤਾਲ ਉਪਰੰਤ, ਕਾਨੂੰਨੀ ਪ੍ਰਕਿਰਿਆ ਤਹਿਤ, ਦੋਵਾਂ ਧਿਰਾਂ ਖਿਲਾਫ ਅ/ਧ 107/105 ਸੀਆਰਪੀਸੀ (ਰੋਕੂ ਕਾਰਵਾਈ) ਤਹਿਤ ਕਾਰਵਾਈ ਕੀਤੀ ਗਈ ਸੀ। ਸ਼ਿਕਾਇਤਕਰਤਾ ਬਲਕਾਰ ਸਿੰਘ ਨੇ ਆਪਣੀ ਦਰਖਾਸਤ ਵਿੱਚ ਪੁਲਸ ਕਰਮਚਾਰੀਆਂ 'ਤੇ ਪੈਸੇ ਲੈਣ ਦੇ ਗੰਭੀਰ ਦੋਸ਼ ਲਗਾਏ ਸਨ। ਉਪ ਕਪਤਾਨ ਪੁਲਸ ਵਿਜੀਲੈਂਸ ਬਿਊਰੋ ਰੇਂਜ ਫ਼ਿਰੋਜ਼ਪੁਰ ਵੱਲੋਂ ਇਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ। ਜਾਂਚ ਦੌਰਾਨ ਜਿਨ੍ਹਾਂ ਪੁਲਸ ਕਰਮਚਾਰੀਆਂ 'ਤੇ ਦੋਸ਼ ਲੱਗੇ ਸਨ, ਉਨ੍ਹਾਂ ਵਿੱਚ ਏਐੱਸਆਈ ਪਵਨ ਕੁਮਾਰ, ਏਐੱਸਆਈ ਬਲਵਿੰਦਰ ਸਿੰਘ, ਡੀਐੱਸਪੀ ਸੁਰਿੰਦਰ ਬਾਂਸਲ (ਫ਼ਿਰੋਜ਼ਪੁਰ) ਤੇ ਇੰਸਪੈਕਟਰ ਰਵੀ ਕੁਮਾਰ (ਮੁੱਖ ਅਫ਼ਸਰ ਥਾਣਾ) ਸ਼ਾਮਲ ਸਨ, ਪਰ ਜਾਂਚਕਰਤਾ ਸੁਖਵਿੰਦਰ ਸਿੰਘ ਡੀਐੱਸਪੀ ਸਿਟੀ ਨੇ ਸਪੱਸ਼ਟ ਕੀਤਾ ਕਿ ਸ਼ਿਕਾਇਤਕਰਤਾ ਵੱਲੋਂ ਉਕਤ ਪੁਲਸ ਕਰਮਚਾਰੀਆਂ ਖਿਲਾਫ ਰਿਸ਼ਵਤ ਸਬੰਧੀ ਨਾ ਤਾਂ ਕੋਈ ਠੋਸ ਸਬੂਤ ਜਿਵੇਂ ਕਿ ਆਡੀਓ/ਵੀਡੀਓ ਰਿਕਾਰਡਿੰਗ ਪੇਸ਼ ਕੀਤੀ ਗਈ ਤੇ ਨਾ ਹੀ ਕੋਈ ਹੋਰ ਪੱਕਾ ਸਬੂਤ ਦਿੱਤਾ ਗਿਆ। ਇਸ ਦੀ ਬਜਾਏ ਸ਼ਿਕਾਇਤਕਰਤਾ ਵੱਲੋਂ ਪੇਸ਼ ਕੀਤੀ ਗਈ ਆਡੀਓ ਰਿਕਾਰਡਿੰਗ ਤੇ ਉਸ ਦੀ ਟਰਾਂਸਕ੍ਰਿਪਟ ਵਿੱਚ ਇੱਕ ਅਹਿਮ ਤੱਥ ਸਾਹਮਣੇ ਆਇਆ। ਇਸ ਵਿੱਚ ਇਹ ਪਾਇਆ ਗਿਆ ਕਿ ਇਕ ਪ੍ਰਾਈਵੇਟ ਵਿਅਕਤੀ ਗੁਰਮੇਜ ਸਿੰਘ ਪੁੱਤਰ ਰਫ਼ੀਕ, ਵਾਸੀ ਪਿੰਡ ਕੋਠੀ ਰਾਏ ਸਾਹਿਬ, ਜ਼ਿਲ੍ਹਾ ਫ਼ਿਰੋਜ਼ਪੁਰ ਦੇ ਬੈਂਕ ਅਕਾਊਂਟ ਵਿੱਚ ਸ਼ਿਕਾਇਤਕਰਤਾ ਵੱਲੋਂ 10,000 ਰੁਪਏ ਟਰਾਂਸਫਰ ਕੀਤੇ ਗਏ ਸਨ। ਇੰਨਾ ਹੀ ਨਹੀਂ, ਟਰਾਂਸਕ੍ਰਿਪਟ ਵਿੱਚ ਗੁਰਮੇਜ ਸਿੰਘ ਵੱਲੋਂ ਬਾਕੀ ਪੈਸਿਆਂ ਬਾਰੇ ਵੀ ਹਾਂ-ਪੱਖੀ ਜ਼ਿਕਰ ਕੀਤਾ ਗਿਆ ਹੈ। ਇਸ ਖੁਲਾਸੇ ਨੇ ਸਾਬਿਤ ਕਰ ਦਿੱਤਾ ਕਿ ਗੁਰਮੇਜ ਸਿੰਘ ਨੇ ਆਪਣੇ ਹੀ ਪੱਧਰ 'ਤੇ ਕੰਮ ਕਰਦਿਆਂ, ਸ਼ਿਕਾਇਤਕਰਤਾ ਤੋਂ ਪੁਲਸ ਕਰਮਚਾਰੀਆਂ ਦੇ ਨਾਮ 'ਤੇ ਪੈਸੇ ਹਾਸਲ ਕਰਕੇ ਠੱਗੀ ਕੀਤੀ ਹੈ। ਡੀਐੱਸਪੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀ ਗੁਰਮੇਜ ਸਿੰਘ ਖਿਲਾਫ ਕਾਨੂੰਨੀ ਕਾਰਵਾਈ ਕਰਦਿਆਂ ਉਸ ਵਿਰੁੱਧ ਥਾਣਾ ਸਦਰ ਫ਼ਿਰੋਜ਼ਪੁਰ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਕਾਨੂੰਨ ਅਨੁਸਾਰ ਅਗਲੇਰੀ ਕਾਰਵਾਈ ਜਾਰੀ ਹੈ। ਇਹ ਕਾਰਵਾਈ ਉੱਚ ਅਫਸਰਾਨ ਦੀ ਮਨਜ਼ੂਰੀ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।

## ਪਰਾਲੀ ਨੂੰ ਅੱਗ ਲਗਾਉਣ ਵਾਲੇ 8 ਕਿਸਾਨਾਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲਖੁਰਦ, ਤਲਵੰਡੀ ਭਾਈ ਤੇ ਥਾਣਾ ਮੱਲਾਂਵਾਲਾ ਵਿਖੇ ਵੱਖ ਵੱਖ ਥਾਵਾਂ 'ਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ ਕੁਝ ਅਣਪਛਾਤੇ ਵਿਅਕਤੀਆਂ ਸਮੇਤ 8 ਕਿਸਾਨਾਂ ਖਿਲਾਫ ਪੁਲਸ ਨੇ 223 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ।

ਸਹਾਇਕ ਥਾਣੇਦਾਰ ਬਲਵਿੰਦਰ ਸਿੰਘ, ਸਹਾਇਕ ਥਾਣੇਦਾਰ ਜਸਪਾਲ ਸਿੰਘ, ਸਹਾਇਕ ਥਾਣੇਦਾਰ ਸੁਦੇਸ਼ ਕੁਮਾਰ, ਹੌਲਦਾਰ ਗੁਰਬਿੰਦਰ ਸਿੰਘ, ਸਹਾਇਕ ਥਾਣੇਦਾਰ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਮੁੱਦਕੀ, ਪਿੰਡ ਰੱਤਾ ਖੇੜਾ, ਪਿੰਡ ਕੋਟ ਕਰੋੜ, ਪਿੰਡ ਸੁਲਹਾਣੀ ਵਿਖੇ ਅਣਪਛਾਤੇ ਕਿਸਾਨਾਂ ਤੋਂ ਇਲਾਵਾ ਕਿਸਾਨ ਕੇਵਲ ਸਿੰਘ ਪੁੱਤਰ ਬਲਵੰਤ ਸਿੰਘ ਤੇ ਸੁਖਦੇਵ ਸਿੰਘ ਪੁੱਤਰ ਬਲਵੰਤ ਸਿੰਘ ਵਾਸੀਅਨ ਬੋੜਾਂਵਾਲੀ ਮੱਲਾਂਵਾਲਾ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਹੈ। ਪੁਲਸ ਨੇ ਦੱਸਿਆ ਕਿ ਪੁਲਸ ਨੇ ਉਕਤ ਕਿਸਾਨਾਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## 16 ਦੀ ਧੂਰੀ ਰੈਲੀ 'ਚ ਪੈਨਸ਼ਨਰ ਭਰਵੀਂ ਸ਼ਮੂਲੀਅਤ ਕਰਨਗੇ : ਆਗੂ




**ਧੂਰੀ (ਮਨੋਹਰ ਸਿੰਘ ਸੱਗੂ)**-ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਰਜਿ: ਧੂਰੀ ਦੀ ਮੀਟਿੰਗ ਸਥਾਨਕ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਜੈ ਦੇਵ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਉਪਰੰਤ ਜਥੇਬੰਦੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੁਲਾਰਿਆਂ ਨੇ ਕਿਹਾ ਕਿ 16 ਪ੍ਰਤੀਸ਼ਤ ਡੀ ਏ ਦੀਆਂ ਕਿਸ਼ਤਾਂ ਨਾ ਦੇਣ, 2.59 ਦਾ ਫੈਕਟਰ ਲਾਗੂ ਨਾ ਕਰਨ ਤੇ ਸਰਕਾਰ ਵੱਲੋਂ ਪੈਨਸ਼ਨਰਾਂ ਨੂੰ ਵਾਰ ਵਾਰ ਮੀਟਿੰਗ ਦਾ ਸਮਾਂ ਦੇਣ ਦੇ ਬਾਵਜੂਦ ਟਾਲ-ਮਟੋਲ ਕਰਨ ਨੂੰ ਲੈ ਕੇ ਪੈਨਸ਼ਨਰਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਜਥੇਬੰਦੀ 16 ਨਵੰਬਰ ਨੂੰ ਧੂਰੀ ਵਿਖੇ ਹੋਣ ਵਾਲੀ ਸੂਬਾ ਪੱਧਰੀ ਰੋਸ ਰੈਲੀ 'ਚ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਤੇ ਸੁਰਿੰਦਰ ਕੁਮਾਰ ਕੁੱਸਾ ਦੀ ਅਗਵਾਈ ਹੇਠ ਭਰਵੀਂ ਸ਼ਮੂਲੀਅਤ ਕਰੇਗੀ।ਮੀਟਿੰਗ 'ਚ ਦੱਸਿਆ ਗਿਆ ਕਿ ਜਥੇਬੰਦੀ ਵੱਲੋਂ 17 ਦਸੰਬਰ ਨੂੰ ਸਥਾਨਕ ਸਨਾਤਨ ਧਰਮ ਸਭਾ ਵਿਖੇ ਪੈਨਸ਼ਨਰ ਦਿਹਾੜਾ ਉਤਸ਼ਾਹ ਨਾਲ ਮਨਾਇਆ ਜਾਵੇਗਾ, ਜਿਸ ਦੀ ਸਫਲਤਾ ਲਈ ਵੱਖ ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ।ਜਸਵਿੰਦਰ ਸਿੰਘ ਮੂਲੋਵਾਲ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਜਥੇਬੰਦੀ ਦੇ ਸਾਥੀ ਸੇਵਾ ਮੁਕਤ ਜੇ ਈ ਚਰਨਜੀਤ ਸਿੰਘ ਸੋਹੀ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਸਨਮਾਨਤ ਕੀਤਾ ਗਿਆ।ਮੀਟਿੰਗ ਦੌਰਾਨ ਸੂਬਾ ਮੀਤ ਪ੍ਰਧਾਨ ਹਰਦੇਵ ਸਿੰਘ ਜਵੰਧਾ, ਜੰਗ ਸਿੰਘ ਬਾਦਸ਼ਾਹਪੁਰ, ਜਗਤਾਰ ਸਿੰਘ ਹਸਨਪੁਰ ਤੇ ਕੁਲਵੰਤ ਸਿੰਘ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਹੋਰਨਾਂ 'ਚ ਤੀਰਥ ਸਿੰਘ, ਸਾਧੂ ਸਿੰਘ ਮੀਰਹੇੜੀ, ਨੰਬਰਦਾਰ ਗੁਰਦਿਆਲ ਸਿੰਘ ਮੀਰਹੇੜੀ, ਹਰਬੰਸ ਸਿੰਘ ਸੋਢੀ, ਦਿਆਲ ਸਿੰਘ ਧੂਰਾ, ਵਿੱਕੀ ਮੂਲੋਵਾਲ, ਪੂਰਨ ਸਿੰਘ ਮੂਲੋਵਾਲ, ਰਣਜੀਤ ਸਿੰਘ ਢੀਂਡਸਾ, ਰਾਮ ਗੋਪਾਲ ਸ਼ਰਮਾ, ਕਰਮ ਸਿੰਘ ਮਾਨ, ਭਰਭੂਰ ਸਿੰਘ ਭੋਜੋਵਾਲੀ, ਹਰਿੰਦਰ ਸਿੰਘ ਪਲਾਸੌਰ, ਬਚਿੱਤਰ ਸਿੰਘ, ਸੁਖਦੇਵ ਸਿੰਘ, ਜੱਗਰ ਸਿੰਘ ਹੇੜੀਕੇ, ਜਰਨੈਲ ਸਿੰਘ ਕਾਂਝਲਾ, ਦਰਬਾਰਾ ਸਿੰਘ ਕਾਂਝਲਾ, ਜਰਨੈਲ ਸਿੰਘ ਮੂਲੋਵਾਲ, ਜੀਤ ਸਿੰਘ, ਸ੍ਰੀ ਸਿੰਘ ਮੂਲੋਵਾਲ, ਧੰਦੀਵਾਲ, ਹਰਜਿੰਦਰ ਸਿੰਘ, ਜੈ ਰਾਮ, ਸੰਤ ਭਗਤ ਸਿੰਘ, ਕਰਮ ਚੰਦ ਆਦਿ ਹਾਜ਼ਰ ਸਨ।

## ਅੱਖਾਂ, ਹੱਡੀਆਂ ਤੇ ਦਿਲ ਦੇ ਰੋਗਾਂ ਦਾ ਮੁਫ਼ਤ ਜਾਂਚ ਕੈਂਪ 29 ਨੂੰ

**ਧੂਰੀ (ਮਨੋਹਰ ਸਿੰਘ ਸੱਗੂ)**-ਧੂਰੀ ਨੇਤਰ ਬੈਂਕ ਸੰਮਤੀ ਤੇ ਨਿਸ਼ਕਾਮ ਸੇਵਾ ਸਭਾ ਧੂਰੀ ਵੱਲੋਂ ਸ਼ਰਮਾ ਆਈ ਹਸਪਤਾਲ ਦੇ ਸਹਿਯੋਗ ਨਾਲ 29 ਨਵੰਬਰ ਨੂੰ ਸਥਾਨਕ ਮੰਗਲਾ ਆਸ਼ਰਮ ਵਿਖੇ ਅੱਖਾਂ, ਹੱਡੀਆਂ ਤੇ ਦਿਲ ਦੇ ਰੋਗਾਂ ਦਾ 38ਵਾਂ ਵਿਸ਼ਾਲ ਮੁਫ਼ਤ ਜਾਂਚ ਕੈਂਪ ਲਗਾਇਆ ਜਾਵੇਗਾ।

ਸੰਸਥਾਵਾਂ ਦੇ ਬੁਲਾਰੇ ਰਾਕੇਸ਼ ਕੁਮਾਰ ਨੇ ਦੱਸਿਆ ਕਿ ਕੈਂਪ ਦੌਰਾਨ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਅੱਖਾਂ ਦੇ ਮਾਹਰ ਡਾ: ਮਨਪ੍ਰੀਤ ਸਿੰਘ, ਡਾ: ਕਮਲਦੀਪ, ਡਾ: ਰਮੇਸ਼ ਸ਼ਰਮਾ, ਡਾ: ਰਾਹੁਲ ਸ਼ਰਮਾ, ਡਾ: ਸਾਈਦੀਪ ਢੰਡ, ਹੱਡੀਆਂ ਦੇ ਮਾਹਰ ਡਾ: ਤੁਸ਼ਾਰ ਸਿੰਗਲਾ ਤੇ ਦਿਲ ਦੇ ਰੋਗਾਂ ਦੇ ਮਾਹਰ ਡਾ: ਸੌਰਵ ਸ਼ਰਮਾ ਮਰੀਜ਼ਾਂ ਦੀ ਜਾਂਚ ਕਰਨਗੇ ਤੇ ਲੋੜਮੰਦ ਮਰੀਜ਼ਾਂ ਦੀਆਂ ਅੱਖਾਂ ਦੇ ਫੇਕੋ ਵਿਧੀ ਨਾਲ ਆਪ੍ਰੇਸ਼ਨ ਕੀਤੇ ਜਾਣਗੇ ਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ।

## ਬਿਜਲੀ ਬੋਰਡ ਦੀਆਂ ਜਾਇਦਾਦਾਂ ਵੇਚਣ ਤੇ ਸਿਵਲ ਹਸਪਤਾਲਾਂ ਨੂੰ ਨਿੱਜੀ ਹੱਥਾਂ 'ਚ ਸੌਂਪਣ ਦੀ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਨਿੰਦਾ

### ■ ਸਰਕਾਰ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨ ਲਈ ਤਿਆਰ ਰਹੇ : ਆਗੂ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਬਿਜਲੀ ਬੋਰਡ ਤੇ ਕਈ ਹੋਰ ਸਰਕਾਰੀ ਅਦਾਰਿਆਂ ਦੀਆਂ ਜਾਇਦਾਦਾਂ ਨੂੰ ਵੇਚਣ ਤੇ ਹੁਣ ਪੰਜਾਬ ਰਾਜ ਦੇ 4 ਸਰਕਾਰੀ ਸਿਵਲ ਹਸਪਤਾਲਾਂ ਜਿਵੇਂ ਕਿ ਮੋਗਾ ਸ਼ਹਿਰ, ਰਾਜਪੁਰਾ, ਮੂਣਕ ਤੇ ਫਿਰੋਜ਼ਪੁਰ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦੇ ਉਸ ਰਾਹ ਤੁਰ ਪਈ ਹੈ, ਜੋ ਸਿੱਧਾ ਆਮ ਆਦਮੀ ਪਾਰਟੀ ਦੇ ਪਤਨ ਵੱਲ ਨੂੰ ਜਾਂਦਾ ਹੈ।ਇਹ ਦੋਸ਼ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਸੂਬਾਈ ਆਗੂ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਪੰਜਾਬ ਪੈਨਸ਼ਨਰਜ਼ ਯੂਨੀਅਨ ਸੰਬੰਧਤ ਏਟਕ ਦੇ ਸੂਬਾਈ ਚੇਅਰਮੈਨ ਗੁਰਦੀਪ ਸਿੰਘ ਮੋਤੀ, ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਤੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਪੰਜਾਬ ਸਰਕਾਰ 'ਤੇ ਲਾਉਂਦੇ ਹੋਏ ਇਨ੍ਹਾਂ ਲੋਕ ਵਿਰੋਧੀ ਫੈਸਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਿਛਲੇ ਸਮੇਂ ਦੌਰਾਨ ਅਜਿਹੇ ਲੋਕ ਵਿਰੋਧੀ ਨੀਤੀਆਂ ਦੇ ਰਾਹ ਅਖਤਿਆਰ ਕਰਨ ਵਾਲੀਆਂ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਵਰਗੀਆਂ ਰਾਜਨੀਤਕ ਪਾਰਟੀਆਂ ਦਾ ਬਹੁਤ ਬੁਰੀ ਤਰ੍ਹਾਂ ਅੰਤ ਹੋਇਆ ਹੈ ਤੇ ਪੰਜਾਬ ਦੇ ਇਨਸਾਫ ਪਸੰਦ ਤੇ ਸੰਘਰਸ਼ਸ਼ੀਲ ਲੋਕ ਆਮ ਆਦਮੀ ਪਾਰਟੀ ਨੂੰ ਵੀ ਮੁਆਫ ਨਹੀਂ ਕਰਨਗੇ।ਆਗੂਆਂ ਨੇ ਕਿਹਾ ਕਿ ਜਿਵੇਂ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਨੂੰ ਲੋਕ ਵਿਰੋਧੀ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ, ਹੁਣ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਤੇ ਸਿੰਡੀਕੇਟ ਨੂੰ ਖਤਮ ਕਰਨ ਸਬੰਧੀ ਫੈਸਲੇ ਲੋਕ ਸੰਘਰਸ਼ ਦੇ ਦਬਾਅ ਹੇਠ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਹੈ ਅਤੇ ਪਿਛਲੇ ਸਮੇਂ ਦੌਰਾਨ ਭਗਵੰਤ ਮਾਨ ਸਰਕਾਰ ਨੂੰ ਵੀ ਲੈਂਡ ਪੋਲਿੰਗ ਪਾਲਿਸੀ ਨੂੰ ਲਾਗੂ ਕਰਨ ਸਬੰਧੀ ਲੋਕ ਵਿਰੋਧੀ ਫੈਸਲੇ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਹੈ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਦੇ ਖੂਨ ਪਸੀਨੇ ਨਾਲ ਹੋਂਦ ਵਿੱਚ ਆਈਆਂ ਸਾਰੀਆਂ ਸਰਕਾਰੀ ਜਾਇਦਾਦਾਂ ਨੂੰ ਵੇਚਣ ਤੇ ਸਿਵਲ ਹਸਪਤਾਲਾਂ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਸਬੰਧੀ ਅਜਿਹੇ ਲੋਕ ਵਿਰੋਧੀ ਫੈਸਲੇ ਵੀ ਲਾਗੂ ਨਹੀਂ ਹੋਣ ਦੇਣਗੇ।ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਬਿਨਾਂ ਕਿਸੇ ਹੋਰ ਦੇਰੀ ਇਹ ਲੋਕ ਵਿਰੋਧੀ ਫੈਸਲੇ ਤੁਰੰਤ ਵਾਪਸ ਲਏ ਜਾਣ, ਕਿਉਂਕਿ ਕਾਰਪੋਰੇਟ ਘਰਾਣੇ ਸਿਰਫ ਪੈਸਾ ਦੇ ਸਕਦੇ ਹਨ ਤੇ ਲੋਕਾਂ ਕੋਲ ਵੋਟਾਂ ਦੀ ਤਾਕਤ ਹੈ।


## ਸਿਮਰਨ ਫ਼ਾਊਂਡੇਸ਼ਨ ਨੇ ਸ਼ਹਿਰ 'ਚ ਕੀਤੀ ਸਾਫ਼-ਸਫ਼ਾਈ

### *ਆਓ ਰਲ-ਮਿਲ ਕੇ ਪੰਜਾਬ ਨੂੰ ਬਣਾਈਏ ਸਾਫ਼-ਸੁਥਰਾ : ਅਭੈ ਢਿੱਲੋਂ*



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸਿਮਰਨ ਫ਼ਾਊਂਡੇਸ਼ਨ ਵੱਲੋਂ ਜਿੱਥੇ ਗਿੱਦੜਬਾਹਾ ਸ਼ਹਿਰ ਨੂੰ ਸਾਫ਼ ਸੁਥਰਾ ਕਰਨ ਲਈ ਪਿਛਲੇ ਕਈ ਮਹੀਨਿਆਂ ਤੋਂ ਪਲਾਸਟਿਕ ਮੁਕਤ ਕਰਨ ਲਈ ਸ਼ਹਿਰ ਵਿੱਚ ਮੱਕੀ ਦੇ ਬਣੇ ਲਿਫ਼ਾਫੇ ਵਰਤਣ ਦੀ ਮੁਹਿੰਮ ਵਿੱਢੀ ਹੋਈ ਹੈ, ਉੱਥੇ ਹੀ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਗਿੱਦੜਬਾਹਾ ਸ਼ਹਿਰ ਦੇ ਬੱਸ ਅੱਡੇ ਵਿੱਚ ਸਾਫ਼ ਸਫ਼ਾਈ ਕੀਤੀ ਗਈ।ਇਸ ਮੌਕੇ ਸਿਮਰਨ ਫ਼ਾਊਂਡੇਸ਼ਨ ਦੇ ਅਭੈ ਸਿੰਘ ਢਿੱਲੋਂ ਨੇ ਕਿਹਾ ਕਿ ਸਿਮਰਨ ਫ਼ਾਊਂਡੇਸ਼ਨ ਵੱਲੋਂ ਜਿੱਥੇ ਗਿੱਦੜਬਾਹਾ ਸ਼ਹਿਰ ਨੂੰ ਸੰਦਰ ਬਣਾਉਣ ਲਈ ਪਲਾਸਟਿਕ ਮੁਕਤ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ, ਉੱਥੇ ਹੀ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਗਿੱਦੜਬਾਹਾ ਦੇ ਬੱਸ ਅੱਡੇ 'ਤੇ ਸਾਫ਼ ਸਫ਼ਾਈ ਕੀਤੀ ਗਈ।ਅਭੈ ਸਿੰਘ ਢਿੱਲੋਂ ਨੇ ਪੰਜਾਬ ਦੇ ਸਿਆਸਤਦਾਨਾਂ, ਅਫ਼ਸਰਾਂ, ਖਿਡਾਰੀਆਂ, ਕਲਾਕਾਰਾਂ ਸਮੇਤ ਹਰ ਪੰਜਾਬੀ ਨੂੰ ਅਪੀਲ ਕੀਤੀ ਕਿ ਆਪਾਂ ਪੰਜਾਬ ਨੂੰ ਸਾਫ਼ ਸੁਥਰਾ ਬਣਾਈਏ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ 'ਤੇ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਸਾਫ਼ ਸੁਥਰਾ ਪੰਜਾਬ ਦਿਖਾ ਸਕੀਏ ਤੇ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰੀਏ।ਇਸ ਮੌਕੇ ਆਪ ਦੇ ਸ਼ਹਿਰੀ ਇੰਚਾਰਜ ਗੌਰਵ ਜੈਨ ਚੀਨੂੰ ਤੋਂ ਇਲਾਵਾ ਲਖਵਿੰਦਰ ਸਿੰਘ ਬਦਰੂ, ਵਿੱਕੀ ਥੋਰੀਆ, ਧਰਮਿੰਦਰ ਬੈਂਟੂ ਤੇ ਸਿਮਰਨ ਫ਼ਾਊਂਡੇਸ਼ਨ ਦੇ ਮੈਂਬਰ ਹਾਜ਼ਰ ਸਨ।


## ਭਾਜਪਾ ਨੇ ਪੰਜਾਬ ਦੇ ਕਿਸਾਨਾਂ ਨੂੰ ਹਰ ਕਦਮ 'ਤੇ ਅਣਗੌਲਿਆ : ਹਰਚੰਦ ਬਰਸਟ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਵਿਧਾਨ ਸਭਾ ਹਲਕਾ ਤਰਨਤਾਰਨ ਜ਼ਿਮਨੀ ਚੋਣ ਸਬੰਧੀ ਪ੍ਰਚਾਰ ਦੌਰਾਨ ਕਿਸਾਨੀ ਦੇ ਮੁੱਦੇ 'ਤੇ ਭਾਜਪਾ 'ਤੇ ਤੀਖਾ ਹਮਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਕਿਸਾਨ ਵਿਰੋਧੀ ਪਾਰਟੀ ਹੈ, ਜਿਸ ਵੱਲੋਂ ਹਮੇਸ਼ਾ ਹੀ ਪੰਜਾਬ ਦੇ ਕਿਸਾਨਾਂ ਨੂੰ ਅਣਗੌਲਿਆ ਕੀਤਾ ਗਿਆ ਹੈ।ਕੇਂਦਰ ਦੀ ਭਾਜਪਾ ਸਰਕਾਰ ਹਮੇਸ਼ਾ ਤੋਂ ਹੀ ਪੰਜਾਬ ਨਾਲ ਵਿਤਕਰਾ ਕਰਦੀ ਆ ਰਹੀ ਹੈ, ਜਦੋਂਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਮੇਸ਼ਾ ਕਿਸਾਨਾਂ ਦੇ ਹਿੱਤ ਵਿੱਚ ਵੱਡੇ-ਵੱਡੇ ਫੈਸਲੇ ਲਏ ਜਾ ਰਹੇ ਹਨ, ਜਿਸ ਸਦਕਾ ਅੱਜ ਪੰਜਾਬ ਵਿੱਚ ਖੇਤੀਬਾੜੀ ਖੇਤਰ ਤੇ ਕਿਸਾਨੀ ਤੇਜ਼ੀ ਨਾਲ ਪ੍ਰਫੁੱਲਤ ਹੋ ਰਹੀ ਹੈ।ਸ੍ਰ. ਬਰਸਟ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪਹਿਲਾਂ ਤਿੰਨ ਖੇਤੀ ਕਾਨੂੰਨ ਲਿਆ ਕੇ ਖੇਤੀ ਖੇਤਰ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ, ਪਰ ਪੰਜਾਬ ਦੇ ਕਿਸਾਨਾਂ ਦੇ ਸੰਘਰਸ਼ ਸਦਕਾ ਕੇਂਦਰ ਸਰਕਾਰ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ ਸੀ।ਇਸ ਅੰਦੋਲਨ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨ ਸ਼ਹੀਦ ਹੋਏ ਸੀ।ਉਨ੍ਹਾਂ ਕਿਹਾ ਕਿ ਦੇਸ਼ ਦਾ ਕਿਸਾਨ ਕੇਂਦਰ ਸਰਕਾਰ ਦੀਆਂ ਅਜਿਹੀਆਂ ਹਰਕਤਾਂ ਨੂੰ ਕਦੇ ਵੀ ਨਹੀਂ ਭੁੱਲੇਗਾ ਤੇ ਸਮਾਂ ਆਉਣ 'ਤੇ ਭਾਜਪਾ ਨੂੰ ਮੂੰਹ ਤੋੜ ਜਵਾਬ ਜ਼ਰੂਰ ਦੇਵੇਗਾ।ਉਨ੍ਹਾਂ ਕਿਹਾ ਕਿ ਤਰਨਤਾਰਨ ਦੇ ਲੋਕ ਭਾਜਪਾ ਦੀ ਅਜਿਹੀ ਲੋਕ ਵਿਰੋਧੀ ਹਰਕਤਾਂ ਲਈ ਭਾਜਪਾ ਨੂੰ ਮੂੰਹ ਤੋੜ ਜਵਾਬ ਦੇਣਗੇ ਤੇ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਭਾਰੀ ਵੋਟਾਂ ਪਾ ਕੇ ਕਾਮਯਾਬ ਕਰਨਗੇ।

## ਉਸਾਰੀ ਕਿਰਤੀਆਂ ਨੂੰ ਬੀ ਓ ਸੀ ਡਬਲਯੂ ਐਕਟ ਬਾਰੇ ਜਾਣਕਾਰੀ ਦੇਣ ਸੰਬੰਧੀ ਕੈਂਪ

### ■ ਉਸਾਰੀ ਕਿਰਤੀਆਂ ਦੇ ਹੱਕ ਪ੍ਰਾਪਤੀ 'ਚ ਅੜਿੱਕਾ ਡਾਹੁਣ ਵਾਲਿਆਂ ਨਾਲ ਹੁਣ ਵਰਤਾਂਗੇ ਸਖ਼ਤੀ : ਚੀਮਾ, ਢਾਬਾਂ ■ ਗ਼ੈਰ-ਵਾਜਿਬ ਇਤਰਾਜ਼ ਲਾਉਣੇ ਬੰਦ ਕਰਨ ਅਧਿਕਾਰੀ ਤੇ ਕਰਮਚਾਰੀ : ਘੁਬਾਇਆ, ਧੁੰਨਕੀਆਂ



**ਜਲਾਲਾਬਾਦ (ਬਲਵਿੰਦਰ ਸਿੰਘ, ਰਣਬੀਰ ਕੌਰ ਢਾਬਾਂ, ਜੀਤ ਕੁਮਾਰ)**-ਉਸਾਰੀ ਕਿਰਤੀ ਲਾਭਪਾਤਰੀਆਂ ਦੇ ਬਣਦੇ ਹੱਕ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਨ੍ਹਾਂ ਮੁਸ਼ਕਲਾਂ ਵਿੱਚ ਸਭ ਤੋਂ ਮੁੱਖ ਤੇ ਵੱਡੀ ਸਮੱਸਿਆ ਹੈ ਸੇਵਾ ਕੇਂਦਰਾਂ ਤੇ ਕਿਰਤ ਦਫਤਰਾਂ ਵਿੱਚ ਫੈਲੀ ਵੱਡੀ ਰਿਸ਼ਵਤਖ਼ੋਰੀ, ਜਿਸ ਕਾਰਨ ਰਿਸ਼ਵਤ ਨਾ ਦੇਣ ਵਾਲੇ ਉਸਾਰੀ ਕਿਰਤੀ ਨੂੰ ਆਪਣਾ ਹੱਕ ਪ੍ਰਾਪਤ ਕਰਨ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ ਹਨ।ਹੁਣ ਕੰਨਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਰਜਿ:) ਏਟਕ ਦੀ ਅਗਵਾਈ ਵਿੱਚ ਕਿਸੇ ਵੀ ਉਸਾਰੀ ਕਿਰਤੀ ਨੂੰ ਆਪਣੇ ਬਣਦੇ ਹੱਕ ਪ੍ਰਾਪਤ ਵਿੱਚ ਅੜਿੱਕਾ ਡਾਹੁਣ ਵਾਲੇ ਕਿਰਤ ਵਿਭਾਗ ਤੇ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਨੂੰ ਕਾਨੂੰਨੀ ਤੌਰ 'ਤੇ ਸਬਕ ਸਿਖਾਉਂਦਿਆਂ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੰਸਟ੍ਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਏਟਕ) ਦੇ ਸੂਬਾ ਖਜ਼ਾਨਚੀ ਸਾਥੀ ਪ੍ਰਦੀਪ ਚੀਮਾ ਤੇ ਸੂਬਾ ਮੀਤ ਸਕੱਤਰ ਐਡਵੋਕੇਟ ਪਰਮਜੀਤ ਢਾਬਾਂ ਨੇ ਸਥਾਨਕ ਸੁਤੰਤਰ ਭਵਨ ਵਿਖੇ ਏਆਈਵਾਈਐੱਫ ਤੇ ਸੀ ਡਬਲਯੂ ਐੱਲ ਯੂ ਵੱਲੋਂ ਬੀ ਓ ਸੀ ਡਬਲਯੂ ਐਕਟ ਦੀ ਜਾਣਕਾਰੀ ਦੇਣ ਲਈ ਲਗਾਏ ਕੈਂਪ 'ਚ ਵੱਡੀ ਗਿਣਤੀ ਵਿੱਚ ਹਾਜ਼ਰ ਵਿਦਿਆਰਥੀਆਂ, ਨੌਜਵਾਨਾਂ ਤੇ ਉਸਾਰੀ ਕਿਰਤੀਆਂ ਨੂੰ ਸੰਬੋਧਨ ਕਰਦੇ ਸਮੇਂ ਕੀਤਾ।ਉਨ੍ਹਾਂ ਕਿਹਾ ਕਿ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਉਨ੍ਹਾਂ ਨੂੰ ਕਾਨੂੰਨ ਦੁਆਰਾ ਹੱਕ ਪ੍ਰਾਪਤ ਹਨ, ਪ੍ਰੰਤੂ ਸੂਬੇ ਭਰ ਵਿੱਚ ਉਹ ਸਾਰੀ ਕਿਰਤੀਆਂ ਨੂੰ ਆਪਣੇ ਕਾਨੂੰਨੀ ਹੱਕ ਪ੍ਰਾਪਤ ਕਰਨ ਲਈ ਦਫਤਰਾਂ ਦੇ ਕਈ ਕਈ ਚੱਕਰ ਕੱਟਣੇ ਪੈਂਦੇ ਹਨ।ਦਫਤਰਾਂ ਵਿੱਚ ਬਿਨਾਂ ਕਾਰਨ ਗੈਰ-ਵਾਜਿਬ ਓਬਜੈਕਸ਼ਨ ਲਗਾਏ ਜਾ ਰਹੇ ਹਨ।ਜ਼ਿਲ੍ਹਾ ਫਾਜ਼ਿਲਕਾ ਵਿੱਚ ਕਈ ਸਾਲਾਂ ਦੇ ਵਜ਼ੀਫੇ ਅੱਜ ਵੀ ਪੈਂਡਿੰਗ ਪਏ ਹਨ।ਆਗੂਆਂ ਨੇ ਕਿਹਾ ਕਿ ਇਸ ਦਾ ਇੱਕੋ ਇੱਕ ਮੁੱਖ ਕਾਰਨ ਹੈ ਕਿ ਸੇਵਾ ਕੇਂਦਰਾਂ ਤੇ ਕਿਰਤ ਵਿਭਾਗ ਦਫਤਰ ਵਿੱਚ ਵੱਡੇ ਪੱਧਰ 'ਤੇ ਰਿਸ਼ਵਤਖੋਰੀ ਦਾ ਬੋਲ ਬਾਲਾ ਹੈ।ਸਥਾਨਕ ਪੱਧਰ ਦੇ ਦਲਾਲਾਂ ਦੀ ਜੋ ਕਿ ਉਸਾਰੀ ਕਿਰਤੀਆਂ ਦੀ ਵੱਡੇ ਪੱਧਰ 'ਤੇ ਲੁੱਟ ਕਰ ਰਹੇ ਹਨ।

ਸਥਾਨਕ ਪੱਧਰ ਤੋਂ ਲੈ ਕੇ ਸੂਬਾ ਹੈੱਡ ਕੁਆਰਟਰ ਤੱਕ ਸਿੱਧਾ ਤਾਲਮੇਲ ਹੈ, ਜਿਸ ਕਾਰਨ ਉਸਾਰੀ ਕਿਰਤੀ ਨੂੰ ਉਸਦਾ ਬਣਦਾ ਹੱਕ ਪੂਰਾ ਨਹੀਂ ਮਿਲ ਰਿਹਾ। ਇਸ ਮੌਕੇ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਫਾਜ਼ਿਲਕਾ ਦੇ ਮੀਤ ਪ੍ਰਧਾਨ ਡਾਕਟਰ ਬਲਵਿੰਦਰ ਘੁਬਾਇਆ ਤੇ ਬਲਾਕ ਜਲਾਲਾਬਾਦ ਦੇ ਮੀਤ ਪ੍ਰਧਾਨ ਸਾਥੀ ਸੋਨਾ ਸਿੰਘ ਧੁੰਨਕੀਆਂ ਨੇ ਕਿਹਾ ਕਿ ਉਸਾਰੀ ਕਿਰਤੀਆਂ ਦੀਆਂ ਸਕੀਮਾਂ ਪਾਸ ਕਰਨ ਲਈ ਅਧਿਕਾਰੀ ਤੇ ਕਰਮਚਾਰੀ ਗੈਰ-ਵਾਜਿਬ ਓਬਜੈਕਸ਼ਨ ਲਾਉਣੇ ਬੰਦ ਕਰਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੀਰ ਕਾਠਗੜ੍ਹ, ਰਾਜ ਖੀਵਾ, ਮੰਗਤ ਸੋਹਣਾ ਸਾਂਦੜ, ਸੁਰਿੰਦਰ ਬਾਹਮਣੀ ਵਾਲਾ, ਮਨਪ੍ਰੀਤ ਕੋਕਰੀ, ਰਾਜੂ ਟਾਹਲੀ ਵਾਲਾ, ਲਵਪ੍ਰੀਤ ਕਾਠਗੜ੍ਹ, ਨਵਨੀਤ ਸਿੱਧੂ ਵਾਲਾ, ਅਸ਼ੋਕ ਸਿੰਘ, ਪੰਮਾ ਥਾਰਾ, ਰਾਧਿਕਾ, ਕਮਲੇਸ਼ ਕੌਰ ਕਾਠਗੜ੍ਹ, ਗੁਰਪ੍ਰੀਤ ਸਿੰਘ, ਪਾਰਸ ਚੱਕ ਸੁਖੇਰਾ, ਲਵਪ੍ਰੀਤ ਸਿੱਧੂ ਵਾਲਾ, ਮੱਘਰ ਸਿੰਘ, ਜਗਦੀਸ਼ ਬਲਾਕੀ ਵਾਲਾ, ਹਰਪ੍ਰੀਤ ਭੰਬਾ ਵੱਟੂ, ਰਿੰਕੂ ਸਿੰਘ, ਗੁਰਮੀਤ ਖੀਵਾ ਤੇ ਮਨਪ੍ਰੀਤ ਸਿੰਘ ਢੰਡੀਆਂ ਨੇ ਵੀ ਸੰਬੋਧਨ ਕੀਤਾ।

## ਮਾਡਰਨ ਕਾਲਜ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ ਰਿਹਾ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਦਾ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ. ਐੱਡ ਭਾਗ ਪਹਿਲਾ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ।ਸਹਾਇਕ ਪ੍ਰੋਫੈਸਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਜਸਪ੍ਰੀਤ ਸਿੰਘ ਨੇ 408 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਰਮਨਪ੍ਰੀਤ ਕੌਰ ਨੇ 407 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ, ਕ੍ਰਿਸ਼ੀਕਾ ਅਗਰਵਾਲ ਨੇ 401 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ, ਉਪਿੰਦਰਜੀਤ ਕੌਰ ਨੇ 395 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਸਿਮਰਜੀਤ ਕੌਰ ਨੇ 392 ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ, ਜਸ਼ਨਪ੍ਰੀਤ ਕੌਰ ਤੇ ਉਰਵਸ਼ੀ ਜਿੰਦਲ ਨੇ 389 ਅੰਕ ਪ੍ਰਾਪਤ ਕਰਕੇ ਛੇਵਾਂ ਸਥਾਨ, ਜਸ਼ਨਪ੍ਰੀਤ ਕੌਰ ਨੇ 387 ਅੰਕ ਪ੍ਰਾਪਤ ਕਰਕੇ ਸੱਤਵਾਂ ਸਥਾਨ, ਗਗਨਪ੍ਰੀਤ ਕੌਰ ਨੇ 386 ਅੰਕ ਪ੍ਰਾਪਤ ਕਰਕੇ ਅੱਠਵਾਂ ਸਥਾਨ, ਸੰਦੀਪ ਕੌਰ ਨੇ 385 ਅੰਕ ਪ੍ਰਾਪਤ ਕਰਕੇ ਨੌਵਾਂ ਸਥਾਨ ਤੇ ਮਨਿੰਦਰਜੀਤ ਕੌਰ ਤੇ ਮਨਪ੍ਰੀਤ ਕੌਰ ਨੇ 383 ਅੰਕ ਪ੍ਰਾਪਤ ਕਰਕੇ ਦਸਵਾਂ ਸਥਾਨ ਹਾਸਲ ਕੀਤਾ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ ਕੇ ਰਾਏ ਨੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਹੋਰ ਬੁਲੰਦੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਐਜੂਕੇਸ਼ਨ ਵਿਭਾਗ ਦੇ ਸਮੂਹ ਪ੍ਰੋਫੈਸਰ ਤੇ ਵਿਦਿਆਰਥੀ ਮੌਜੂਦ ਸਨ।

# ਜ਼ਮੀਨਾਂ ਵੇਚਣ ਤੇ ਕੇਂਦਰ ਸਰਕਾਰ ਦੇ ਬਿਜਲੀ ਸੋਧ ਬਿੱਲ-2025 ਖਿਲਾਫ ਭੜਕੇ ਬਿਜਲੀ ਕਾਮੇ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਵਿਧਾਨ ਸਭਾ ਹਲਕਾ ਤਰਨ ਤਾਰਨ ਵਿਖੇ ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚੇ ਵੱਲੋਂ ਪੰਜਾਬ ਸਰਕਾਰ ਦੇ ਬਿਜਲੀ ਵਿਭਾਗ ਦੀਆਂ ਜ਼ਮੀਨਾਂ ਵੇਚਣ ਦੇ ਫੈਸਲੇ ਵਿਰੁੱਧ ਅਤੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ 2025 ਦੇ ਖਿਲਾਫ ਗਾਂਧੀ ਪਾਰਕ ਤੋਂ ਸ਼ੁਰੂ ਕਰਕੇ ਤਰਨ ਤਾਰਨ ਸ਼ਹਿਰ ਅੰਦਰ ਵਿਸ਼ਾਲ ਰੋਸ ਮਾਰਚ ਅਤੇ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਗਈ।ਇਸ ਰੋਸ ਪ੍ਰਦਰਸ਼ਨ ਦੀ ਹਮਾਇਤ ਕਰਦੇ ਹੋਏ ਕੌਂਸਲ ਆਫ ਜੂਨੀਅਰ ਇੰਜੀਨੀਅਰ ਪੀਐੱਸਈਬੀ ਇੰਜੀਨੀਅਰ ਐਸੋਸੀਏਸ਼ਨ ਅਤੇ ਵੱਖ-ਵੱਖ ਸਮਾਜਿਕ ਮਜ਼ਦੂਰ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ।ਇਸ ਰੋਸ ਰੈਲੀ ਨੂੰ ਵੱਖ -ਵੱਖ ਆਗੂਆਂ ਨੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੌਜੂਦਾ ਸਰਕਾਰ ਵੱਲੋਂ ਬਿਜਲੀ ਵਿਭਾਗ ਅਤੇ ਹੋਰ ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਨੂੰ ਵੇਚਣ ਦੀ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਬਿਜਲੀ ਨਿਗਮ ਦੀਆਂ ਜ਼ਮੀਨਾਂ ਦੀ ਨਿਸ਼ਾਨਦੇਹੀ ਵੀ ਕੀਤੀ ਜਾ ਰਹੀ ਹੈ, ਜਦੋਂ ਕਿ ਬਿਜਲੀ ਵਿਭਾਗ ਵੱਲੋਂ 1948 ਐਕਟ ਅਧੀਨ ਜ਼ਮੀਨਾਂ ਐਕਵਾਇਰ ਕੀਤੀਆਂ ਗਈਆਂ ਸਨ ਜੋ ਕਿ ਦੁਬਾਰਾ ਵੇਚੀਆਂ ਨਹੀਂ ਜਾ ਸਕਦੀਆਂ।ਇਸ ਐਕਟ ਅਧੀਨ ਜੋ ਜ਼ਮੀਨ ਜਿਸ ਮੰਤਵ ਲਈ ਐਕਵਾਇਰ ਹੋਈ ਹੈ ਉਹ ਉਸ ਕੰਮ ਲਈ ਹੀ ਵਰਤੀ ਜਾਵੇਗੀ ਅਤੇ ਉਸਦਾ ਮੰਤਵ ਬਦਲਿਆ ਨਹੀਂ ਜਾ ਸਕਦਾ।ਜੇਕਰ ਕਿਸੇ ਕਾਰਨ ਇਹ ਜ਼ਮੀਨ ਵੇਚਣੀ ਜਾਂ ਵਾਪਸ ਕਰਨੀ ਪੈ ਜਾਵੇ ਤਾਂ ਉਸ ਦੇ ਅਸਲ ਮਾਲਕ ਨੂੰ ਵਾਪਸ ਕਰਨੀ ਪਵੇਗੀ।ਉਨ੍ਹਾਂ ਇਹ ਵੀ ਦੱਸਿਆ ਕਿ ਸਾਲ 2018 ਵਿੱਚ ਕੈਪਟਨ ਸਰਕਾਰ ਵੱਲੋਂ ਬਠਿੰਡਾ ਥਰਮਲ ਪਲਾਂਟ ਤੇ 700 ਕਰੋੜ ਰੁਪਏ ਲਗਾ ਕੇ ਪੰਜ ਸਾਲ ਦੀ ਮਿਆਦ ਵਧਾਉਣ ਦੇ ਬਾਵਜੂਦ ਵੀ ਪੰਜ ਕਰੋੜ ਰੁਪਏ ਕਮਾਉਣ ਦੇ ਚੱਕਰ ਵਿੱਚ ਚਲਦੇ ਬਠਿੰਡਾ ਥਰਮਲ ਪਲਾਂਟ ਨੂੰ ਤੋੜ ਦਿੱਤਾ ਗਿਆ ਪ੍ਰੰਤੂ ਅੱਠ ਸਾਲ ਬੀਤਣ ਤੋਂ ਬਾਅਦ ਵੀ ਬਿਜਲੀ ਨਿਗਮ ਨੂੰ ਕੋਈ ਪੈਸਾ ਨਹੀਂ ਮਿਲਿਆ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦੇਂਦਿਆ ਕਿਹਾ ਕਿ ਜੇਕਰ ਤੁਰੰਤ ਸਰਕਾਰੀ ਜਮੀਨਾਂ ਵੇਚਣ ਦੀਆਂ ਗਤੀਵਿਧੀਆਂ ਬੰਦ ਨਾ ਕੀਤੀਆਂ ਗਈਆਂ ਅਤੇ ਬਿਜਲੀ ਸੋਧ ਬਿਲ 2025 ਨੂੰ ਪੰਜਾਬ ਅੰਦਰ ਲਾਗੂ ਕੀਤਾ ਗਿਆ ਤਾਂ ਸਮੁੱਚੇ ਪੰਜਾਬ ਦੇ ਬਿਜਲੀ ਕਾਮੇ ਤਿੱਖਾ ਸੰਘਰਸ਼ ਸ਼ੁਰੂ ਕਰਨਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਪਾਵਰ ਕਾਮ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਮੈਨੇਜਮੈਂਟ ਦੀ ਹੋਵੇਗੀ।ਰੋਸ ਪ੍ਰਦਰਸ਼ਨ ਉਪਰੰਤ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਂ ਮੈਮੋਰੰਡਮ ਵੀ ਦਿੱਤਾ ਗਿਆ। ਰੋਸ ਪ੍ਰਦਰਸ਼ਨ ਨੂੰ ਹੋਰਨਾਂ ਤੋਂ ਇਲਾਵਾ ਸਕੱਤਰ ਮੋਰਚਾ ਅਵਤਾਰ ਸਿੰਘ ਕੈਂਥ, ਕੁਲਦੀਪ ਸਿੰਘ ਉਦੋਕੇ, ਟੀਐੱਸਯੂ ਦੇ ਸਾਬਕਾ ਸੂਬਾ ਜਨਰਲ ਸਕੱਤਰ ਜਗਤਾਰ ਸਿੰਘ ਉਪਲ, ਕੁਲਦੀਪ ਸਿੰਘ ਖੰਨਾ, ਕਰਮਜੀਤ ਸਿੰਘ ਸਿੱਧੂ, ਕ੍ਰਿਸ਼ਨ ਭਾਰਦਵਾਜ, ਅਮਿਤ ਕੁਮਾਰ, ਨਰਿੰਦਰ ਸਿੰਘ ਕਲਸੀ, ਵਿਜੇ ਕੁਮਾਰ ਸ਼ਰਮਾ, ਸਰਦਾਰਾ ਸਿੰਘ , ਇੰਜੀਨੀਅਰ ਇਕਬਾਲ ਸਿੰਘ, ਇੰਜੀਨੀਅਰ ਜੀਐਮ ਖਹਿਰਾ, ਹਰਪ੍ਰੀਤ ਸਿੰਘ ਫਰੀਦਕੋਟ, ਕੁਲਵਿੰਦਰ ਨਥਾਲਾ, ਗੁਰਵਿੰਦਰ ਸਿੰਘ ਗੁਰੂ, ਦਲਵੀਰ ਸਿੰਘ ਜੌਹਲ, ਸੁਰਿੰਦਰ ਧਰਾਂਗਵਾਲਾ, ਸੰਜੀਵ ਕੁਮਾਰ, ਅਸ਼ੋਕ ਕੁਮਾਰ, ਜਗਰੂਪ ਸਿੰਘ ਮਹਿਮਦਪੁਰ, ਸੁਰਿੰਦਰ ਕੁਮਾਰ ਤਲਵਾੜਾ, ਸੰਦੀਪ ਕੁਮਾਰ, ਕਿਸਾਨ ਆਗੂ ਪਰਗਟ ਸਿੰਘ ਜਾਮਾਰਾਏ, ਪ੍ਰਭਜੀਤ ਸਿੰਘ, ਬਲਦੇਵ ਸਿੰਘ ਪੰਡੋਰੀ, ਦੀਪਕ ਕੁਮਾਰ, ਜਗਜੀਤ ਸਿੰਘ ਪੰਨੂ, ਗੁਰਪ੍ਰੀਤ ਸਿੰਘ ਹਰੀਕੇ, ਸੁਰਜੀਤ ਸਿੰਘ ਸਾਬਕਾ ਐਸਡੀਓ, ਕਰਮ ਸਿੰਘ ਪੰਡੋਰੀ, ਹਰਜੀਤ ਸਿੰਘ ਖਵਾਸਪੁਰ, ਧਰਮ ਸਿੰਘ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਰੈਲੀ ਨੂੰ ਸੰਬੋਧਨ ਕੀਤਾ ਅਤੇ ਸੰਘਰਸ਼ ਦੀ ਡਟਵੀਂ ਹਮਾਇਤ ਕੀਤੀ।

# ਪੁਲਸ ਸਟੇਸ਼ਨ ਅਜਨਾਲਾ ਸਾਹਮਣੇ ਜਨਤਕ ਜਥੇਬੰਦੀਆਂ ਵੱਲੋਂ ਧਰਨਾ 13 ਨੂੰ

## ਨਾਮਜ਼ਦ ਦੋਸ਼ੀਆਂ ਤੇ ਕਾਤਲਾਂ ਬਾਬਤ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਨੂੰ ਕਰਾਂਗੇ ਨਸ਼ਰ: ਡਾ. ਸਤਨਾਮ ਸਿੰਘ



**ਅਜਨਾਲਾ (ਸੁਖਵਿੰਦਰ ਸਿੰਘ ਰਾਜੂ)**

ਅਜਨਾਲਾ ਪੁਲਸ ਪ੍ਰਸ਼ਾਸਨ ਵੱਲੋਂ ਨਾਮਜ਼ਦ ਦੋਸ਼ੀਆਂ ਤੇ ਕਾਤਲਾਂ ਨੂੰ ਗ੍ਰਿਫਤਾਰ ਨਾ ਕਰਨ ਵਿਰੁੱਧ ਇਲਾਕੇ ਵਿੱਚ ਦਿਨ-ਬ-ਦਿਨ ਗੁੱਸਾ ਵੱਧ ਰਿਹਾ ਹੈ ਅਤੇ ਪਿੰਡ-ਪਿੰਡ ਅਜਨਾਲਾ ਪੁਲਸ ਸਟੇਸ਼ਨ ਸਾਹਮਣੇ ਜਨਤਕ ਜਥੇਬੰਦੀਆਂ ਵੱਲੋਂ ਲਗਾਏ ਜਾ ਰਹੇ 13 ਨਵੰਬਰ ਦੇ ਧਰਨੇ ਦੀਆਂ ਤਿਆਰੀਆਂ ਜ਼ੋਰਾਂ ਤੇ ਹਨ ਅਤੇ ਆਗੂਆਂ ਕੋਲ ਪੁਲਸ ਵਧੀਕੀਆਂ ਵਿਰੁੱਧ ਨਵੇਂ ਤੋਂ ਨਵੇਂ ਕੇਸ ਪੀੜਤ ਲੋਕਾਂ ਵੱਲੋਂ ਦੱਸੇ ਜਾ ਰਹੇ ਹਨ! ਅਜਨਾਲਾ ਵਿਖੇ ਇੱਕ ਸਾਦੇ ਸਮਾਗਮ ਵਿੱਚ ਹੜ੍ਹ ਪੀੜਤ ਅਤਿ ਗਰੀਬ ਲੋਕਾਂ ਨੂੰ ਰਸੋਈ ਦਾ ਸਾਮਾਨ ਖੰਡ, ਚਾਹ ਪੱਤੀ, ਨਮਕ ਆਦਿ ਵੰਡ ਸਮਾਰੋਹ ਵਿਚ ਬੋਲਦਿਆਂ ਜਨਤਕ ਜਥੇਬੰਦੀਆਂ (ਜੇਪੀਐੱਮਓ) ਦੇ ਕਨਵੀਨਰ ਡਾ. ਸਤਨਾਮ ਸਿੰਘ ਅਜਨਾਲਾ ਨੇ ਸਮਾਗਮ ਵਿੱਚ ਕਿਹਾ ਕਿ ਇੱਕ ਬੰਨੇਂ ਲੋਕ ਇਸ ਇਲਾਕੇ ਵਿੱਚ ਹੜ੍ਹਾਂ ਤੇ ਭਾਰੀ ਬਾਰਸ਼ਾਂ ਦੇ ਮਾਰੇ ਹੋਏ ਹਨ ਦੂਜੇ ਬੰਨੇ ਥਾਣਿਆਂ ਕਚਹਿਰੀਆਂ ਵਿੱਚ ਲੋਕਾਂ ਨੂੰ ਇਨਸਾਫ਼ ਵੀ ਨਹੀਂ ਮਿਲ ਰਿਹਾ! ਉਧਰ ਪੰਜਾਬ ਤੇ ਕੇਂਦਰ ਸਰਕਾਰਾਂ ਵੱਲੋਂ ਇਸ ਔਖੇ ਸਮੇਂ ਹੜ੍ਹ ਪੀੜਤਾਂ ਦੀ ਬਾਂਹ ਨਹੀਂ ਫੜੀ ਜਾ ਰਹੀ! ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਪੁਲਸ ਪ੍ਰਸ਼ਾਸਨ ਦੀਆਂ ਵਧੀਕੀਆਂ ਤੇ ਧੱਕੇਸ਼ਾਹੀਆ ਵਿਰੁੱਧ ਵਰ੍ਹਦਿਆਂ ਦੱਸਿਆ ਕਿ ਪੁਲਸ ਪ੍ਰਸ਼ਾਸਨ ਦੀ ਦੋਸ਼ੀਆਂ ਨਾਲ ਮਿਲੀਭੁਗਤ ਹੋਣ ਕਰਕੇ ਕਾਤਲ, ਗੰਭੀਰ ਦੋਸ਼ੀਆਂ, ਬਲਾਤਕਾਰੀਆਂ ਤੇ ਗੈਂਗਸਟਰਾਂ-ਲੱਠਮਾਰਾਂ ਨਾਲ ਮਿਲੀਭੁਗਤ ਹੋਣ ਕਾਰਨ ਉਹ ਸ਼ਰੇਆਮ ਦਨਦਨਾਉਂਦੇ ਹਨ ਅਤੇ ਬੇਖੌਫ ਜ਼ੁਲਮ ਕਰ ਰਹੇ ਹਨ! ਡਾ. ਅਜਨਾਲਾ ਨੇ ਅੱਗੇ ਕਿਹਾ ਕਿ ਅਜਿਹੀ ਸਥਿਤੀ ਵਿੱਚ ਪੀੜਤ ਲੋਕਾਂ ਕੋਲ ਲੜਨ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ। ਉਨ੍ਹਾਂ ਨੇ ਅਪੀਲ ਕੀਤੀ ਕਿ ਦੁਖੀ ਲੋਕ 13 ਨਵੰਬਰ ਦੇ ਧਰਨੇ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਿਲ ਹੋਣ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਬੱਗਾ ਕਲਾਂ, ਔਰਤ ਮੁਕਤੀ ਮੋਰਚਾ ਦੀ ਪ੍ਰਧਾਨ ਅਜੀਤ ਕੌਰ ਕੋਟ ਰਜ਼ਾਦਾ, ਸਕੱਤਰ ਸਰਬਜੀਤ ਕੌਰ ਜਸਰਾਉਰ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੀਨੀਅਰ ਆਗੂ ਗਾਇਕ ਗੁਰਪਾਲ ਗਿੱਲ ਸੈਦਪੁਰ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਬਲਜੀਤ ਸਿੰਘ ਭਿੰਡੀ ਸੈਦਾਂ, ਰਸ਼ਪਾਲ ਸਿੰਘ ਬੱਲ ਲੱਖੇ ਦਰਿਆ, ਹਰਨੇਕ ਸਿੰਘ ਨੇਪਾਲ, ਕੁਲਦੀਪ ਸਿੰਘ, ਕੋਮਲਪ੍ਰੀਤ ਕੌਰ ਕੋਟਲੀ ਖਹਿਰਾ, ਅਜਨਾਲਾ, ਸਤਨਾਮ ਸਿੰਘ ਡਿਆਲ ਭੱਟੀ, ਰਿੰਪੀ ਕੌਰ, ਰਾਣੀ ਕੌਰ, ਸਿਮਰਨ ਕੌਰ, ਬੇਵੀ ਕੌਰ, ਅਜਨਾਲਾ, ਰਾਜਨ ਕੌਰ ਕੋਟਲੀ ਖਹਿਰਾ, ਗੁਰਦੀਪ ਕੌਰ ਭਿੰਡੀ ਸੈਦਾਂ, ਡਿੰਪਲ ਕੌਰ ਅਜਨਾਲਾ ਨੇ ਕਿਹਾ ਕਿ ਉਹ 13 ਨਵੰਬਰ ਦੇ ਧਰਨੇ ਵਿੱਚ ਵੱਧ ਚੜ੍ਹ ਕੇ ਸ਼ਾਮਿਲ ਹੋਣਗੇ।

# 9ਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸਮਾਗਮ ਸ਼ਲਾਘਾਯੋਗ ਉਪਰਾਲਾ : ਪ੍ਰਿੰ. ਡਾ: ਹੁੰਦਲ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਸੂਬਾ ਪੱਧਰੀ ਲਾਈਟ ਐਂਡ ਸਾਊਂਡ ਪ੍ਰੋਗਰਾਮ ਨੂੰ ਵੇਖਣ ਲਈ ਸਿੱਖ ਨੈਸ਼ਨਲ ਕਾਲਜ ਅਤੇ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਵਿਦਿਆਰਥੀ ਸਟਾਫ਼ ਮੈਂਬਰਾਂ ਸਮੇਤ ਆਈਟੀਆਈ ਬਟਾਲਾ ਵਿਖੇ ਪੁੱਜੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਦੱਸਿਆ ਕਿ ਕਾਦੀਆਂ ਤੋਂ ਬੱਸ ਰਾਹੀਂ ਸਿੱਖ ਨੈਸ਼ਨਲ ਕਾਲਜ ਅਤੇ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਸਟਾਫ ਮੈਂਬਰਾਂ ਸਮੇਤ ਉਨਾਂ ਦੀ ਅਗਵਾਈ ਵਿੱਚ ਇਹ ਲਾਈਟ ਐਂਡ ਸਾਊਂਡ ਪ੍ਰੋਗਰਾਮ ਵਿੱਚ ਸਮੂਲੀਅਤ ਕਰਨ ਲਈ ਰਵਾਨਾ ਹੋਏ।ਪ੍ਰਿੰਸੀਪਲ ਡਾ. ਹੁੰਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇਸ ਲਾਈਟ ਐਂਡ ਸਾਊਂਡ ਸਮਾਗਮ ਰਾਹੀਂ ਵਿਦਿਆਰਥੀ ਵਰਗ ਨੂੰ ਗੁਰੂ ਇਤਿਹਾਸ ਅਤੇ ਉਹਨਾਂ ਨਾਲ ਗੁਰਸਿੱਖਾਂ ਦੀ ਜਬਰ ਅਤੇ ਜ਼ੁਲਮ ਦੇ ਵਿਰੁੱਧ ਦਿੱਤੀ ਗਈ ਸ਼ਹਾਦਤ ਦੇ ਇਤਿਹਾਸ ਤੋਂ ਜਾਣੂ ਕਰਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ।ਵਿਦਿਆਰਥੀ ਵਰਗ ਨੂੰ ਅਜਿਹੇ ਪ੍ਰੋਗਰਾਮ ਰਾਹੀਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਅਤੇ ਸੇਧ ਮਿਲਦੀ ਹੈ।ਉਨ੍ਹਾਂ ਕਿਹਾ ਕਿ ਕਾਲਜ ਵੱਲੋਂ ਵੀ ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ੇਸ਼ ਲੈਕਚਰ ਆਉਣ ਵਾਲੇ ਦਿਨਾਂ ਅੰਦਰ ਕਰਵਾਇਆ ਜਾ ਰਿਹਾ ਹੈ।ਲਾਈਟ ਐਂਡ ਸਾਊਂਡ ਪ੍ਰੋਗਰਾਮ ਵੇਖਣ ਲਈ ਵਿਦਿਆਰਥੀ ਵਰਗ ਨਾਲ ਸ਼ਾਮਿਲ ਹੋਣ ਲਈ ਰਵਾਨਾ ਹੋਣ ਸਮੇਂ ਕਾਲਜ ਸਟਾਫ਼ ਮੈਂਬਰਾਂ ਵਿੱਚ ਪ੍ਰੋਫ਼ੈਸਰ ਕੁਲਵਿੰਦਰ ਸਿੰਘ, ਪ੍ਰੋਫ਼ੈਸਰ ਅਮਨਦੀਪ ਕੌਰ, ਪ੍ਰੋਫ਼ੈਸਰ ਮਿਤਾਲੀ, ਪ੍ਰੋਫ਼ੈਸਰ ਜਸਕਿਰਨ ਕੌਰ, ਪ੍ਰੋਫ਼ੈਸਰ ਕੁਲਦੀਪ ਕੌਰ ਤੋਂ ਇਲਾਵਾ ਸਕੂਲ ਸਟਾਫ਼ ਵਿੱਚ ਲੈਕਚਰਾਰ ਦਲਜੀਤ ਕੌਰ, ਲੈਕਚਰਾਰ ਰਮਨਜੀਤ ਕੌਰ, ਲੈਕਚਰਾਰ ਨਵਤੇਸ਼ਪਾਲ ਸਿੰਘ, ਲੈਕਚਰਾਰ ਅਨਾਮਿਕਾ, ਲੈਕਚਰਾਰ ਅਮਤੁਲ ਮਤੀਨ, ਲੈਕਚਰਾਰ ਸਨਾਵਰ ਮੁਨੀਰ ਆਦਿ ਹਾਜ਼ਰ ਸਨ।

# ਵਿੱਦਿਆ ਮੰਦਿਰ ਸਕੂਲ 'ਚ ਜ਼ਿਲ੍ਹਾ ਰਾਜ ਪੱਧਰੀ ਜੂਡੋ ਪ੍ਰਤੀਯੋਗਿਤਾ ਦਾ ਸ਼ਾਨਦਾਰ ਆਗਾਜ਼



**ਪਠਾਨਕੋਟ, (ਦਵਿੰਦਰ ਸਿੰਘ)**

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਰਾਜੇਸ਼ ਕੁਮਾਰ ਦੀ ਪ੍ਰਧਾਨਗੀ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਕੁਮਾਰ ਦੀ ਨਿਗਰਾਨੀ ਹੇਠ ਵਿੱਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਵਿਖੇ 69ਵੀਂ ਅੰਤਰ-ਜ਼ਿਲ੍ਹਾ ਰਾਜ ਪੱਧਰੀ ਜੂਡੋ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਲਈ ਇੱਕ ਉਦਘਾਟਨੀ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿਚ ਆਪ ਦੇ ਹਲਕਾ ਇੰਚਾਰਜ ਚੇਅਰਮੈਨ ਵਿਭੂਤੀ ਸ਼ਰਮਾ ਅਤੇ ਆਪ ਦੇ ਯੂਥ ਵਿੰਗ ਦੇ ਸੂਬਾ ਸੰਯੁਕਤ ਸਕੱਤਰ ਸੌਰਭ ਬਹਿਲ ਮੁੱਖ ਮਹਿਮਾਨ ਤੇ ਬ੍ਰਾਹਮਣ ਸਭਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਪਠਾਨਕੋਟ ਵਪਾਰ ਮੰਡਲ ਦੇ ਪ੍ਰਧਾਨ ਮਨਿੰਦਰ ਸਿੰਘ ਲੱਕੀ, ਪੁਨੀਤ ਓਹਰੀ, ਸੁਰਿੰਦਰ ਕੁਮਾਰ, ਅੰਤਰਰਾਸ਼ਟਰੀ ਜੂਡੋ ਰੈਫਰੀ, ਨਰਿੰਦਰ ਕਾਲਾ, ਵਪਾਰ ਮੰਡਲ ਦੇ ਚੇਅਰਮੈਨ ਅਨਿਲ ਮਹਾਜਨ ਅਤੇ ਅਸ਼ਵਨੀ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਸਨ।ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਜਯੰਤ ਸ਼ਰਮਾ ਅਤੇ ਐੱਮਡੀ ਰੀਨਾ ਸ਼ਰਮਾ ਵੱਲੋਂ ਮਹਿਮਾਨਾਂ ਦਾ ਸਵਾਗਤ ਗੁਲਦਸਤੇ ਭੇਟ ਕਰਕੇ ਕੀਤਾ ਗਿਆ।ਮਹਿਮਾਨਾਂ ਨੇ ਸ਼ਮ੍ਹਾ ਰੌਸ਼ਨ ਕੀਤੀ।ਖਿਡਾਰੀਆਂ ਨਾਲ ਮਹਿਮਾਨਾਂ ਦੀ ਜਾਣ-ਪਛਾਣ ਕਰਵਾਈ ਗਈ।ਉਪਰੰਤ ਵਿਦਿਆਰਥੀਆਂ ਨੇ ਮਾਰਚ ਪਾਸਟ ਕਰਕੇ ਸਲਾਮੀ ਦਿੱਤੀ। ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਆਪ ਦੇ ਹਲਕਾ ਇੰਚਾਰਜ ਚੇਅਰਮੈਨ ਵਿਭੂਤੀ ਸ਼ਰਮਾ ਅਤੇ ਸੌਰਭ ਬਹਿਲ ਨੇ ਦੱਸਿਆ ਕਿ ਇਸ ਰਾਜ ਪੱਧਰੀ ਮੁਕਾਬਲੇ ਵਿੱਚ 23 ਜ਼ਿਲ੍ਹਿਆਂ ਦੇ ਲਗਭਗ 200 ਖਿਡਾਰੀ ਹਿੱਸਾ ਲੈ ਰਹੇ ਹਨ ਅਤੇ 10 ਨਵੰਬਰ ਤੋਂ 13 ਨਵੰਬਰ ਤੱਕ ਸਿੱਖਿਆ ਵਿਭਾਗ ਵੱਲੋਂ ਵਿਦਿਆ ਮੰਦਰ ਸਕੂਲ, ਪਠਾਨਕੋਟ ਵਿਖੇ ਰਾਜ ਪੱਧਰੀ ਅੰਡਰ-19 ਲੜਕੇ ਅਤੇ ਲੜਕੀਆਂ ਦੇ ਜੂਡੋ ਮੁਕਾਬਲੇ ਕਰਵਾਏ ਜਾਣਗੇ।ਉਨ੍ਹਾਂ ਕਿਹਾ ਕਿ ਲੜਕਿਆਂ ਦੇ ਮੁਕਾਬਲੇ 10 ਨਵੰਬਰ ਤੋਂ 11 ਨਵੰਬਰ ਤੱਕ ਅਤੇ ਲੜਕੀਆਂ ਦੇ ਮੁਕਾਬਲੇ 12 ਅਕਤੂਬਰ ਤੋਂ 13 ਨਵੰਬਰ ਤੱਕ ਹੋਣਗੇ। ਇਸ ਮੌਕੇ ਟੈਕਨੀਕਲ ਮੈਂਬਰ ਹਰੀਸ਼ ਕੁਮਾਰ, ਸੰਜੀਵ ਕੁਮਾਰ, ਮਨਦੀਪ ਸਿੰਘ, ਗੁਰਤੇਜ ਸਿੰਘ, ਕੁਲਵਿੰਦਰ ਸਿੰਘ, ਅਵਤਾਰ ਸਿੰਘ, ਸੁਲੱਕਸ਼ਨਾ ਸ਼ਰਮਾ, ਪੂਜਾ ਪਠਾਨੀਆ, ਮ੍ਰਿਦੂ ਭਾਸ਼ੀਨੀ, ਪਵਨ ਸਵਾਮੀ, ਮਦਨ ਲਾਲ, ਅੰਮ੍ਰਿਤਪਾਲ ਕੌਰ, ਮਨਜੀਤ ਸਿੰਘ, ਰਾਜਕੁਮਾਰ, ਮੌਸਮੀ ਅਰੋੜਾ, ਸ਼ਿਖਾ, ਨਰੇਸ਼, ਕੁਮਾਰ, ਰਿਤੇਜ ਅਤੇ ਹੋਰ ਹਾਜ਼ਰ ਸਨ।

# ਚੌਂਤਾ ਵਿਖੇ ਨੌਜਵਾਨ ਦਾ ਕਿਰਚਾਂ ਮਾਰ ਕੇ ਕਤਲ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਬੀਤੀ ਰਾਤ ਹਲਕਾ ਦੀਨਾ ਨਗਰ ਅਧੀਨ ਆਉਂਦੇ ਪਿੰਡ ਚੌਂਤਾ ਵਿਖੇ ਝਗੜੇ ਦੌਰਾਨ ਤੇਜ਼ਧਾਰ ਹਥਿਆਰ ਨਾਲ ਨੌਜਵਾਨ ਦਾ ਕਤਲ ਕਰਨ ਦੀ ਸੂਚਨਾ ਪ੍ਰਾਪਤ ਹੋਈ ਹੈ।ਹੈਰਾਨੀ ਦੀ ਗੱਲ ਇਹ ਹੈ ਕਿ ਕਤਲ ਵਿੱਚ ਇੱਕੋ ਪਰਿਵਾਰ ਦੀਆਂ ਚਾਰ ਔਰਤਾਂ ਵੀ ਸ਼ਾਮਿਲ ਹਨ।ਜਾਣਕਾਰੀ ਦਿੰਦੇ ਹੋਏ ਦੀਨਾਨਗਰ ਥਾਣੇ ਦੇ ਡੀਐੱਸਪੀ ਰਜਿੰਦਰ ਸਿੰਘ ਮਨਹਾਸ ਨੇ ਦੱਸਿਆ ਕਿ ਸੁਨੀਲ ਕੁਮਾਰ ਵਾਸੀ ਚੌਂਤਾ ਉਮਰ 25 ਸਾਲ ਦਾ ਪਲਾਟ 'ਚ ਸਕੂਲ ਬੈਨ ਖੜੀ ਕਰਨ ਨੂੰ ਲੈ ਕੇ ਝਗੜਾ ਹੋਇਆ ਸੀ ਜਿਸ ਦੌਰਾਨ ਮੁੱਖ ਦੋਸ਼ੀ ਤਰਸੇਮ ਸਿੰਘ ਪੁੱਤਰ ਮੱਘਰ ਸਿੰਘ ਵੱਲੋਂ ਕਿਰਚਾਂ ਮਾਰ ਕੇ ਨੌਜਵਾਨ 'ਤੇ ਹਮਲਾ ਕੀਤਾ ਗਿਆ ਅਤੇ ਉਸ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ ਗਿਆ।ਜ਼ਖਮੀ ਹਾਲਤ ਵਿੱਚ ਨੌਜਵਾਨ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਲਿਜਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਮ੍ਰਿਤਕ ਐਲਾਨ ਕਰ ਦਿੱਤਾ ਗਿਆ।ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਦੀਨਾਨਗਰ ਦੀ ਪੁਲਸ ਨੇ ਦੋ ਘੰਟੇ ਦੇ ਅੰਦਰ ਅੰਦਰ ਕਾਰਵਾਈ ਕਰਦਿਆਂ ਪੰਜ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਵੀ ਕਰ ਲਿਆ ।



# ਸੂਬਾਈ ਜਥੇਬੰਦਕ ਇਜਲਾਸ 15 ਤੋਂ ਮੁੱਲਾਂਪੁਰ 'ਚ



**ਛੇਹਰਟਾ, (ਮਨੋਜ ਕੁਮਾਰ)**

ਕੁੱਲ ਹਿੰਦ ਕਿਸਾਨ ਸਭਾ ਪੰਜਾਬ, ਜ਼ਿਲ੍ਹਾ ਅੰਮ੍ਰਿਤਸਰ ਇਕਾਈ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਾਮਰੇਡ ਰਣਜੀਤ ਸਿੰਘ ਬੱਲ ਦੀ ਪ੍ਰਧਾਨਗੀ ਹੇਠ ਪਾਰਟੀ ਦਫ਼ਤਰ ਪੁਤਲੀਘਰ ਵਿਚ ਹੋਈ। ਮੀਟਿੰਗ ਦੇ ਫ਼ੈਸਲੇ ਜਾਰੀ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਸਵਿੰਦਰ ਸਿੰਘ ਮੀਰਾਂਕੋਟ ਨੇ ਦੱਸਿਆ ਕਿ 15-16 ਨਵੰਬਰ ਨੂੰ ਮੁੱਲਾਂਪੁਰ (ਲੁਧਿਆਣਾ) ਵਿਚ ਸੂਬਾਈ ਜਥੇਬੰਦਕ ਇਜਲਾਸ ਹੋ ਰਿਹਾ ਹੈ। ਇਸ ਇਜਲਾਸ ਵਿਚ ਅੰਮ੍ਰਿਤਸਰ ਜ਼ਿਲ੍ਹੇ ਤੋਂ 13 ਡੈਲੀਗੇਟ ਤੇ ਤਿੰਨ ਸੂਬਾ ਕਾਰਜਕਾਰੀ ਦੇ ਮੈਂਬਰ ਹਿੱਸਾ ਲੈਣਗੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਕੁੱਲ ਹਿੰਦ ਕਿਸਾਨ ਸਭਾ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਅਨਾਜ, ਕੰਬਲ, ਰਜ਼ਾਈਆਂ, ਖਾਦ ਤੇ 5000 ਰੁਪਏ ਪ੍ਰਤੀ ਪਰਿਵਾਰ ਦਿੱਤਾ ਹੈ। ਸਰਕਾਰ ਕੋਲੋਂ ਰਾਹਤ ਲੈਣ ਲਈ 7 ਨਵੰਬਰ ਨੂੰ ਐੱਸਡੀਐੱਮ ਅਜਨਾਲਾ ਦੇ ਦਫ਼ਤਰ ਅੱਗੇ ਰੈਲੀ ਕਰਕੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ ਹੈ ਕਿ ਬਿਜਾਈ ਕਰੀਬ 75 ਫ਼ੀਸਦੀ ਹੋ ਗਈ ਹੈ ਪਰ ਅਜੇ ਤਕ ਲੋੜਵੰਦ ਕਿਸਾਨਾਂ ਤਕ ਬੀਜ ਨਹੀਂ ਗਿਆ। ਉਨ੍ਹਾਂ ਦੱਸਿਆ ਕਿ 15-16 ਨਵੰਬਰ ਨੂੰ ਹੋ ਰਹੇ ਜੱਥੇਬੰਦਕ ਇਜਲਾਸ ਵਿਚ ਸਰਕਾਰ ਵਿਰੁੱਧ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਵੇਗੀ। ਇਸ ਮੌਕੇ ਐਡਵੋਕੇਟ ਕੰਵਲਜੀਤ, ਮਨਦੀਪ ਕੌਰ, ਭੁਪਿੰਦਰਜੀਤ ਛੀਨਾ, ਬਖਤਾਵਰ ਸਿੰਘ, ਸਵਿੰਦਰ ਸਿੱਧੂ, ਹਰਦੀਪ ਟਪਿਆਲਾ, ਤਰਸੇਮ ਟਪਿਆਲਾ ਆਦਿ ਆਗੂ ਹਾਜ਼ਰ ਸਨ।

# ਅੰਤਰਰਾਸ਼ਟਰੀ ਰੇਡੀਓਲੋਜੀ ਦਿਵਸ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਅੰਮ੍ਰਿਤਸਰ ਇੰਸਟੀਚਿਊਟ ਆਫ਼ ਪੈਰਾਮੈਡੀਕਲ ਸਾਇੰਸਿਜ਼ (ਏਆਈਪੀਐੱਸ) ਅਤੇ ਅੰਮ੍ਰਿਤਸਰ ਕਾਲਜ ਆਫ਼ ਨਰਸਿੰਗ (ਏਸੀਐੱਨ) ਵੱਲੋਂ ਮਿਲਜੁਲ ਕੇ ਅੰਤਰਰਾਸ਼ਟਰੀ ਰੇਡੀਓਲੋਜੀ ਦਿਵਸ ਉਤਸ਼ਾਹ ਅਤੇ ਅਕਾਦਮਿਕ ਜੋਸ਼ ਨਾਲ ਮਨਾਇਆ ਗਿਆ।ਇਸ ਮੌਕੇ ਰੇਡੀਓਲੋਜਿਸਟਾਂ ਅਤੇ ਰੇਡੀਓਗ੍ਰਾਫਰਾਂ ਦੇ ਸਿਹਤ ਸੇਵਾਵਾਂ ਵਿੱਚ ਯੋਗਦਾਨ 'ਤੇ ਚਰਚਾ ਕੀਤੀ ਗਈ।ਇਸ ਸਮਾਰੋਹ ਦੇ ਮੁੱਖ ਮਹਿਮਾਨ ਮੈਨੇਜਿੰਗ ਡਾਇਰੈਕਟਰ ਡਾ. ਨਿਪੁੰਨ ਪਾਸੀ ਅੰਮ੍ਰਿਤਸਰ ਇੰਸਟੀਚਿਊਟਸ ਸਨ।ਪ੍ਰਿੰਸੀਪਲ ਦਿਲੀਪ ਕੁਮਾਰ ਨੇ ਗੈਸਟ ਆਫ ਆਨਰ ਵਜੋਂ ਸ਼ਮੂਲੀਅਤ ਕੀਤੀ, ਜਦਕਿ ਡਾ. ਸੰਦੀਪ ਸਿੰਘ ਪ੍ਰਿੰਸੀਪਲ, ਅੰਮ੍ਰਿਤਸਰ ਕਾਲਜ ਆਫ਼ ਨਰਸਿੰਗ ਨੇ ਸਮਾਰੋਹ ਦੀ ਅਗਵਾਈ ਕੀਤੀ।ਡਾ. ਨਿਪੁੰਨ ਪਾਸੀ ਨੇ ਵਿਦਿਆਰਥੀਆਂ ਨੂੰ ਆਧੁਨਿਕ ਮੈਡੀਕਲ ਇਮੇਜਿੰਗ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ ਅਤੇ ਡਾ. ਸੰਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਨਵੀਂ ਤਕਨੀਕਾਂ ਨਾਲ ਅਪਡੇਟ ਰਹਿਣ ਦੀ ਪ੍ਰੇਰਣਾ ਦਿੱਤੀ।ਇਸ ਮੌਕੇ ਪ੍ਰੋ. ਰਾਸਿਕ ਤਾਰਿਕ, ਪ੍ਰੋ. ਰੋਜ਼ੀ, ਪ੍ਰੋ. ਜ਼ੀਨਤ ਅਯਾਜ਼, ਪ੍ਰੋ. ਸੋਜਲ ਸ਼ਾਨ (ਅਕੈਡਮਿਕ ਕੋਆਰਡੀਨੇਟਰ) ਅਤੇ ਪ੍ਰੋ. ਸੁਖਰਾਜ ਸਿੰਘ (ਐੱਚਓਡੀ) ਹਾਜ਼ਰ ਸਨ।ਵਿਦਿਆਰਥੀਆਂ ਨੇ ਪੋਸਟਰ ਪ੍ਰਦਰਸ਼ਨੀ, ਮਾਡਲ ਪ੍ਰਦਰਸ਼ਨ ਅਤੇ ਪ੍ਰਸ਼ਨੋਤਰੀ ਮੁਕਾਬਲੇ ਵਿਚ ਭਾਗ ਲਿਆ।ਸਮਾਰੋਹ ਦਾ ਸਮਾਪਨ ਧੰਨਵਾਦ ਪ੍ਰਗਟਾਵੇ ਨਾਲ ਹੋਇਆ।



# ਐੱਨਸੀਸੀ ਕੈਡਿਟਾਂ ਵੱਲੋਂ ਦਸ ਰੋਜ਼ਾ ਸਿਖਲਾਈ ਕੈਂਪ 'ਚ ਸ਼ਿਰਕਤ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ 15 ਵਿਦਿਆਰਥੀਆਂ ਨੇ 11 ਪੰਜਾਬ ਬਟਾਲੀਅਨ ਐੱਨਸੀਸੀ ਅੰਮ੍ਰਿਤਸਰ ਵੱਲੋਂ 10 ਦਿਨਾਂ ਦਾ ਐੱਨਸੀਸੀ ਕੈਂਪ ਕਮਾਂਡਿੰਗ ਅਫ਼ਸਰ ਕਰਨਲ ਅਰੁਣਪ੍ਰਤਾਪ ਸਿੰਘ ਦੀ ਅਗਵਾਈ ਅਤੇ ਏਐੱਨਓ ਬਲਜਿੰਦਰ ਸਿੰਘ ਦੀ ਦੇਖ-ਰੇਖ ਹੇਠ ਮੰਨਣ ਦੇ ਆਈ. ਟੀ. ਆਈ. ਕਾਲਜ ਵਿੱਚ ਲਗਾਇਆ ਗਿਆ।ਕੈਂਪ ਕਮਾਂਡਿੰਗ ਅਫਸਰ ਕਰਨਲ ਅਰੁਣਪ੍ਰਤਾਪ ਸਿੰਘ ਨੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਆਏ 500 ਦੇ ਲਗਭਗ ਕੈਡਿਟਾਂ ਨੂੰ ਜਿੱਥੇ ਜੀ ਆਇਆਂ ਆਖਿਆ ਉਥੇ ਉਨ੍ਹਾਂ ਕਿਹਾ ਕਿ ਭਾਰਤ ਦੀ ਏਕਤਾ ਦੇ ਅਖੰਡਤਾ ਨੂੰ ਬਣਾਈ ਰੱਖਣਾ ਸਾਡਾ ਫਰਜ਼ ਹੈ। ਤੇ ਬੱਚਿਆਂ ਲਈ ਵਾਲੀਬਾਲ, ਬਾਸਕਿਟਬਾਲ, ਰੱਸਾਕਸ਼ੀ, ਖੋ-ਖੋ, ਗਿੱਧਾ-ਭੰਗੜਾ ਆਦਿ ਦਾ ਪ੍ਰਬੰਧ ਕੀਤਾ ਗਿਆ ਤੇ ਕੈਡਿਟਾਂ ਨੂੰ ਵੈਪਨ ਟ੍ਰੇਨਿੰਗ, ਡਰਿਲ ਅਤੇ ਹੋਰ ਸਿਖਲਾਈ ਵੀ ਦਿੱਤੀ ਗਈ।ਇਮਨਾਜ਼ ਕੌਰ ਨੇ ਵਾਦ-ਵਿਵਾਦ ਮੁਕਾਬਲੇ ਵਿੱਚੋਂ ਤੀਜਾ ਸਥਾਨ, ਹਰਪ੍ਰੀਤ ਕੌਰ ਅਤੇ ਨਵਰਾਜ ਕੌਰ ਨੇ ਰੱਸਾ-ਕਸ਼ੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਨਵਰਾਜ ਕੌਰ ਨੇ ਸ਼ਬਦ ਗਾਇਨ ਵਿੱਚੋਂ ਅਤੇ ਇਮਨਾਜ਼ ਕੌਰ ਨੇ ਗਿੱਧੇ ਵਿੱਚੋਂ ਮੈਡਲ ਹਾਸਲ ਕੀਤਾ। ਸਾਹਿਲਦੀਪ ਸਿੰਘ, ਅਨਮੋਲਦੀਪ ਸਿੰਘ, ਜੈਦੀਪ ਸਿੰਘ ਨੇ ਵਾਲੀਬਾਲ ਵਿੱਚ ਤਰਨ ਤਾਰਨ ਦੀ ਟੀਮ ਵਜੋਂ ਹਿੱਸਾ ਲਿਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਤੇ ਪ੍ਰਿੰ. ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਐੱਨਸੀਸੀ ਵਿੱਚ ਹਿੱਸਾ ਲੈ ਕੇ ਦੇਸ਼-ਕੌਮ ਦੀ ਸੇਵਾ ਨਿਭਾਉਣ ਲਈ ਪ੍ਰੇਰਿਤ ਕੀਤਾ।

# ਮਲਟੀਪਰਪਜ਼ ਹੈਲਥ ਵਰਕਰ ਸਾਂਝੀ ਐਕਸ਼ਨ ਕਮੇਟੀ ਪੰਜਾਬ ਦੀ ਸਿਹਤ ਮੰਤਰੀ ਨਾਲ ਮੀਟਿੰਗ



**ਵੇਰਕਾ (ਰਾਣਾ)**- ਮਲਟੀਪਰਪਜ਼ ਹੈਲਥ ਵਰਕਰ ਸਾਂਝੀ ਐਕਸ਼ਨ ਕਮੇਟੀ ਪੰਜਾਬ ਦੀ ਸੂਬਾ ਕਨਵੀਨਰ ਮਨਜੀਤ ਕੌਰ ਫ਼ਰੀਦਕੋਟ ਅਤੇ ਕੋ-ਕਨਵੀਨਰ ਰਾਜਿੰਦਰ ਸਿੰਘ ਮੋਹਾਲੀ ਦੀ ਅਗਵਾਈ ਵਿੱਚ ਪੰਜਾਬ ਦੇ ਸਿਹਤ ਵਿਭਾਗ ਮੰਤਰੀ ਡਾ. ਬਲਬੀਰ ਸਿੰਘ ਅਤੇ ਸਿਹਤ ਵਿਭਾਗ ਪੰਜਾਬ ਸਰਕਾਰ, ਚੰਡੀਗੜ੍ਹ ਘਨਸ਼ਾਮ ਥੋਰੀ, ਵਿਭਾਗ ਦੇ ਡਾਇਰੈਕਟਰ ਡਾ. ਹਤਿੰਦਰ ਕੌਰ ਨਾਲ ਮੀਟਿੰਗ ਨਾਲ ਅਹਿਮ ਮੀਟਿੰਗ ਹੋਈ ਜਿਸ ਵਿੱਚ ਸਿਹਤ ਵਿਭਾਗ ਅੰਦਰ ਸੇਵਾ ਨਿਭਾਉਣ ਵਾਲੇ ਮਲਟੀਪਰਪਜ ਹੈਲਥ ਵਰਕਰ ਦੇ ਅਹੁਦੇ (ਡੈਜ਼ੀਗਨੇਸ਼ਨ) ਦਾ ਨਾਮ ਬਦਲਣ ਦੀ ਮੰਗ ਨੂੰ ਲੈ ਕੇ ਭਰਪੂਰ ਚਰਚਾ ਕੀਤੀ ਗਈ।ਇਸ ਦੌਰਾਨ ਰਾਜ ਦੇ ਸਿਹਤ ਮੰਤਰੀ ਵੱਲੋਂ ਉਪਰੋਕਤ ਜਥੇਬੰਦਕ ਵਫ਼ਦ ਨੂੰ ਪੂਰਨ ਵਿਸ਼ਵਾਸ ਦਿਵਾਇਆ ਗਿਆ ਕਿ ਬਹੁਤ ਜਲਦ ਹੀ ਜਥੇਬੰਦਕ ਮੰਗ ਨੂੰ ਪ੍ਰਵਾਨ ਕਰਦੇ ਹੋਏ ਉਕਤ ਨਾਮ ਬਦਲ ਦਿੱਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਕੌਰ ਮੋਗਾ, ਨਵਦੀਪ ਕੌਰ ਸੰਗਰੂਰ ਆਦਿ ਜਥੇਬੰਦਕ ਆਗੂ ਵੀ ਹਾਜ਼ਰ ਸਨ।

# ਕਟਾਰੂਚੱਕ ਨੇ ਪੰਜ ਪਿੰਡਾਂ 'ਚ ਬਣਾਏ ਜਾਣ ਵਾਲੇ ਸਟੇਡੀਅਮਾਂ ਦੇ ਰੱਖੇ ਨੀਂਹ ਪੱਥਰ



**ਪਠਾਨਕੋਟ (ਦਵਿੰਦਰ ਸਿੰਘ)**

ਵਿਧਾਨ ਸਭਾ ਹਲਕਾ ਭੋਆ ਅੰਦਰ ਇੱਕ ਨਿਵੇਕਲੀ ਪਹਿਲ ਕਦਮੀ ਕਰਦਿਆਂ ਪੰਜ ਪਿੰਡਾਂ ਵਿੱਚ ਬਣਾਏ ਜਾ ਰਹੇ ਸਟੇਡੀਅਮਾਂ ਦੇ ਨੀਂਹ ਪੱਥਰ ਰੱਖੇ ਗਏ ਜੋ ਜਲਦੀ ਹੀ ਬਣਾ ਕੇ ਪਿੰਡਾਂ ਨੂੰ ਸਮਰਪਿਤ ਕੀਤੇ ਜਾਣਗੇ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਵੱਖ-ਵੱਖ ਪਿੰਡਾਂ ਅੰਦਰ ਸਟੇਡੀਅਮ ਨਿਰਮਾਣ ਦੇ ਨੀਂਹ ਪੱਥਰ ਰੱਖਣ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਉਰਮਿਲਾ ਦੇਵੀ ਸਰਪੰਚ ਪਿੰਡ ਕਟਾਰੂ ਚੱਕ, ਸੁਰਿੰਦਰ ਸ਼ਾਹ ਸਰਪੰਚ ਪਿੰਡ ਸਿਹੋੜਾ ਕਲਾਂ, ਮੰਗ ਲਾਲ ਸਰਪੰਚ ਪਿੰਡ ਰਾਏਪੁਰ, ਅਸ਼ਵਨੀ ਕੁਮਾਰ ਸਰਪੰਚ ਪਿੰਡ ਗੋਬਿੰਦਸਰ, ਅਸ਼ੋਕ ਕੁਮਾਰ ਸਰਪੰਚ ਪਿੰਡ ਚੱਕ ਧਾਰੀਵਾਲ, ਸਰਪੰਚ ਨਵਤੇਜ ਸਿੰਘ, ਕਰਨ ਸਿੰਘ ਸਰਪੰਚ ਡੇਰਾ ਬਾਬਾ ਬਸੰਤਪੁਰੀ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜ ਕਰਤਾ ਹਾਜ਼ਰ ਸਨ।ਇਸ ਮੌਕੇ ਮੰਤਰੀ ਪੰਜਾਬ ਨੇ ਕਿਹਾ ਕਿ ਪਿੰਡ ਕਟਾਰੂਚੱਕ, ਗੋਬਿੰਦਸਰ, ਸਿਹੋੜਾ ਕਲਾਂ, ਚੱਕ ਧਾਰੀਵਾਲ ਅਤੇ ਡੇਰਾ ਬਾਬਾ ਬਸੰਤਪੁਰੀ ਵਿਖੇ ਬਣਾਏ ਜਾਣ ਵਾਲੇ ਖੇਡ ਸਟੇਡੀਅਮਾਂ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਹਰੇਕ ਖੇਡ ਸਟੇਡੀਅਮ ਦੇ ਨਿਰਮਾਣ 'ਤੇ ਕਰੀਬ 30 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਤਰ੍ਹਾਂ ਕਰੀਬ 10 ਕਰੋੜ ਰੁਪਏ ਦੀ ਲਾਗਤ ਨਾਲ ਵਿਧਾਨ ਸਭਾ ਹਲਕਾ ਭੋਆ ਦੇ 30 ਪਿੰਡਾਂ ਅੰਦਰ ਖੇਡ ਸਟੇਡੀਅਮ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਇੱਕ ਹਫਤੇ ਦੇ ਅੰਦਰ ਅੰਦਰ ਜਿਨ੍ਹਾਂ ਪਿੰਡਾਂ ਅੰਦਰ ਸਟੇਡੀਅਮ ਬਣਾਏ ਜਾਣੇ ਹਨ ਉੱਥੇ ਨਿਰਮਾਣ ਕਾਰਜ ਆਰੰਭ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅਸੀਂ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਨੌਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਦੇ ਲਈ ਇੱਕ ਵੱਡਾ ਤੋਹਫਾ ਇੱਕ ਵੱਡੀ ਰਾਸ਼ੀ ਖੇਡ ਸਟੇਡੀਅਮ ਦੇ ਨਿਰਮਾਣ ਦੇ ਲਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡ ਸਟੇਡੀਅਮ ਦੇ ਨਿਰਮਾਣ ਨੂੰ ਲੈ ਕੇ ਉਹ ਵਿਧਾਨ ਸਭਾ ਹਲਕਾ ਭੋਆ ਦੇ ਵਾਸੀਆਂ ਨੂੰ ਵਧਾਈ ਦਿੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਪੰਜਾਬ ਸਰਕਾਰ ਦੇ ਉਪਰਾਲਿਆਂ ਸਦਕਾ ਖੇਡਾਂ ਦੇ ਨਾਲ ਜੁੜਨ ਲਈ ਇੱਕ ਵਧੀਆ ਪਲੇਟਫਾਰਮ ਮਿਲਣ ਜਾ ਰਿਹਾ ਹੈ ।

# ਆਸਾਮ ਤੋਂ ਸਜਾਏ ਨਗਰ ਕੀਰਤਨ ਦਾ ਬਟਾਲਾ ਵਿਖੇ ਪਹੁੰਚਣ 'ਤੇ ਭਰਵਾਂ ਸਵਾਗਤ



**ਬਟਾਲਾ, (ਤਰਲੋਕ ਬੱਗਾ)**

ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਆਸਾਮ ਤੋਂ ਸਜਾਏ ਨਗਰ ਕੀਰਤਨ ਦਾ ਬਟਾਲਾ ਦੀ ਧਰਤੀ 'ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਉਨ੍ਹਾਂ ਦੇ ਭਰਾ ਅਮ੍ਰਿਤ ਕਲਸੀ, ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਨਿਕ ਮਹਿਤਾ ਅਤੇ ਸ਼ਹਿਰ ਅਤੇ ਪਿੰਡਾਂ ਦੇ ਮੋਹਤਬਰ ਸਾਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਅਮ੍ਰਿਤ ਕਲਸੀ, ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਨਿਕ ਮਹਿਤਾ ਨੇ ਨਤਮਸਤਕ ਹੋ ਕੇ ਗੁਰੂ ਦਾ ਅਸ਼ੀਰਵਾਦ ਲਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਉਨ੍ਹਾਂ ਕਿਹਾ ਕਿ ਬਟਾਲਾ ਵਿਖੇ 8 ਨਵੰਬਰ ਨੂੰ ਗੁਰੂ ਜੀ ਦੀ ਸ਼ਹੀਦੀ ਨਾਲ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਗਿਆ ਸੀ ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪਰਿਵਾਰਾਂ ਸਮੇਤ ਸ਼ਿਰਕਤ ਕੀਤੀ। ਇਸ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਗੁਰਿੰਦਰਪਾਲ ਸਿੰਘ ਮਾਂਟੂ ਮੈਨੇਜਰ ਸ਼੍ਰੀ ਦਰਬਾਰ ਸਾਹਿਬ ਅਮ੍ਰਿਤਸਰ, ਮਨਦੀਪ ਸਿੰਘ ਗਿੱਲ ਜ਼ਿਲ੍ਹਾ ਯੂਥ ਪ੍ਰਧਾਨ ਗੁਰਦਾਸਪੁਰ, ਮਾਸਟਰ ਜੋਗਿੰਦਰਪਾਲ ਸਿੰਘ ਅੱਚਲੀ ਗੇਟ, ਪਵਨ ਕੁਮਾਰ, ਨਵਦੀਪ ਸਿੰਘ ਪਨੇਸਰ, ਬਲਜੀਤ ਸਿੰਘ ਨਿੱਕੂ ਪੀ.ਏ., ਸੁਖਵਿੰਦਰ ਸਿੰਘ ਗੁਰਾਇਆ ਟ੍ਰੈਫਿਕ ਇੰਚਾਰਜ ਬਟਾਲਾ, ਜਸਪਾਲ ਸਿੰਘ, ਕੁਲਦੀਪ ਸਿੰਘ ਧਾਰੀਵਾਲ ਅਮਰੀਕ ਸਿੰਘ ਲੰਬੜਦਾਰ, ਸਰਪੰਚ ਜਗਤਾਰ ਸਿੰਘ, ਸਰਪੰਚ ਰਜਿੰਦਰ ਸਿੰਘ ਰੰਧਾਵਾ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

# ਸ਼ੈਰੀ ਕਲਸੀ ਨੇ ਲੋਕ ਮਿਲਣੀ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਚਹੁਪੱਖੀ ਵਿਕਾਸ ਉਨਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕਾ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨਾਂ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਹਲਕੇ ਦੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ।ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਦੇ ਮੰਤਵ ਨਾਲ ਖੇਡ ਮੈਦਾਨ ਉਸਾਰੇ ਜਾ ਰਹੇ ਹਨ। ਖੂਬਸੂਰਤ ਪਾਰਕਾਂ ਉਸਾਰੀਆਂ ਜਾ ਰਹੀਆਂ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇੱਕ ਛੱਤ ਹੇਠਾਂ ਲੋਕਾਂ ਨੂੰ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਮੁੱਖ ਮੰਤਰੀ ਪੰਜਾਬ ਵਲੋਂ ਉਦਘਾਟਨ ਕਰਨ ਉਪਰੰਤ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ।ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਂਕਾਂ ਨੂੰ ਚੌੜਾ ਕੀਤਾ ਗਿਆ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਂਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ।ਲੋਕਾਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਸ਼ੁਰੂ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਵੱਖ ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।



# ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ ਕਰਵਾਇਆ



**ਬਿਆਸ (ਪਰਮਜੀਤ ਸਿੰਘ ਰੱਖੜਾ)**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਾਤਿਸ਼ਾਹੀ ਨੌਵੀਂ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ ਗੁਰਦੁਆਰਾ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰਦਿਆਂ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ।ਇਸ ਮੌਕੇ ਸੰਗਤਾਂ ਵਿੱਚ ਹਾਜ਼ਰੀ ਲਵਾਉਂਦਿਆਂ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਗੁਰੂ ਸਾਹਿਬ ਦੇ ਚਰਨਾਂ ਦੀ ਛੋਹ ਪ੍ਰਾਪਤ ਪਿੰਡਾਂ ਦੇ ਵਿਕਾਸ ਲਈ 50-50 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਭੇਟ ਕੀਤੀ ਜਾਵੇਗੀ।ਕੀਰਤਨ ਦਰਬਾਰ ਦੌਰਾਨ ਭਾਈ ਮਲਕੀਤ ਸਿੰਘ, ਕਵੀਸ਼ਰ ਸੁਖਜੀਤ ਸਿੰਘ, ਪ੍ਰਚਾਰਕ ਸੁੱਚਾ ਸਿੰਘ ਸਠਿਆਲਾ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਨਿਹਾਲ ਕੀਤਾ।ਸ. ਟੌਂਗ ਨੇ ਦੱਸਿਆ ਕਿ 11 ਨਵੰਬਰ ਨੂੰ ਮੇਲਾ ਗਰਾਊਂਡ ਰਣਜੀਤ ਐਵੀਨਿਊ ਵਿਖੇ ਗੁਰੂ ਸਾਹਿਬ ਨਾਲ ਜੁੜੇ ਇਤਿਹਾਸ ਨੂੰ ਦਰਸਾਉਣ ਲਈ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾ ਰਿਹਾ ਹੈ।ਲੋਕ ਇਸ ਪ੍ਰੋਗਰਾਮ ਨੂੰ ਆਪਣੇ ਬੱਚਿਆਂ ਨੂੰ ਜ਼ਰੂਰ ਦਿਖਾਉਣ।ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੀ ਤਰਫੋਂ ਪ੍ਰਸ਼ਾਸਨਿਕ ਤੇ ਧਾਰਮਿਕ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਨਾਇਬ ਤਹਿਸੀਲਦਾਰ ਮੈਡਮ ਮਨੀ ਮਹਾਜਨ, ਈ:ਓ ਅਨਿਲ ਕੁਮਾਰ, ਐੱਮਸੀ ਮਨਜੀਤ ਕੌਰ, ਬਲਾਕ ਪ੍ਰਧਾਨ ਸਰਵਣ ਸਰਾਏ, ਸੰਜੀਵ ਕੁਮਾਰ ਭੰਡਾਰੀ, ਐੱਮਸੀ ਗੁਰਮੀਤ ਸਿੰਘ, ਸਰਪੰਚ ਪ੍ਰਦੀਪ ਸਿੰਘ ਬੋਦੇਵਾਲ, ਸਰਪੰਚ ਜੋਤੀ ਦੂਲੋਨੰਗਲ, ਸਰਪੰਚ ਕਰਮਜੀਤ ਸਿੰਘ ਫੇਰੂਮਾਨ, ਵਿਸ਼ਾਲ ਮੰਨਣ, ਰਮਨਜੀਤ ਸਿੰਘ, ਸੋਨੂੰ ਜੰਡਿਆਲਾ ਗੁਰੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾ ਹਾਜ਼ਰ ਸਨ।

# 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਇਆ ਸੈਮੀਨਾਰ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਸੇਵਾ ਦੇ ਪੁੰਜ ਬਾਬਾ ਖੜਕ ਸਿੰਘ ਦੁਆਰਾ ਸਥਾਪਿਤ ਅਤੇ ਬਾਬਾ ਸੰਤੋਖ ਸਿੰਘ ਦੀ ਯੋਗ ਅਗਵਾਈ ਹੇਠ ਚੱਲ ਰਹੇ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਦਾ ਅਯੋਜਨ ਕੀਤਾ ਗਿਆ ਜਿਸ ਵਿੱਚ ਸਿੱਖ ਪ੍ਰਚਾਰਕ ਭਾਈ ਅਮਰਜੀਤ ਸਿੰਘ ਸੁਰ ਸਿੰਘ ਨੇ ਗੁਰੂ ਜੀ ਦੇ ਜੀਵਨ ਅਤੇ ਸ਼ਹੀਦੀ ਨਾਲ ਸੰਬੰਧਿਤ ਗੁਰੂ ਜੀ ਇਤਿਹਾਸ ਜਾਣੂੰ ਕਰਵਾਇਆ। ਸਮਾਜਿਕ, ਰਾਜਸੀ ਅਤੇ ਧਾਰਮਿਕ ਪਹਿਲੂਆ ਤੋਂ ਵਿਦਿਆਰਥੀਆਂ ਨੂੰ ਜਾਣ ਕਰਵਾਇਆ ।ਇਸ ਤੋਂ ਇਲਾਵਾਂ ਕਾਲਜ ਦੀਆਂ ਵਿਦਿਆਰਥਣਾਂ ਮਨਰੂਪ ਕੌਰ, ਰਮਨਦੀਪ ਕੌਰ, ਕਰਮਜੀਤ ਕੌਰ, ਮਨਦੀਪ ਕੌਰ, ਹਰਮਨਪ੍ਰੀਤ ਕੌਰ ਨੇ ਵੀ ਗੁਰੂ ਜੀ ਦੀ ਸ਼ਹੀਦੀ ਅਤੇ ਜੀਵਨ ਬਾਰੇ ਵਿਦਿਆਰਥੀਆਂ ਨਾਲ ਵਿਚਾਰਾਂ ਦੀ ਸਾਂਝ ਪਾਈ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਕਰਨਜੀਤ ਸਿੰਘ ਬੇਦੀ, ਪ੍ਰੋ. ਅਮਰਬੀਰ ਸਿੰਘ, ਪ੍ਰੋ. ਸੁਖਪਾਲ ਕੌਰ, ਪ੍ਰੋ. ਸੁਰਿੰਦਰ ਸਿੰਘ, ਪ੍ਰੋ. ਅਕਵਿੰਦਰ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਇੰਦਰਜੀਤ ਸਿੰਘ, ਸੁਪਰਡੰਟ ਤੇਜਿੰਦਰਜੀਤ ਸਿੰਘ ਅਤੇ ਸੁਖਬੀਰ ਸਿੰਘ ਆਦਿ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੀਆਂ ਵਿਦਿਆਰਥਣਾਂ ਲੁੱਡੀ ਮੁਕਾਬਲੇ 'ਚ ਰਹੀਆਂ ਜੇਤੂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**


ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸੈਮਰੋਕ ਇੰਟਰਨੈਸ਼ਨਲ ਸਕੂਲ ਦੀਨਾਨਗਰ ਵਿਖੇ ਆਜ ਤੱਕ ਆਮਨੇ ਸਾਮਣੇ ਵੱਲੋਂ ਰਾਜ ਪੱਧਰੀ ਭੰਗੜਾ ਕੱਪ ਕਰਵਾਏ ਗਏ ਮੁਕਾਬਲੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਭਾਗ ਲਿਆ ਗਿਆ ਅਤੇ ਵਿਦਿਆਰਥਣਾਂ ਨੇ ਢੋਲ ਦੇ ਡੱਗੇ ਤੇ ਬਹੁਤ ਹੀ ਸੋਹਣਾ ਲੁੱਡੀ ਦਾ ਪ੍ਰਦਰਸ਼ਨ ਕਰਦੇ ਹੋਏ ਸ਼ਹਿਨਾਜ਼ਪ੍ਰੀਤ ਕੌਰ ਸਪੁੱਤਰੀ ਜਗਤਾਰ ਸਿੰਘ, ਹਰਲੀਨ ਕੌਰ ਸਪੁੱਤਰੀ ਵਰਿਆਮ ਸਿੰਘ, ਮਨਾਲੀ ਕੁਮਾਰੀ ਸਪੁੱਤਰੀ ਕੁਮਾਰ ਰੰਜਨ, ਕਿਰਨਪ੍ਰੀਤ ਕੌਰ ਸਪੁੱਤਰੀ ਕੁਲਵਿੰਦਰ ਸਿੰਘ, ਪਰਨੀਤ ਕੌਰ ਸਪੁੱਤਰੀ ਨਿਰਮਲ ਸਿੰਘ, ਜਸਲੀਨ ਕੌਰ ਸਪੁੱਤਰੀ ਜਗਜੀਤ ਸਿੰਘ, ਪਲਕਪ੍ਰੀਤ ਕੌਰ ਸਪੁੱਤਰੀ ਗੁਰਮੁਖ ਸਿੰਘ, ਅਵਨੀਤ ਕੌਰ ਸਪੁੱਤਰੀ ਜਸਬੀਰ ਸਿੰਘ, ਜਸਕੀਰਤ ਕੌਰ ਸਪੁੱਤਰੀ ਹਰਪਿੰਦਰ ਸਿੰਘ, ਆਲੀਆ ਰਾਕੇਸ਼ ਮਸੀਹ, ਸਾਹਿਲਪ੍ਰੀਤ ਸਿੰਘ ਸਪੁੱਤਰ ਸੁਖਦੇਵ ਸਿੰਘ ,ਗੁਰਪ੍ਰੀਤ ਸਿੰਘ ਸਪੁੱਤਰ ਸਤਨਾਮ ਸਿੰਘ ਨੇ ਪਹਿਲਾ ਸਥਾਨ ਹਾਸਲ ਕਰਕੇ ਟਰਾਫੀ, ਮੈਡਲ ਅਤੇ ਸਰਟੀਫਿਕੇਟ ਪ੍ਰਾਪਤ ਕੀਤੇ। ਜੇਤੂ ਵਿਦਿਆਰਥਣਾਂ ਨੂੰ ਮੈਡਲ, ਟਰਾਫ਼ੀ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

## ਜਨਮ ਦਿਨ ਮੁਬਾਰਕ


ਹੈਰੀਸਨ, ਗੜ੍ਹਸ਼ੰਕਰ

## ਵਰ੍ਹੇਗੰਢ ਮੁਬਾਰਕ


ਨੀਲਮ ਤੇ ਹਰੀਸ਼ ਵਾਸੀ ਚੱਕਰੀ ਮੁਹੱਲਾ (ਕਲਾਨੌਰ) ਨੇ ਵਿਆਹ ਦੀ ਛੇਵੀਂ ਵਰ੍ਹੇਗੰਢ ਮਨਾਈ


ਸੰਜੀਵ ਕੁਮਾਰ ਅਤੇ ਕਮਲਜੀਤ ਕੌਰ ਵਾਸੀ ਪਿੰਡ ਔੜੋਵਾਲ, ਹੁਸ਼ਿਆਰਪੁਰ ਨੇ ਆਪਣੇ ਵਿਆਹ ਦੀ 12ਵੀਂ ਵਰ੍ਹੇਗੰਢ ਮਨਾਈ

## ਸਹਿਨਾਈਆਂ


ਪੂਜਾ ਕੁਮਾਰੀ ਪੁੱਤਰੀ ਵਿਜੇ ਕੁਮਾਰ ਵਾਸੀ ਸ਼ਿਵ ਨਗਰ ਗੁਰਦਾਸਪੁਰ ਦਾ ਸ਼ੁੱਭ ਵਿਆਹ ਗੁਰਪਾਲ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਸੁਲਤਾਨਪੁਰ ਨਾਲ ਹੋਇਆ।

# ਪੰਜਾਬ ਦੇ ਸਾਰੇ ਸਕੂਲਾਂ 'ਚ ਪੜ੍ਹਾਇਆ ਜਾਵੇਗਾ ਗੁਰੂ ਤੇਗ ਬਹਾਦਰ ਸਾਹਿਬ ਦਾ ਵਡਮੁੱਲਾ ਇਤਿਹਾਸ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**



ਪੰਜਾਬ ਸਰਕਾਰ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਇੱਕ ਮਹੱਤਵਪੂਰਨ ਇਤਿਹਾਸਕ ਅਤੇ ਸਿੱਖਿਆਕ ਯਤਨ ਦੀ ਸ਼ੁਰੂਆਤ ਕੀਤੀ ਹੈ। ਇਸ ਤਹਿਤ ਪੰਜਾਬ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਗੁਰੂ ਸਾਹਿਬ ਦੇ ਮਹਾਨ ਜੀਵਨ, ਬਲਿਦਾਨ ਨੂੰ ਪਾਠਕ੍ਰਮ ਅਤੇ ਵਿਸ਼ੇਸ਼ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਤੱਕ ਪਹੁੰਚਾਇਆ ਜਾਵੇਗਾ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੋਮਵਾਰ ਸਰਕਾਰੀ ਹਾਈ ਸਕੂਲ ਦਸਗਰਾਈਂ ਅਤੇ ਮਾਊਂਟ ਕਾਰਮਲ ਸਕੂਲ ਜਿੰਦਵੜੀ ਵਿਖੇ ਸਮਾਰੋਹ ਕਰਕੇ ਇਸ ਮੁਹਿੰਮ ਦਾ ਆਗਾਜ਼ ਕੀਤਾ। ਸਿੱਖਿਆ ਮੰਤਰੀ ਨੇ ਇਸ ਮੌਕੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖਤਾ, ਧਰਮ, ਸਾਂਝੀਵਾਲਤਾ ਦੇ ਪ੍ਰਤੀਕ ਹਨ। ਗੁਰੂ ਸਾਹਿਬ ਦਾ ਬਲਿਦਾਨ ਸਿਰਫ ਸਿੱਖ ਕੌਮ ਲਈ ਨਹੀਂ ਸੀ, ਬਲਕਿ ਪੂਰੀ ਸ੍ਰਿਸ਼ਟੀ ਲਈ ਧਰਮ ਤੇ ਮਜ਼ਲੂਮਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਸੀ। ਇਸ ਲਈ ਨਵੀ ਪੀੜ੍ਹੀ ਨੂੰ ਇਹ ਪਤਾ ਹੋਣਾ ਬਹੁਤ ਜ਼ਰੂਰੀ ਹੈ ਕਿ ਅਸੀਂ ਕਿਹੋ ਜਿਹੀ ਮਹਾਨ ਵਿਰਾਸਤ ਦੇ ਵਾਰਸ ਹਾਂ।ਇਸ ਮੁਹਿੰਮ ਦੇ ਤਹਿਤ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਜੀਵਨ ਬਾਰੇ ਵਿਸ਼ੇਸ਼ ਵਿਖਿਆਨ, ਕਵਿਤਾ ਪਾਠ, ਭਾਸ਼ਣ ਮੁਕਾਬਲੇ, ਨਿਬੰਧ ਲੇਖਨ, ਚਿੱਤਰਕਲਾ ਅਤੇ ਧਾਰਮਿਕ-ਇਤਿਹਾਸਕ ਕਿਤਾਬਾਂ ਰਾਹੀਂ ਜਾਣੂ ਕਰਵਾਇਆ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ , ਸਹਾਇਕ ਕਮਿਸ਼ਨਰ ਅਭਿਮਨਿਊ ਮਲਿਕ , ਐਸਡੀਐਮ ਜਸਪ੍ਰੀਤ ਸਿੰਘ ਵੀ ਮੌਜੂਦ ਸਨ। ਸਿੱਖਿਆ ਮੰਤਰੀ ਬੈਂਸ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਸਿਰਫ਼ ਗਿਆਨ ਦੇਣਾ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਉਹ ਮਨੋਬਲ ਅਤੇ ਜੀਵਨ ਦਰਸ਼ਨ ਪੈਦਾ ਕਰਨਾ ਹੈ ਜੋ ਉਨ੍ਹਾਂ ਨੂੰ ਜ਼ਿੰਮੇਵਾਰ, ਸੰਵੇਦਨਸ਼ੀਲ ਅਤੇ ਆਤਮ ਨਿਰਭਰ ਮਨੁੱਖ ਬਣਾਵੇ।

# ਪੰਜਾਬ 'ਵਰਸਿਟੀ ਦੇ ਵਿਦਿਆਰਥੀਆਂ 'ਤੇ ਲਾਠੀਚਾਰਜ ਦੀ ਨਿੰਦਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਚੰਡੀਗੜ੍ਹ ਪੁਲਿਸ ਅਤੇ ਹਰਿਆਣਾ ਪੁਲਿਸ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਸ਼ਾਂਤਮਈ ਵਿਦਿਆਰਥੀਆਂ 'ਤੇ ਬੇਰਹਿਮੀ ਨਾਲ ਕੀਤੇ ਗਏ ਲਾਠੀਚਾਰਜ ਦੀ ਸਖ਼ਤ ਨਿੰਦਾ ਕੀਤੀ ਹੈ।ਵਿਦਿਆਰਥੀ ਪੰਜਾਬ ਯੂਨੀਵਰਸਿਟੀ ਸੈਨੇਟ ਭੰਗ ਕਰਨ ਦੇ ਵਿਰੋਧ ਵਿੱਚ ਸ਼ਾਂਤੀਪੂਰਨ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਸਨ ਅਤੇ ਨਿਰਪੱਖ ਸੈਨੇਟ ਚੋਣਾਂ ਦੀ ਮੰਗ ਕਰ ਰਹੇ ਸਨ, ਪਰ ਭਾਜਪਾ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਹਿੰਸਾ ਨਾਲ ਜਵਾਬ ਦਿੱਤਾ।ਮੀਡੀਆ ਨੂੰ ਜਾਰੀ ਇੱਕ ਬਿਆਨ ਵਿੱਚ 'ਆਪ' ਆਗੂ ਬਲਤੇਜ ਪੰਨੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਾਰ-ਵਾਰ ਚੇਤਾਵਨੀ ਦਿੱਤੀ ਹੈ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਜ਼ਬਰਦਸਤੀ ਅਤੇ ਧੋਖੇ ਰਾਹੀਂ ਪੰਜਾਬ ਦੇ ਅਦਾਰਿਆਂ ਅਤੇ ਰਾਜਨੀਤਿਕ ਢਾਂਚੇ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਭਾਜਪਾ ਕੇਂਦਰ ਸਰਕਾਰ ਦੀ ਸ਼ਕਤੀ ਅਤੇ ਤਾਕਤ ਦੀ ਦੁਰਵਰਤੋਂ ਕਰਕੇ ਬੀ ਬੀ ਐੱਮ ਬੀ ਤੋਂ ਲੈ ਕੇ ਪੰਜਾਬ ਯੂਨੀਵਰਸਿਟੀ ਤੱਕ ਹਰ ਲੋਕਤੰਤਰੀ ਪਲੇਟਫਾਰਮ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਪਰ ਪੰਜਾਬੀ ਆਪਣੇ ਅਧਿਕਾਰਾਂ ਅਤੇ ਖੁਦਮੁਖ਼ਤਿਆਰੀ 'ਤੇ ਅਜਿਹੇ ਹਮਲੇ ਨੂੰ ਕਦੇ ਵੀ ਸਵੀਕਾਰ ਨਹੀਂ ਕਰਨਗੇ। ਪੰਨੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਅੰਦੋਲਨਕਾਰੀ ਵਿਦਿਆਰਥੀਆਂ ਨਾਲ ਪੂਰੀ ਤਰ੍ਹਾਂ ਇਕਜੁੱਟ ਹੈ ਅਤੇ ਪੰਜਾਬ ਯੂਨੀਵਰਸਿਟੀ ਦੀ ਖੁਦਮੁਖ਼ਤਿਆਰੀ ਅਤੇ ਲੋਕਤੰਤਰੀ ਕੰਮਕਾਜ ਲਈ ਉਨ੍ਹਾਂ ਦੇ ਸ਼ਾਂਤਮਈ ਸੰਘਰਸ਼ ਦਾ ਸਮਰਥਨ ਕਰਦੀ ਹੈ।

# ਮਨਸੂਹਾ ਖੁਰਦ ਕਤਲ ਮਾਮਲੇ 'ਚ ਮੁਲਜ਼ਮ ਕਾਬੂ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਸ੍ਰੀ ਚਮਕੌਰ ਸਾਹਿਬ ਪੁਲਸ ਵੱਲੋਂ ਨੇੜਲੇ ਪਿੰਡ ਮਨਸੂਹਾ ਖੁਰਦ ਦੇ ਇੱਕ ਸ਼ੈਲਰ ਵਿੱਚ ਕੰਮ ਕਰਨ ਵਾਲੀ ਪ੍ਰਵਾਸੀ ਮਹਿਲਾ ਸ਼ਾਕਰਾ ਬਾਨੂ (ਉਮਰ 46 ਸਾਲ) ਨਾਲ ਜਬਰ ਜ਼ਨਾਹ ਕਰਨ ਤੋਂ ਬਾਅਦ ਉਸ ਦੀ ਹੱਤਿਆ ਦੇ ਮਾਮਲੇ ਵਿੱਚ ਇੱਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਨੇ ਦੋਸ਼ੀ ਨੂੰ ਅਦਾਲਤ 'ਚ ਪੇਸ਼ ਕਰਕੇ 5 ਦਿਨਾਂ ਦਾ ਰਿਮਾਂਡ ਹਾਸਲ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਮਨਜੀਤ ਸਿੰਘ ਔਲਖ ਨੇ ਦੱਸਿਆ ਕਿ ਮ੍ਰਿਤਕ ਮਹਿਲਾ ਦੇ ਦੇਵਰ ਸਿਰਾਜ ਅਹਿਮਦ ਨੂਰੀ ਪੁੱਤਰ ਮੌਲਵੀ ਅਬਦੁਲ ਰਸ਼ੀਦ ਨੂਰੀ ਵਾਸੀ ਮੁਸਤਫ਼ਾ ਨਗਰ, ਖੈਰਾਬਾਦ ਦੇ ਬਿਆਨ 'ਤੇ ਬੀ ਐਨ ਐਸ ਦੀਆਂ ਧਾਰਾਵਾਂ 103 ਅਤੇ 64 ਅਧੀਨ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪੁਲਸ ਨੇ ਮੌਕੇ 'ਤੇ ਹੀ ਇੱਕ ਦੋਸ਼ੀ ਅਖਿਲੇਸ਼ ਕੁਮਾਰ ਯਾਦਵ ਪੁੱਤਰ ਰਾਜਦੇਵ ਨਿਵਾਸੀ ਥਾਰਵੀਟ, ਜ਼ਿਲ੍ਹਾ ਸੁਪਾਲ (ਬਿਹਾਰ) ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਡੀ ਐੱਸ ਪੀ ਔਲਖ ਨੇ ਕਿਹਾ ਕਿ ਰਿਮਾਂਡ ਦੌਰਾਨ ਦੋਸ਼ੀ ਕੋਲੋਂ ਬਰੀਕੀ ਨਾਲ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਇਸ ਵਾਰਦਾਤ 'ਚ ਸ਼ਾਮਿਲ ਹੋਰ ਦੋਸ਼ੀਆਂ ਅਤੇ ਮਹਿਲਾ ਦੀ ਹੱਤਿਆ ਵਿੱਚ ਵਰਤੇ ਗਏ ਹਥਿਆਰ ਬਾਰੇ



ਜਾਣਕਾਰੀ ਮਿਲ ਸਕੇ। ਉਹਨਾਂ ਦੱਸਿਆ ਕਿ ਪੁਲਸ ਵੱਲੋਂ ਸ਼ੈਲਰ ਅਤੇ ਆਸਪਾਸ ਦੇ ਖੇਤਰਾਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੋਬਾਇਲ ਫੋਨਾਂ ਦੀ ਲੋਕੇਸ਼ਨ ਦੇ ਆਧਾਰ 'ਤੇ ਬਾਕੀ ਦੋਸ਼ੀਆਂ ਨੂੰ ਵੀ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਡੇਰਾ ਮਾਈ ਗੌਰਾਂ ਵਿਖੇ 20ਵਾਂ ਸਾਲਾਨਾ ਸਮਾਗਮ 19 ਨੂੰ : ਖੇਮਕਰਨੀ

**ਖੇਮਕਰਨ (ਨ ਜ਼ ਸ)**

ਇਤਿਹਾਸਿਕ ਤਪ ਅਸਥਾਨ ਬਾਬਾ ਲਾਲ ਜੀ ਦਾਸ ਡੇਰਾ ਮਾਈ ਗੌਰਾਂ ਵਿਖੇ 20ਵਾਂ ਸਾਲਾਨਾ ਸਮਾਗਮ ਸ੍ਰੀ ਰਾਮਾਇਣ ਪਾਠ ਅਤੇ ਭੰਡਾਰਾ ਬੁੱਧਵਾਰ 4 ਮੱਘਰ ਸੰਮਤ 2082 (19 ਨਵੰਬਰ) ਨੂੰ ਖੇਮਕਰਨ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ। ਸ੍ਰੀ ਰਾਮਾਇਣ ਦੇ ਪਾਠ 18 ਨਵੰਬਰ ਨੂੰ ਆਰੰਭ ਹੋਣਗੇ ਅਤੇ ਨਾਲ ਹੀ ਵਿਸ਼ਵ ਸ਼ਾਂਤੀ ਲਈ ਹਵਨਯੱਗ ਵੀ ਹੋਵੇਗਾ। ਮਾਈ ਗੌਰਾਂ ਦੀ ਪਰਮ ਸੇਵਿਕਾ ਮਾਤਾ ਪ੍ਰੀਤਮ ਕੌਰ ਦੇ ਪੁਰਬ 'ਤੇ ਸ੍ਰੀ ਰਾਮਾਇਣ ਦਾ ਪਾਠ ਆਰੰਭ ਕੀਤਾ ਜਾਵੇਗਾ। ਭੋਗ 19 ਨਵੰਬਰ ਨੂੰ ਪਾਇਆ ਜਾਵੇਗਾ। ਸਮਾਗਮ ਵਿੱਚ ਖੇਮਕਰਨ ਦੀਆਂ ਸਥਾਨਕ ਮੰਡਲੀਆਂ, ਸਭਾ, ਸੋਸਾਇਟੀਆਂ ਵੀ ਆਪਣਾ ਭਰਵਾਂ ਯੋਗਦਾਨ ਪਾਉਣਗੀਆਂ। ਇਲਾਕੇ ਭਰ ਦੀਆਂ ਸੰਗਤਾਂ ਤੋਂ ਇਲਾਵਾ ਦੂਰ ਦੁਰਾਡੇ ਤੋਂ ਵੀ ਸੰਗਤਾਂ ਪਹੁੰਚ ਕੇ ਸੰਤਾਂ ਦੇ ਡੇਰੇ ਦਾ ਆਸ਼ੀਰਵਾਦ ਪ੍ਰਾਪਤ ਕਰਦੀਆਂ ਹਨ। ਇਹ ਜਾਣਕਾਰੀ ਡੇਰਾ ਪ੍ਰਬੰਧਕ ਤੇ ਮੁੱਖ ਸੇਵਾਦਾਰ ਓਮ ਪ੍ਰਕਾਸ਼ ਖੇਮਕਰਨੀ ਨੇ ਦਿੱਤੀ। ਸਮਾਗਮ ਦੇ ਸੁਚਾਰੂ ਪ੍ਰਬੰਧਾਂ ਸੰਬੰਧੀ ਸ੍ਰੀ ਖੇਮਕਰਨੀ ਨੇ ਡੇਰੇ ਦੇ ਨਿਗਰਾਨ, ਰਿਟਾ. ਇੰਸਪੈਕਟਰ ਹਰਪ੍ਰਕਾਸ਼, ਗੁਰਮੇਲ ਸਿੰਘ ਕੰਡਾ, ਚੌਧਰੀ ਹਜ਼ੂਰੀ ਲਾਲ, ਜੁਗਿੰਦਰ ਬਾਵਾ (ਪ੍ਰਧਾਨ ਨਵਦੁਰਗਾ ਮੰਡਲੀ), ਕਰਮ ਮੋਹਨ ਮੰਗਾ (ਪ੍ਰਧਾਨ ਸ੍ਰੀ ਰਾਮਾਇਣ ਸੇਵਾ ਸੋਸਾਇਟੀ) ਅਤੇ ਖੇਮਕਰਨ ਨਗਰ ਪੰਚਾਇਤ ਦੇ ਪ੍ਰਧਾਨ ਰਹੇ ਸ. ਬਾਜ ਸਿੰਘ, ਪ੍ਰੇਮ ਵਿਜ, ਨਰੂਲਾ, ਰਾਮ ਭੰਡਾਰੀ, ਨਰਿੰਦਰ ਬਾਵਾ, ਅੰਮ੍ਰਿਤ ਲਾਲ (ਅੰਬੂ), ਪ੍ਰੇਮ ਪੁਰੀ ਆਦਿ ਨੂੰ ਵੀ ਮਿਲੇ। ਉਨ੍ਹਾਂ ਦੱਸਿਆ ਕਿ ਸਮਾਗਮ 'ਚ ਸੰਗਤਾਂ ਨੂੰ ਆਯੁਰਵੈਦਿਕ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਉਨ੍ਹਾਂ ਵੱਧ ਤੋਂ ਵੱਧ ਸੰਗਤ ਨੂੰ ਪੁੱਜਣ ਦੀ ਅਪੀਲ ਕੀਤੀ।



# ਰੀਜੈਂਟਾ ਹੋਟਲ ਮਾਲਕ 'ਤੇ ਫਾਇਰਿੰਗ ਦੇ ਮਾਮਲਾ 'ਚ ਇੱਕ ਗ੍ਰਿਫ਼ਤਾਰ



**ਮੋਹਾਲੀ, (ਗੁਰਜੀਤ ਬਿੱਲਾ)**

ਐੱਸ ਏ ਐੱਸ ਨਗਰ ਦੇ ਸੀਨੀਅਰ ਪੁਲਸ ਕਪਤਾਨ ਹਰਮਨਦੀਪ ਸਿੰਘ ਹਾਂਸ ਨੇ ਜਾਣਕਾਰੀ ਦਿੱਤੀ ਕਿ ਕਈ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦੇ ਗੈਂਗਸਟਰ ਰਣਵੀਰ ਸਿੰਘ ਨੂੰ ਸੀ ਆਈ ਏ ਮੋਹਾਲੀ ਦੀ ਟੀਮ ਨੇ ਇੱਕ ਸੰਖੇਪ ਮੁਕਾਬਲੇ ਦੌਰਾਨ ਦੁਵੱਲੀ ਗੋਲੀਬਾਰੀ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ।ਮੁਲਜ਼ਮ, ਜੋ ਕਿ ਫਰਾਰ ਸੀ, ਨੂੰ ਚੰਡੀਗੜ੍ਹ ਗੋਲੀਬਾਰੀ ਘਟਨਾ ਵਿੱਚ ਵਰਤੇ ਗਏ ਪਲੈਟੀਨਾ ਮੋਟਰਸਾਈਕਲ 'ਤੇ ਭੱਜਦੇ ਸਮੇਂ ਰੋਕਿਆ ਗਿਆ। ਜਦੋਂ ਉਸਨੂੰ ਆਤਮ ਸਮਰਪਣ ਕਰਨ ਲਈ ਕਿਹਾ ਗਿਆ, ਤਾਂ ਉਸਨੇ ਪੁਲਸ ਪਾਰਟੀ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਸੰਖੇਪ ਮੁਕਾਬਲਾ ਹੋਇਆ, ਜਿਸ ਦੌਰਾਨ ਉਸ ਦੀ ਲੱਤ ਵਿੱਚ ਗੋਲੀ ਲੱਗੀ। ਜ਼ਖ਼ਮੀ ਦੋਸ਼ੀ ਨੂੰ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ। ਗੋਲੀਬਾਰੀ ਵਿੱਚ ਉਸ ਦੁਆਰਾ ਵਰਤਿਆ ਗਿਆ .32 ਬੋਰ ਦਾ ਪਿਸਤੌਲ ਬਰਾਮਦ ਕਰ ਲਿਆ ਗਿਆ ਹੈ, ਤੇ ਪੁਲਿਸ 'ਤੇ ਗੋਲੀਬਾਰੀ ਕਰਨ ਦੇ ਦੋਸ਼ ਵਿੱਚ ਉਸ ਵਿਰੁੱਧ ਇੱਕ ਨਵੀਂ ਐਫ ਆਈ ਆਰ ਦਰਜ ਕੀਤੀ ਜਾ ਰਹੀ ਹੈ।ਐੱਸ ਐੱਸ ਪੀ ਨੇ ਦੱਸਿਆ ਕਿ ਪਹਿਲਾਂ, ਗੁਪਤ ਸੂਚਨਾ ਦੇ ਆਧਾਰ 'ਤੇ, ਤਿੰਨ ਮੁਲਜ਼ਮਾਂ-ਅਰਸ਼ਜੋਤ ਸਿੰਘ ਪੁੱਤਰ ਹਰਵਿੰਦਰ ਸਿੰਘ ਵਾਸੀ ਪਿੰਡ ਬੱਲੋਮਾਜਰਾ, ਰਣਵੀਰ ਸਿੰਘ ਪੁੱਤਰ ਧਰਮ ਸਿੰਘ ਵਾਸੀ ਪਿੰਡ ਗੁਨੋ ਮਾਜਰਾ, ਅਤੇ ਜਸ਼ਨਜੀਤ ਸਿੰਘ ਪੁੱਤਰ ਗਗਨਜੀਤ ਸਿੰਘ ਵਾਸੀ ਖਰੜ-ਵਿਰੁੱਧ ਥਾਣਾ ਸਿਟੀ ਖਰੜ ਵਿਖੇ ਐਫ ਆਈ ਆਰ ਦਰਜ ਕੀਤੀ ਗਈ ਸੀ।ਜਾਂਚ ਦੌਰਾਨ, ਇਹ ਖੁਲਾਸਾ ਹੋਇਆ ਕਿ ਮੁਲਜ਼ਮਾਂ ਨੇ 4 ਨਵੰਬਰ ਨੂੰ ਚੰਡੀਗੜ੍ਹ ਦੇ ਸੈਕਟਰ 39 ਵਿੱਚ ਮਨਪ੍ਰੀਤ ਸਿੰਘ ਦੇ ਘਰ 'ਤੇ ਫਿਰੌਤੀ ਮੰਗਣ ਤੋਂ ਬਾਅਦ ਗੋਲੀਆਂ ਚਲਾਈਆਂ ਸਨ।ਮਨਪ੍ਰੀਤ ਸਿੰਘ ਮੋਹਾਲੀ ਵਿਖੇ ਟੀ ਡੀ ਆਈ ਸਿਟੀ ਵਿੱਚ ਹੋਟਲ ਰੀਜੈਂਟਾ ਚਲਾਉਂਦਾ ਹੈ। ਦੋਸ਼ੀ ਲੱਕੀ ਪਟਿਆਲ ਅਤੇ ਦਵਿੰਦਰ ਬੰਬੀਹਾ ਗੈਂਗ ਨਾਲ ਜੁੜੇ ਹੋਏ ਹਨ। ਉਨ੍ਹਾਂ ਵਿੱਚੋਂ ਦੋ-ਅਰਸ਼ਜੋਤ ਸਿੰਘ ਅਤੇ ਜਸ਼ਨਜੀਤ ਸਿੰਘ ਨੂੰ ਕੱਲ੍ਹ ਗ੍ਰਿਫ਼ਤਾਰ ਕੀਤਾ ਗਿਆ ਸੀ, ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ .30 ਬੋਰ ਪਿਸਤੌਲ (ਚੰਡੀਗੜ੍ਹ ਗੋਲੀਬਾਰੀ ਵਿੱਚ ਵਰਤਿਆ ਗਿਆ) ਅਤੇ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਸਨ।ਐਸ ਐਸ ਪੀ ਹਾਂਸ ਨੇ ਅੱਗੇ ਦੱਸਿਆ ਕਿ ਤਿੰਨੋਂ ਦੋਸ਼ੀ ਆਦਤਨ ਅਪਰਾਧੀ ਹਨ ਜਿਨ੍ਹਾਂ ਦੇ ਖਿਲਾਫ ਪੰਜਾਬ ਭਰ ਵਿੱਚ ਕਈ ਅਪਰਾਧਿਕ ਮਾਮਲੇ ਦਰਜ ਹਨ।

# ਸ਼ੈਫ਼ਾਲੀ ਵਰਮਾ ਦਾ ਰੋਹਤਕ ਪਹੁੰਚਣ 'ਤੇ ਹੋਇਆ ਸ਼ਾਨਦਾਰ ਸਵਾਗਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਵਿਸ਼ਵਕੱਪ ਵਿਜੇਤਾ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਖਿਡਾਰੀ ਸ਼ੈਫ਼ਾਲੀ ਵਰਮਾ ਦਾ ਰੋਹਤਕ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਹਰਿਆਣਾ ਸਰਕਾਰ ਵੱਲੋਂ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਨ ਕੁਮਾਰ ਬੇਦੀ, ਸਾਬਕਾ ਮੰਤਰੀ ਮਨੀਸ਼ ਕੁਮਾਰ ਗ੍ਰੋਵਰ, ਡਿਪਟੀ ਕਮਿਸ਼ਨਰ ਸਚਿਨ ਗੁਪਤਾ, ਭਾਜਪਾ ਦੇ ਸੂਬਾ ਉਪ-ਪ੍ਰਧਾਨ ਸਤੀਸ਼ ਨਾਂਦਲ, ਜ਼ਿਲ੍ਹਾ ਪ੍ਰਧਾਨ ਰਣਬੀਰ ਢਾਕਾ, ਮੇਅਰ ਰਾਮ ਅਵਤਾਰ ਵਾਲਮੀਕਿ, ਸਾਬਕਾ ਮੇਅਰ ਮਨਮੋਹਨ ਗੋਇਲ ਅਤੇ ਸਬ-ਡਿਵਿਜ਼ਨਲ ਆਸ਼ੀਸ਼ ਕੁਮਾਰ, ਸਾਂਪਲਾ ਕਮੇਟੀ ਦੇ ਚੇਅਰਮੈਨ ਉਦਯਭਾਨ ਮਲਿਕ ਸਮੇਤ ਸਮਾਜ ਦੇ ਮੰਨੇ-ਪਰਮੰਨੇ ਵਿਅਕਤੀਆਂ ਨੇ ਸ਼ੈਫ਼ਾਲੀ ਵਰਮਾ ਦਾ ਫੁੱਲ-ਮਾਲਾਵਾਂ ਨਾਲ ਸ਼ਾਨਦਾਰ ਸੁਆਗਤ ਕੀਤਾ।

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਸਥਾਨਕ ਸਰਕਟ ਹਾਊਸ ਵਿੱਚ ਕ੍ਰਿਕਟ ਖਿਡਾਰੀ ਸ਼ੈਫ਼ਾਲੀ ਵਰਮਾ ਤੇ ਪਰਵਾਰ ਦਾ ਸਰਕਾਰ ਵੱਲੋਂ ਮਾਨ-ਸਨਮਾਨ ਦਾ ਪ੍ਰਤੀਕ ਪਗੜੀ ਅਤੇ ਸ਼ਾਲ ਭੇਂਟ ਕਰ ਸਵਾਗਤ ਕੀਤਾ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਕ੍ਰਿਕਟ ਖਿਡਾਰੀ ਸ਼ੈਫ਼ਾਲੀ ਵਰਮਾ ਦਾ ਪੂਰਾ ਮਾਨ-ਸਨਮਾਨ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ 12 ਨਵੰਬਰ ਨੂੰ ਸ਼ੈਫ਼ਾਲੀ ਵਰਮਾ ਨਾਲ ਮਿਲਣਗੇ। ਸ਼ੈਫ਼ਾਲੀ ਵਰਮਾ ਦੇ ਪਰਿਜਨ ਦਾਦਾ ਸੰਤਲਾਲ, ਪਿਤਾ ਸੰਜੀਵ ਵਰਮਾ, ਚਾਚਾ ਬਿੰਦਰ, ਭਾਈ ਸਾਹਿਲ ਵੀ ਮੌਜੂਦ ਰਹੇ।ਕ੍ਰਿਕੇਟ ਖਿਡਾਰੀ ਸ਼ੈਫ਼ਾਲੀ ਵਰਮਾ ਨੇ ਵਿਸ਼ਵਕਪ ਵਿੱਚ ਪ੍ਰਾਪਤ ਜਿੱਤ ਦਾ ਸਿਹਰਾ ਆਪਣੇ ਮਾਂ-ਪਿਓ ਨੂੰ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦਾ ਆਸ਼ੀਰਵਾਦ ਹਮੇਸ਼ਾ ਨਾਲ ਰਿਹਾ ਹੈ।

# ਬਾਸਕਿਟਬਾਲ ਮੁਕਾਬਲੇ 'ਚ ਸਕੂਲ ਦਾ ਪ੍ਰਦਰਸ਼ਨ ਸ਼ਾਨਦਾਰ



**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਨੇ ਸਹੋਦਿਆ ਬਾਸਕਿਟਬਾਲ ਅੰਡਰ 14 ਅਤੇ ਅੰਡਰ 17 ਪ੍ਰਤਿਯੋਗਿਤਾ ਵਿੱਚ ਹਿੱਸਾ ਲਿਆ ਅਤੇ ਕ੍ਰਮਵਾਰ ਪਹਿਲਾ ਅਤੇ ਤੀਜਾ ਸਥਾਨ ਹਾਸਿਲ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਨੇ ਦੱਸਿਆ ਕਿ ਕਪੂਰਥਲਾ ਦੇ ਨਿਊ ਈਰਾ ਪਬਲਿਕ ਸਕੂਲ ਵਿਖੇ ਸਹੋਦਿਆ ਅੰਤਰ ਸਕੂਲ ਬਾਸਕਿਟਬਾਲ ਅੰਡਰ 14 ਅਤੇ ਅੰਡਰ 17 ਲੜਕੀਆਂ ਦੀ ਪ੍ਰਤਿਯੋਗਿਤਾ ਕਰਵਾਈ ਗਈ ਜਿਸ ਵਿੱਚ ਇਲਾਕੇ ਦੇ 15 ਸਕੂਲਾਂ ਨੇ ਹਿੱਸਾ ਲਿਆ।ਪ੍ਰਤਿਯੋਗਿਤਾ ਵਿੱਚ ਸ਼ਿਰਕਤ ਕਰਦਿਆਂ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐਫ ਦੀਆਂ ਵਿਦਿਆਰਥਣਾਂ ਨੇ ਕੋਚ ਰੇਨੂ ਬਾਲਾ ਅਤੇ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ । ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਅੰਡਰ 14 ਲੜਕੀਆਂ ਨੇ ਪਹਿਲਾ ਅਤੇ ਅੰਡਰ 17 ਲੜਕੀਆਂ ਨੇ ਤੀਜਾ ਸਥਾਨ ਹਾਸਲ ਕਰਕੇ ਅਦਾਰੇ ਦਾ ਨਾਮ ਰੋਸ਼ਨ ਕੀਤਾ । ਸਕੂਲ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਜੇਤੂ ਵਿਦਿਆਰਥੀਆਂ, ਕੋਚ ਅਤੇ ਸਟਾਫ ਨੂੰ ਇਸ ਉਪਲਬਧੀ 'ਤੇ ਵਧਾਈ ਦਿੱਤੀ।

# ਲੈਕਚਰਾਰ ਦਲਜੀਤ ਕੌਰ ਨੂੰ ਮਿਲਿਆ ਵਿਸ਼ੇਸ਼ ਸਨਮਾਨ

**ਫਗਵਾੜਾ (ਡਾ. ਰਮਨ)**

ਪੰਜਾਬ ਸਕੂਲ ਸਿੱਖਿਆ ਵਿਭਾਗ ਤੇ ਸੰਸਥਾਵਾਂ ਅਧਿਆਪਕਾਂ ਦੇ ਸਰਬਪੱਖੀ ਵਿਕਾਸ ਲਈ ਮੁਕਾਬਲੇ ਕਰਵਾਉਂਦੀਆਂ ਰਹਿੰਦੀਆਂ ਹਨ। ਇਸੇ ਲੜੀ ਅਧੀਨ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਪੰਜਾਬ ਵੱਲੋਂ ਟੀਚਰ ਆਫ ਦਾ ਯੀਅਰ ਅਵਾਰਡ ਅਤੇ ਪੰਜਾਬੀ ਭਾਸ਼ਾ ਰਤਨ 2024 ਮੁਕਾਬਲੇ ਕਰਵਾਏ ਗਏ ।ਪ੍ਰਿੰਸੀਪਲ ਮੀਨੂ ਗੁਪਤਾ ਨੇ ਪ੍ਰੈੱਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਆਖਿਆ ਉਹ ਖੁਸ਼ੀ ਅਤੇ ਮਾਣ ਮਹਿਸੂਸ ਕਰਦੇ ਹਨ ਕਿ ਸਕੂਲ ਦੇ ਦਲਜੀਤ ਕੌਰ ਪੰਜਾਬੀ ਲੈਕਚਰਾਰ, ਜੋ ਕਿ ਬਹੁਤ ਵਧੀਆ ਲੇਖਕ, ਕੈਲੀਗ੍ਰਾਫ਼ਰ ਅਤੇ ਮੰਚ ਸੰਚਾਲਕ ਵੀ ਹਨ ਨੂੰ ਖ਼ਾਲਸਾ ਗਲੋਬਲ ਰੀਚ ਫਾਊਂਡੇਸ਼ਨ ਯੂ ਐੱਸ ਏ ਵੱਲੋਂ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਅੰਮ੍ਰਿਤਸਰ ਵਿਖੇ ਪੰਜਾਬੀ ਭਾਸ਼ਾ ਰਤਨ ਐਵਾਰਡ-2024 ਦੇ ਲਈ ਚੁਣੇ ਗਏ ਅਧਿਆਪਕ ਵਜੋਂ ਕੀਤੇ ਕਾਰਜਾਂ ਲਈ ਪ੍ਰਸ਼ੰਸਾ ਪੱਤਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ।ਪ੍ਰਿੰਸੀਪਲ ਨੇ ਦੱਸਿਆ ਕਿ ਇਸ ਪੰਜਾਬ ਪੱਧਰੀ ਮੁਕਾਬਲੇ ਲਈ ਪੰਜਾਬ ਵਿੱਚੋਂ ਪੰਜਾਬੀ ਭਾਸ਼ਾ ਰਤਨ ਮੁਕਾਬਲੇ ਲਈ ਸਖਤ ਇੰਟਰਵਿਊ ਤੋਂ ਬਾਅਦ 3 ਅਧਿਆਪਕਾਂ ਦੀ ਚੋਣ ਕੀਤੀ ਗਈ ।ਉਹਨਾਂ ਦੱਸਿਆ ਦਲਜੀਤ ਕੌਰ ਦੇ ਕੰਮਾਂ ਵਿੱਚ ਨਵੀਂਆ ਕਲਮਾਂ ਨਵੀਂ ਉਡਾਣ ਪੁਸਤਕਾਂ ਵਿੱਚ ਸਹਿ ਸੰਪਾਦਨ ਦੇ ਨਾਲ ਦੇ ਨਾਲ 25 ਬੱਚਿਆਂ ਦੀਆਂ ਰਚਨਾਵਾਂ ਕਿਤਾਬਾਂ ਵਿੱਚ ਸ਼ਾਮਿਲ ਹਨ। 11 ਵਿਦਿਆਰਥੀ ਵੱਖ-ਵੱਖ ਸਾਹਿਤਿਕ ਮੁਕਾਬਲਿਆਂ ਵਿੱਚ ਰਾਜ ਪੱਧਰ ਉੱਤੇ ਪ੍ਰਾਪਤੀਆਂ ਕੀਤੀਆਂ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਬਾਲ ਕਵੀ ਦਰਬਾਰ ਗਏ ਹਨ। ਬਤੌਰ ਅੱਖਰਕਾਰ, ਲੇਖਕ ,ਮੰਚ ਸੰਚਾਲਕ ਵਜੋਂ ਉਹਨਾਂ ਦੀ ਸ਼ਲਾਘਾਯੋਗ ਭੂਮਿਕਾ ਕਾਰਨ ਇਹ ਸਨਮਾਨ ਮਿਲਿਆ ।ਸਵੇਰ ਦੀ ਸਭਾ ਵਿੱਚ ਵੀ ਮੀਨੂ ਗੁਪਤਾ ਅਤੇ ਸਮੁੱਚੇ ਸਟਾਫ ਵੱਲੋਂ ਸਨਮਾਨਤ ਕੀਤਾ ਗਿਆ।




# ਕਵਿੱਤਰੀ ਰੂਪ ਕੌਰ ਕੂਨਰ ਦਾ ਪਹਿਲਾ ਸ਼ੋਅ ਆਯੋਜਿਤ

**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਐਚ ਏ ਪੀ ਮੀਡੀਆ ਦੁਆਰਾ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼, ਰਾਜਪੁਰਾ (ਨੇੜੇ ਚੰਡੀਗੜ੍ਹ) ਦੇ ਸਹਿਯੋਗ ਨਾਲ ਹੋਮਲੈਂਡ ਓਪੇਰਾ, ਸੀ ਪੀ-67, ਮੋਹਾਲੀ ਵਿਖੇ 'ਦੌਰ-ਏ-ਜ਼ਿੰਦਗੀ' ਸਿਰਲੇਖ ਵਾਲੀ ਸੰਗੀਤ ਅਤੇ ਕਵਿਤਾ ਦੀ ਇੱਕ ਮਨਮੋਹਕ ਸ਼ਾਮ ਦਾ ਆਯੋਜਨ ਕੀਤਾ ਗਿਆ।ਸ਼੍ਰੀ ਵਿਮਲ ਕੇ. ਸੇਤੀਆ (ਆਈ ਏ ਐਸ), ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦੋਂ ਕਿ ਡਾ. ਅੰਸ਼ੂ ਕਟਾਰੀਆ, ਚੇਅਰਮੈਨ, ਆਰੀਅਨਜ਼ ਗਰੁੱਪ ਆਫ਼ ਕਾਲਜਿਜ਼, ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਸਿੱਧ ਪੰਜਾਬੀ ਗਾਇਕ ਪਰਮ ਨੇ ਵੀ ਆਪਣੀ ਵਿਸ਼ੇਸ਼ ਮੌਜੂਦਗੀ ਦਰਜ ਕਰਵਾਈ, ਜਿਸ ਨਾਲ ਸ਼ਾਮ ਨੂੰ ਸੰਗੀਤਕ ਸੁਹਜ ਮਿਲਿਆ।ਇਹ ਪ੍ਰੋਗਰਾਮ ਐਚ ਏ ਪੀ ਮੀਡੀਆ ਅਤੇ ਆਰੀਅਨਜ਼ ਗਰੁੱਪ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਪ੍ਰਸਿੱਧ ਕਲਾਕਾਰ ਰੂਪ ਕੌਰ ਕੂਨਰ ਦਾ ਪਹਿਲਾ ਲਾਈਵ ਸ਼ੋਅ ਸੀ। ਰੂਪ ਕੌਰ ਕੂਨਰ ਨੇ ਆਪਣੀਆਂ ਭਾਵਪੂਰਨ ਕਵਿਤਾਵਾਂ ਅਤੇ ਸੁਰੀਲੀ ਪੇਸ਼ਕਾਰੀ ਨਾਲ ਦਰਸ਼ਕਾਂ ਨੂੰ ਮੋਹਿਤ ਕੀਤਾ, ਤਾਲ, ਭਾਵਨਾ ਅਤੇ ਕਵਿਤਾ ਨੂੰ ਇੱਕ ਅਭੁੱਲ ਅਨੁਭਵ ਵਿੱਚ ਬਦਲ ਦਿੱਤਾ।ਇਸ ਪ੍ਰੋਗਰਾਮ ਦੀ ਮੇਜ਼ਬਾਨੀ ਮਾਈ ਐੱਫ ਐੱਮ ਦੇ ਆਰ ਜੇ ਜੱਸੀ ਅਤੇ ਆਰ ਜੇ ਗੋਲਮਲ ਗਗਨ ਨੇ ਕੀਤੀ, ਜਿਨ੍ਹਾਂ ਨੇ ਪੂਰੇ ਸ਼ੋਅ ਦੌਰਾਨ ਦਰਸ਼ਕਾਂ ਨੂੰ ਰੁਝੇ ਰੱਖਿਆ ਅਤੇ ਮਨੋਰੰਜਨ ਕੀਤਾ।ਸ਼ਾਮ ਦਾ ਸਮਾਪਨ ਤਾੜੀਆਂ ਦੀ ਗੂੰਜ ਨਾਲ ਹੋਇਆ, ਕਿਉਂਕਿ ਦਰਸ਼ਕਾਂ ਨੇ ਰਚਨਾਤਮਕਤਾ, ਸੱਭਿਆਚਾਰ ਅਤੇ ਕਲਾਤਮਕ ਪ੍ਰਗਟਾਵੇ ਦਾ ਜਸ਼ਨ ਮਨਾਉਂਦੇ ਹੋਏ ਕਵਿਤਾ ਤੇ ਸੁਰ ਦੇ ਵਿਲੱਖਣ ਮਿਸ਼ਰਣ ਦੀ ਸ਼ਲਾਘਾ ਕੀਤੀ।



# ਸ੍ਰੀ ਮਧ ਭਗਵਤ ਸ੍ਰੀ ਕ੍ਰਿਸ਼ਨ ਕਥਾ ਅੱਜ ਤੋਂ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**-ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਜੀ ਮਹਾਰਾਜ ਅਤੇ ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਜੀ ਮਹਾਰਾਜ ਦੀ ਅਪਾਰ ਕਿਰਪਾ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਵੱਲੋਂ ਅੱਜ 11 ਨਵੰਬਰ ਤੋਂ 17 ਨਵੰਬਰ ਤੱਕ ਸ਼ਾਮ 7 ਵਜੇ ਤੋ 10 ਵਜੇ ਤੱਕ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖ਼ਾਸ ਵਿੱਚ ਸ੍ਰੀ ਮਧ ਭਗਵਤ ਸ੍ਰੀ ਕ੍ਰਿਸ਼ਨ ਕਥਾ ਆਯੋਜਨ ਕੀਤੀ ਜਾ ਰਹੀ ਹੈ। ਇਸ ਮੌਕੇ ਪ੍ਰਚੀਨ ਸ਼ਿਵ ਮੰਦਿਰ ਵਿੱਚ ਕਥਾ ਉਪਰੰਤ ਲੰਗਰ ਪ੍ਰਸ਼ਾਦ ਅਟੁੱਟ ਵਰਤਾਇਆ ਜਾਵੇਗਾ। ਇਸ ਮੌਕੇ ਗੁਰੂ ਨੇ ਦੱਸਿਆ ਕਿ ਕਲਯੁੱਗ ਵਿੱਚ ਹਰ ਇਨਸਾਨ ਨੂੰ ਕੀਰਤਨ/ਸਤਿਸੰਗ ਵਿੱਚ ਜ਼ਰੂਰ ਜਾਣਾ ਚਾਹੀਦਾ ਹੈ ਕਿਉਂਕਿ ਭੱਜ ਦੌੜ ਦੀ ਜ਼ਿੰਦਗੀ ਵਿੱਚ ਇਨਸਾਨ ਆਪਣੇ ਰਿਸ਼ਤੇ, ਧਾਰਮਿਕ-ਸਮਾਜਿਕ ਜ਼ਿੰਮੇਵਾਰੀਆਂ ਤੋ ਦਿਨੋ ਦਿਨ ਦੂਰ ਹੁੰਦਾ ਜਾ ਰਿਹਾ ਹੈ। ਸਾਨੂੰ ਧਾਰਮਿਕ ਕੀਰਤਨ-ਸਤਿਸੰਗ ਹੀ ਇਹੇ ਸੱਭ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਂਦੇ ਹਨ।

# ਕਾਨੂੰਨੀ ਸਹਾਇਤਾ ਕਲੀਨਿਕ ਦਾ ਅਚਨਚੇਤ ਨਿਰੀਖਣ



**ਮੋਹਾਲੀ (ਗੁਰਜੀਤ ਬਿੱਲਾ)**

ਅਤੁਲ ਕਸਾਨਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਨੇ ਜ਼ਿਲ੍ਹਾ ਸੈਨਿਕ ਬੋਰਡ, ਫੇਜ਼-10, ਮੋਹਾਲੀ ਵਿਖੇ ਸਥਾਪਿਤ ਕਾਨੂੰਨੀ ਸਹਾਇਤਾ ਕਲੀਨਿਕ ਦਾ ਅਚਨਚੇਤ ਨਿਰੀਖਣ ਕੀਤਾ।ਨਿਰੀਖਣ ਦੌਰਾਨ ਉਨ੍ਹਾਂ ਨੇ ਕਾਨੂੰਨੀ ਸਹਾਇਤਾ ਕਲੀਨਿਕ ਵਿੱਚ ਤਾਇਨਾਤ ਪੈਨਲ ਵਕੀਲ ਅਤੇ ਪੈਰਾ ਲੀਗਲ ਵਲੰਟੀਅਰ ਨਾਲ ਮੁਲਾਕਾਤ ਕੀਤੀ ਅਤੇ ਜ਼ਿਲ੍ਹਾ ਸੈਨਿਕ ਬੋਰਡ ਦੁਆਰਾ ਰੱਖੇ ਗਏ ਰਜਿਸਟਰਾਂ ਦੀ ਜਾਂਚ ਕੀਤੀ। ਸੁਰਭੀ ਪਰਾਸ਼ਰ ਨੇ ਦੱਸਿਆ ਕਿ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ (ਕਾਨੂੰਨੀ ਸੇਵਾਵਾਂ ਕਲੀਨਿਕ) ਨਿਯਮ, 2011 ਵਿੱਚ ਸ਼ਾਮਲ ਉਪਬੰਧਾਂ ਦੇ ਅਨੁਸਾਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਰਾਜ/ਜ਼ਿਲ੍ਹਾ ਰੱਖਿਆ ਭਲਾਈ ਸੇਵਾਵਾਂ ਦਫਤਰਾਂ ਵਿੱਚ ਸਥਾਪਤ ਕਾਨੂੰਨੀ ਸੇਵਾਵਾਂ ਕਲੀਨਿਕਾਂ ਦੇ ਪ੍ਰਭਾਵਸ਼ਾਲੀ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਕਾਨੂੰਨੀ ਸੇਵਾਵਾਂ ਕਲੀਨਿਕ ਕੰਮਕਾਜੀ ਦਿਨਾਂ ਦੌਰਾਨ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਕੰਮ ਕਰੇਗਾ। ਕਾਨੂੰਨੀ ਸੇਵਾਵਾਂ ਕਲੀਨਿਕ ਰੱਖਿਆ ਕਰਮਚਾਰੀਆਂ, ਉਨ੍ਹਾਂ ਦੇ ਪਰਵਾਰਾਂ ਅਤੇ ਆਸ਼ਰਿਤਾਂ ਨੂੰ ਉਨ੍ਹਾਂ ਦੀਆਂ ਕਾਨੂੰਨੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਸਿੰਗਲ ਵਿੰਡੋ ਸਹੂਲਤ ਵਾਂਗ ਕੰਮ ਕਰੇਗਾ। ਪੈਨਲ ਵਕੀਲ ਅਤੇ ਪੈਰਾ ਲੀਗਲ ਵਲੰਟੀਅਰ ਕਾਨੂੰਨੀ ਸੇਵਾ ਦੀ ਮੰਗ ਕਰਨ ਵਾਲੇ ਵਿਅਕਤੀਆਂ ਨੂੰ ਸ਼ੁਰੂਆਤੀ ਸਲਾਹ ਦੇਵੇਗਾ, ਅਜਿਹੇ ਵਿਅਕਤੀਆਂ ਨੂੰ ਪਟੀਸ਼ਨ/ਨੋਟਿਸ ਤਿਆਰ ਕਰਨ ਅਤੇ ਸਰਕਾਰੀ ਯੋਜਨਾਵਾਂ ਅਧੀਨ ਉਪਲਬਧ ਵੱਖ-ਵੱਖ ਲਾਭਾਂ ਲਈ ਅਰਜ਼ੀ ਫਾਰਮ ਭਰਨ ਵਿੱਚ ਮਦਦ ਕਰੇਗਾ। ਇਹ ਪਹਿਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਕੀਤੀ ਗਈ ਹੈ।

# ਖਾਟੂ ਸ਼ਾਮ ਦੀ ਮੂਰਤੀ ਸਥਾਪਨਾ ਅੱਜ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**-ਬ੍ਰਹਮਲੀਨ ਮਹੰਤ ਸ੍ਰੀ ਸ਼ੇਰ ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਪ੍ਰੇਮਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਗਣਪਤੀ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਪ੍ਰਯਾਗਨਾਨੰਦ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਅਤੇ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਦੇ ਆਸ਼ੀਰਵਾਦ ਨਾਲ ਤੇ ਉਹਨਾਂ ਵੱਲੋਂ ਸੈਲਾਨੀ ਮਾਤਾ ਮੰਦਿਰ ਲੋਹੀਆਂ ਖਾਸ ਵਿੱਚ ਸ਼੍ਰੀ ਖਾਟੂ ਸ਼ਾਮ ਮੂਰਤੀ ਸਥਾਪਨਾ ਅੱਜ 11 ਨਵੰਬਰ ਨੂੰ ਕੀਤੀ ਜਾਵੇਗੀ। ਇਸ ਮੌਕੇ ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦਾ ਹਾਰਦਿਕ ਸਵਾਗਤ ਕੀਤਾ ਜਾਵੇਗਾ। ਇਸ ਮੌਕੇ ਸਵੇਰੇ 11:30 ਵੱਜੇ ਕਲਸ਼ ਯਾਤਰਾ ਤੇ ਸ਼ੋਭਾ ਯਾਤਰਾ ਕੱਢੀ ਜਾਵੇਗੀ ਤੇ ਬਾਅਦ ਵਿੱਚ ਹਵਨ ਯੱਗ ਤੋਂ ਬਾਅਦ ਸ਼੍ਰੀ ਖਾਟੂ ਸ਼ਾਮ ਮੂਰਤੀ ਸਥਾਪਨਾ ਸੈਲਾਨੀ ਮਾਤਾ ਮੰਦਿਰ ਲੋਹੀਆਂ ਖਾਸ ਵਿੱਚ ਕੀਤੀ ਜਾਵੇਗੀ। ਉਪਰੰਤ ਲੰਗਰ ਪ੍ਰਸ਼ਾਦ ਅਤੁੱਟ ਵਰਤਾਇਆ ਜਾਵੇਗਾ।



# ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ 15 ਦਿਨਾਂ ਦੇ ਵਿਸ਼ੇਸ਼ ਪ੍ਰੋਗਰਾਮਾਂ ਦੀ ਸ਼ੁਰੂਆਤ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ 350ਵੇਂ ਵਰ੍ਹੇ ਦੇ ਸਬੰਧ ਵਿੱਚ, ਜੋ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ 23, 24 ਅਤੇ 25 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350 ਸਾਲ ਨੂੰ ਸਮਰਪਿਤ ਵਿਸ਼ੇਸ਼ ਗਤੀਵਿਧੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਪ੍ਰੋਗਰਾਮ ਦੇ ਅਧੀਨ ਪੀ ਐੱਮ ਸ੍ਰੀ ਸ਼ਹੀਦ ਸਿਪਾਹੀ ਪਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੌਰ, ਬਲਾਕ ਆਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ ਵਿੱਚ ਵਿਸ਼ੇਸ਼ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ।ਸਕੂਲ ਮੁਖੀ ਸਰਦਾਰ ਗੁਰਜਤਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸ਼ਹੀਦੀ ਅਤੇ ਉਪਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਗੁਰੂ ਜੀ ਦਾ ਜੀਵਨ ਸਾਨੂੰ ਧਰਮ, ਸੱਚਾਈ ਅਤੇ ਮਨੁੱਖਤਾ ਦੀ ਰਾਹ ਤੇ ਤੁਰਨ ਦੀ ਪ੍ਰੇਰਣਾ ਦਿੰਦਾ ਹੈ।ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਤੱਕ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੇ ਜੀਵਨ ਅਤੇ ਸੰਖਿਆਵਾਂ ਦਾ ਸੁਨੇਹਾ ਪਹੁੰਚਾਉਣ ਲਈ 15 ਪਾਠਾਂ ਦੀ ਸੰਖੇਪ ਸਮੱਗਰੀ ਤਿਆਰ ਕੀਤੀ ਗਈ ਹੈ, ਜਿਸ ਦੇ ਅਧੀਨ ਪੰਜਾਬ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿੱਚ 10 ਨਵੰਬਰ ਤੋਂ 27 ਨਵੰਬਰ ਤੱਕ ਵਿਭਿੰਨ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਸ਼ਡਿਊਲ ਅਨੁਸਾਰ ਪਹਿਲੇ ਵਿਸ਼ੇ ਇਸ ਪ੍ਰਕਾਰ ਹਨ: 11. ਨਵੰਬਰ: ਗੁਰੂ ਲਾਧੋ ਰੇ-ਪ੍ਰਗਟ ਹੋਈ ਗੁਰਿਆਈ, 12. ਨਵੰਬਰ: ਚੱਕ ਨਾਨਕੀ ਅਤੇ ਸ਼੍ਰੀ ਅਨੰਦਪੁਰ ਸਾਹਿਬ , 13. ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਆਦਿ ਇਸ ਤਰ੍ਹਾਂ ਹੋਰ ਵਿਸ਼ੇ 27 ਨਵੰਬਰ ਤੱਕ ਸ਼ਡਿਊਲ ਅਨੁਸਾਰ ਕਰਵਾਏ ਜਾਣਗੇ।



# 'ਇੱਕ ਸਫਰ' ਦੇ ਹੀਰੋ ਅਵਿਨਾਸ਼ ਰਾਏ ਖੰਨਾ ਨਾਲ ਰੂਬਰੂ ਕਰਵਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਇੱਥੇ ਅਲਾਇੰਸ ਕਲੱਬ ਹੁਸ਼ਿਆਰਪੁਰ ਵੱਲੋਂ ਡਾ. ਐਜਮੀਲ ਬਾਲੀ ਦੀ ਪ੍ਰਧਾਨਗੀ ਹੇਠ ਇਕ ਸਮਾਗਮ ਵਿੱਚ ਅਵਿਨਾਸ਼ ਰਾਏ ਖੰਨਾ ਬਾਰੇ ਲਿਖੀ ਗਈ ਪੁਸਤਕ 'ਇੱਕ ਸਫਰ' ਦੇ ਹੀਰੋ ਨਾਲ ਰੂਬਰੂ ਕਰਵਾਇਆ ਗਿਆ। ਇਸ ਮੌਕੇ ਅਲਾਇੰਸ ਕਲੱਬ ਦੇ ਐਡਵੋਕੇਟ ਐਸ.ਪੀ.ਰਾਣਾ, ਅਜੇ ਸ਼ਾਰਦਾ, ਐਲੀ. ਅਸ਼ੋਕ ਪੁਰੀ, ਸਰਵੇਸ ਸਰੀਨ ਅਤੇ ਅਮਰਦੀਪ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਹ ਪੁਸਤਕ 'ਇੱਕ ਸਫਰ' ਲੇਖਿਕਾ ਡਾ. ਜੋਤੀ ਵਰਮਾ ਦਾ ਇੱਕ ਸ਼ਾਸ਼ਤਕਾਰ ਹੈ, ਅਵਿਨਾਸ਼ ਰਾਏ ਖੰਨਾ ਦੇ ਰੂਬਰੂ ਪ੍ਰੋਗਰਾਮ ਦੇ ਸ਼ੁਰੂ ਵਿੱਚ ਪ੍ਰੋਗਰਾਮ ਸੰਚਾਲਕ ਅਸ਼ੋਕ ਪੁਰੀ ਨੇ ਕਿਤਾਬ ਦੀ ਲੇਖਿਕਾ, ਕਿਤਾਬ ਦੇ ਹੀਰੋ ਅਵਿਨਾਸ਼ ਰਾਏ ਖੰਨਾ ਅਤੇ ਅੱਜ ਦੇ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ। ਰੂਬਰੂ ਵਿੱਚ ਅਵਿਨਾਸ਼ ਰਾਏ ਖੰਨਾ ਨੇ ਦੱਸਿਆ ਕਿ ਉਹਨਾਂ ਆਪਣਾ ਜੀਵਨ ਇੱਕ ਮਧ ਵਰਗੀ ਪਰਵਾਰ ਤੋਂ ਸ਼ੁਰੂ ਕੀਤਾ ਅਤੇ ਆਪਣੇ ਜੀਵਨ ਅਤੇ ਸਮਾਜਿਕ ਵਰਤਾਰੇ ਵਿੱਚ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਆਪਣੇ ਯਤਨਾਂ ਨਾਲ ਹੱਲ ਕੀਤਾ। ਉਹਨਾਂ ਵਕਾਲਤ ਦੇ ਦੌਰ ਵਿੱਚ ਵੀ ਲੋਕਾਂ ਨੂੰ ਆਪਣੇ ਫਾਇਦੇ ਨੂੰ ਦੂਰ ਰੱਖ ਕੇ ਚੰਗੀਆਂ ਸਲਾਹਾਂ ਦਿੱਤੀਆਂ। ਉਹਨਾਂ ਦੱਸਿਆ ਕਿ ਵਕਾਲਤ ਦੇ ਸ਼ੁਰੂ ਦੇ ਦਿਨਾਂ ਵਿੱਚ ਉਹ ਇੱਕ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਸਨ ਅਤੇ ਉਨ੍ਹਾਂ ਉਸੇ ਸਮੇਂ ਆਪਣੇ ਬੱਚਿਆਂ ਨੂੰ ਵੀ ਚੰਗੀ ਸਿੱਖਿਆ ਉਪਲਬਧ ਕਰਵਾਈ, ਜਿਸ ਦੇ ਮੱਦੇਨਜ਼ਰ, ਉਹਨਾਂ ਦੀ ਪੁੱਤਰੀ ਪਾਇਲਟ ਅਤੇ ਬੇਟਾ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿੱਚ ਇੱਕ ਵਕੀਲ ਹੈ। ਉਹਨਾਂ ਦੱਸਿਆ ਕਿ ਉਨਾਂ ਨੂੰ ਧਾਰਮਿਕ ਸਮਾਜਿਕ ਅਤੇ ਰਾਜਨੀਤਿਕ ਕੰਮ ਕਰਕੇ ਸੰਤੁਸ਼ਟੀ ਮਿਲਦੀ ਹੈ। ਇਸ ਮੌਕੇ ਸਿੱਖਿਆ ਵਿਭਾਗ ਦੇ ਰਿਟਾਇਰਡ ਡਿਪਟੀ ਡਾਇਰੈਕਟਰ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਇਹ ਕਿਤਾਬ ਦਾ ਅਧਿਐਨ ਕਰਕੇ ਸਮਾਜ ਦੇ ਸਾਰੇ ਵਰਗਾਂ ਨੂੰ ਇੱਕ ਚੰਗੀ ਸੇਧ ਮਿਲੇਗੀ ਜਿਸ ਲਈ ਇਸ ਕਿਤਾਬ ਦੇ ਹੀਰੋ ਅਵਿਨਾਸ਼ ਰਾਏ ਖੰਨਾ, ਅਤੇ ਲੇਖਿਕਾ ਜੋਤੀ ਵਰਮਾ ਵਧਾਈ ਦੇ ਪਾਤਰ ਹਨ। ਡਾ. ਐਮ. ਜਮੀਲ ਬਾਲੀ ਨੇ ਦੱਸਿਆ ਕਿ ਇਹ ਕਿਤਾਬ ਵਿੱਚ ਲਿਖੀਆਂ ਗੱਲਾਂ ਖੰਨਾ ਜੀ ਦੇ ਜੀਵਨ ਦਾ ਸੱਚ ਹਨ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪ੍ਰੋਫੈਸਰ ਦਰਸ਼ਨ ਸ਼ਰਮਾ, ਐਡਵੋਕੇਟ ਵਿਜੇ ਸ਼ਰਮਾ, ਅਜੇ ਸ਼ਾਰਦਾ, ਜੀਤ ਸਾਜਨ ਅਤੇ ਐਡਵੋਕੇਟ ਐਸ.ਪੀ. ਰਾਣਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਅਲਾਇੰਸ ਕਲੱਬ ਵੱਲੋਂ ਡਾਕਟਰ ਅਜੇ ਸ਼ਾਰਦਾ, ਅਜੇ ਸ਼ਰਮਾ, ਸਰਵੇਸ਼ ਸਰੀਨ ਅਮਰਦੀਪ, ਦੀਵਾਨ ਸੁਰਿੰਦਰ ਪਾਲ ਦੇ ਨਾਲ ਪ੍ਰੋਗਰਾਮ ਦੇ ਮੁੱਖ ਮਹਿਮਾਨ ਅਵਿਨਾਸ਼ ਰਾਏ ਖੰਨਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਬੁੱਧੀਜੀਵੀਆਂ, ਚਿੰਤਕਾਂ ਅਤੇ ਅਲਾਇੰਸ ਕਲੱਬ ਦੇ ਮੈਂਬਰਾਂ ਨੂੰ ਖੰਨਾ ਜੀ ਨੇ ਆਪਣੀ ਕਿਤਾਬ ਨਾਲ ਸਨਮਾਨਤ ਕੀਤਾ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੌਮੀ ਲੋਕ ਅਦਾਲਤ ਸੰਬੰਧੀ ਮੀਟਿੰਗ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ ਏ ਐਸ ਨਗਰ ਦੇ ਪ੍ਰਾਪਤ ਹੁਕਮਾਂ ਤਹਿਤ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਜੀਆਂ ਦੇ ਦਿਸ਼ਾ ਨਿਰਦੇਸ਼ਾ ਤਹਿਤ ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ ਅਮਨਦੀਪ ਵੱਲੋ ਮਿਤੀ 10.11.2025 ਨੂੰ ਡਿਪਟੀ ਮੈਨੇਜਰ, ਲੀਡ ਬੈਕਂ ਮੈਨੇਜਰ, ਸ਼ਹੀਦ ਭਗਤ ਸਿੰਘ ਨਗਰ ਅਤੇ ਵੱਖ-ਵੱਖ ਬੈਕਾਂ ਦੇ ਅਧਿਕਾਰੀਆ ਨਾਲ ਜ਼ਿਲ੍ਹੇ ਵਿੱਚ ਮਿਤੀ 13.12.2025 ਨੂੰ ਲੱਗ ਰਹੀ ਕੌਮੀ ਲੋਕ ਅਦਾਲਤ ਸਬੰਧੀ ਮੀਟਿੰਗ ਕੀਤੀ ਗਈ । ਇਸ ਮੀਟਿੰਗ ਦੌਰਾਨ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ਼ਹੀਦ ਭਗਤ ਸਿੰਘ ਨਗਰ ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ. ਅਮਨਦੀਪ ਵੱਲੋਂ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ , ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲੇ ਵਿੱਚ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ ਤੇ ਆਏ ਰਾਜੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ 13.12.2025 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ । ਇਸ ਦੇ ਸਬੰਧ ਵਿੱਚ ਮੀਟਿੰਗ ਵਿੱਚ ਹਾਜ਼ਰ ਡਿਪਟੀ ਮੈਨੇਜਰ, ਲੀਡ ਬੈਂਕ ਮੈਨੇਜਰ, ਸ.ਭ.ਸ ਨਗਰ ਅਤੇ ਬੈਂਕ ਅਧਿਕਾਰੀਆ ਨੂੰ ਕਿਹਾ ਗਿਆ ਕਿ ਬੈਂਕਾਂ ਨਾਲ ਲੰਬਿਤ ਕੇਸ ਇਸ ਲੋਕ ਅਦਾਲਤ ਵਿੱਚ ਵੱਧ ਵੱਧ ਲਗਾਉਣ ਬਾਰੇ ਕਿਹਾ ਗਿਆ ਤਾਂ ਜੋ ਉਨ੍ਹਾਂ ਦਾ ਆਪਸੀ ਸਹਿਮਤੀ ਨਾਲ ਫੌਰਨ ਅਤੇ ਯੋਗ ਨਿਪਟਾਰਾ ਕੀਤਾ ਜਾ ਸਕਦਾ ਹੈ ਅਤੇ ਲੋਕ ਅਦਾਲਤ ਬਾਰੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕਤ ਕਰਨ ਬਾਰੇ ਕਿਹਾ ਗਿਆ ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਲੜੀ ਦਾ ਆਗਾਜ਼

**ਆਦਮਪੁਰ (ਪਰਮਜੀਤ ਸਿੰਘ)**

ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੈਕਚਰ/ਸੈਮੀਨਾਰ ਲੜੀ ਉਲੀਕੀ ਗਈ ਹੈ ਜੋ ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਉਲੀਕੀ ਗਈ ਹੈ। ਇਸ ਵਿੱਚ ਯੂਨੀਵਰਸਿਟੀ ਇੰਸਟੀਚਿਊਟ ਆਫ ਹਿਊਮੈਨੀਟੀਜ਼ ਅਤੇ ਸੰਤ ਬਾਬਾ ਮਲਕੀਤ ਸਿੰਘ ਯਾਦਗਾਰੀ ਚੇਅਰ ਵੱਲੋਂ ਸਾਂਝਾ ਉਦਮ ਕੀਤਾ ਗਿਆ ਹੈ।ਪਹਿਲੇ ਦਿਨ ਡਾ. ਧਰਮਜੀਤ ਸਿੰਘ ਪਰਮਾਰ ਵਾਈਸ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਨੇ ਪ੍ਰਮੁੱਖ ਵਕਤਾ ਦੇ ਤੌਰ 'ਤੇ ਆਪਣਾ ਲੈਕਚਰ ਦਿੱਤਾ। ਇਹ ਲੈਕਚਰ ਸ੍ਰੀ ਗੁਰੂ ਤੇਗ ਬਹਾਦਰ ਦੇ ਜੀਵਨ ਸ਼ਹਾਦਤ ਤੇ ਉਨਾਂ ਦੇ ਵਿਚਾਰਾਂ ਨੂੰ ਪ੍ਰਗਟਾਉਂਦਾ ਹੈ ਜਿਸ ਦਾ ਥੀਮ ਗੁਰੂ ਤੇਗ ਬਹਾਦਰ ਜੀ ਡਿਵਾਇਨ ਪਾਥ ਆਫ ਸਕਸੈਸ਼ਨ ਸੀ ਉਨਾਂ ਨੇ ਬਹੁਤ ਹੀ ਮੌਲਿਕ ਅਤੇ ਬੁਨਿਆਦੀ ਇਤਿਹਾਸਿਕ ਦਸਤਾਵੇਜਾਂ ਅਤੇ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਿਕ ਸਰੋਤਾਂ ਨੂੰ ਆਧਾਰ ਬਣਾ ਕੇ ਇਹ ਲੈਕਚਰ ਬੱਚਿਆਂ ਨੂੰ ਦਿੱਤਾ ਹੈ ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਦੇ ਜਨਮ ਤੋਂ ਲੈ ਕੇ ਉਹਨਾਂ ਦੇ ਗੁਰੂ ਗੱਦੀ ਧਾਰਨ ਕਰਨ ਤੱਕ ਦੇ ਇਤਿਹਾਸਿਕ ਸਫਰ ਨੂੰ ਬਹੁਤ ਹੀ ਬਰੀਕੀ ਅਤੇ ਗਿਆਨਮਈ ਤਰੀਕੇ ਨਾਲ ਪੇਸ਼ ਕੀਤਾ। ਡਾ. ਧਰਮਜੀਤ ਸਿੰਘ ਪਰਮਾਰ ਨੇ ਇਸ ਮਹੱਤਵਪੂਰਨ ਦਿਨ ਉੱਪਰ ਸ੍ਰੀ ਗੁਰੂ ਤੇਗ ਬਹਾਦਰ ਦੇ ਜੀਵਨ ਬਾਰੇ ਵਿਚਾਰ ਪੇਸ਼ ਕੀਤੇ। ਇਸ ਮੌਕੇ 'ਤੇ ਡਾ. ਰਜਿੰਦਰ ਕੁਮਾਰ, ਰਜਿਸਟਰਾਰ, ਡਾ. ਵਿਜੈ ਧੀਰ, ਡੀਨ ਅਕਾਦਮਿਕ, ਸ. ਰੂਪ ਸਿੰਘ ਡਿਪਟੀ ਰਜਿਸਟਰਾਰ, ਡਾ. ਅਨੀਤ ਕੁਮਾਰ,ਵੱਖ-ਵੱਖ ਵਿਭਾਗਾਂ ਦੇ ਡੀਨ, ਮੁਖੀ, ਪ੍ਰੋਫ਼ੈਸਰ ਵੀ ਹਾਜ਼ਰ ਸਨ।

